Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 18, Issue- 828, 14 to 20 Nov., 2024, Ph: 916-320-9444, E-mail: punjabmailusa@yahoo.com, Web: punjabmailusa.com

# ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਅਹਿਮ ਅਹੁਦਿਆਂ 'ਤੇ ਨਿਯੁਕਤੀਆਂ

## ■ ਟਰੰਪ ਪ੍ਰਸ਼ਾਸਨ 'ਚ ਜੇ.ਡੀ. ਵੈਂਸ ਹੋਣਗੇ ਉਪ ਰਾਸ਼ਟਰਪਤੀ; ਸੂਸੀ ਵਿਲਸ ਚੀਫ ਆਫ ਸਟਾਫ ਨਿਯੁਕਤ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**-ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਹਿਮ ਅਹੁਦਿਆਂ 'ਤੇ ਨਿਯੁਕਤੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਟਰੰਪ ਪ੍ਰਸ਼ਾਸਨ 'ਚ ਜੇ.ਡੀ. ਵੈਂਸ ਉਪ ਰਾਸ਼ਟਰਪਤੀ ਹੋਣਗੇ, ਜਦਕਿ ਸੂਸੀ ਵਿਲਸ ਚੀਫ ਆਫ ਸਟਾਫ ਨਿਯੁਕਤ ਕੀਤੀ ਗਈ ਹੈ, ਜੋ ਕਿ ਬਹੁਤ ਹੀ ਅਹਿਮ ਅਹੁਦਾ ਹੈ। ਸੂਸੀ ਵਿਲਜ਼ ਟਰੰਪ ਦੀ ਚੋਣ ਮੁਹਿਮ ਦੌਰਾਨ ਉਨ੍ਹਾਂ ਦੀ ਚੋਣ ਕੰਪੇਨ ਮੈਨੇਜਰ ਸੀ। ਇਸੇ ਤਰ੍ਹਾ ਕ੍ਰਿਸਟੀ ਨਿਓਮ ਨੂੰ ਹੋਮਲੈਂਡ ਸਕਿਓਰਿਟੀ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਟਰੰਪ ਨੇ ਸਟੀਫਨ ਮਿਲਰ ਨੂੰ ਆਪਣੇ ਨਵੇਂ ਪ੍ਰਸ਼ਾਸਨ ਵਿਚ ਉਪ ਮੁਖੀ ਨਿਯੁਕਤ ਕੀਤਾ ਹੈ। ਮਿਲਰ, ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਇਮੀਗ੍ਰੇਸ਼ਨ 'ਤੇ ਸਖ਼ਤ ਰੁਖ ਲਈ ਜਾਣੇ ਜਾਂਦੇ ਹਨ। ਨਿਊਯਾਰਕ ਦੀ ਕਾਂਗਰਸ ਮੈਂਬਰ ਐਲਸ ਸਟੈਫਨਿਕ ਨੂੰ ਸੰਯੁਕਤ ਰਾਸ਼ਟਰ 'ਚ ਅਮਰੀਕਾ ਦੀ ਅਗਲੀ ਰਾਜਦੂਤ ਬਣਾਇਆ ਗਿਆ ਹੈ। ਸਟੈਫਨਿਕ 2014 ਵਿਚ 30 ਸਾਲ ਦੀ ਉਮਰ ਵਿਚ ਕਾਂਗਰਸ ਲਈ ਚੁਣੀ ਜਾਣ ਵਾਲੀ ਸਭ ਤੋਂ ਘੱਟ ਉਮਰ ਦੀ ਔਰਤ ਬਣ ਗਈ ਸੀ।

### ਟਰੰਪ ਕੈਬਨਿਟ ਵਿਚ ਇਨ੍ਹਾਂ ਨੂੰ ਮਿਲੀ ਜਗ੍ਹਾ


ਡੋਨਾਲਡ ਟਰੰਪ (ਰਾਸ਼ਟਰਪਤੀ)


ਜੇ.ਡੀ. ਵੈਂਸ (ਉਪ ਰਾਸ਼ਟਰਪਤੀ)


ਸੂਸੀ ਵਿਲਸ (ਚੀਫ ਆਫ ਸਟਾਫ)


ਪੀਟ ਹੈਗਸੇਥ (ਰੱਖਿਆ ਮੰਤਰੀ)


ਕ੍ਰਿਸਟੀ ਨਿਓਮ (ਹੋਮਲੈਂਡ ਸਕਿਓਰਿਟੀ)


ਐਲਸ ਸਟੈਫਨਿਕ (ਯੂ.ਐੱਨ. 'ਚ ਰਾਜੂਦਤ)


ਲੀ ਗੈਲਡਿਨ (ਵਾਤਾਵਰਨ ਮੰਤਰੀ)


ਮਾਈਕ ਵਾਲਟਜ਼ (ਐੱਨ.ਐੱਸ.ਏ.)


ਮਾਰਕੋ ਰੂਬਿਓ (ਵਿਦੇਸ਼ ਮੰਤਰੀ)


ਟਾਮ ਹੋਮੈਨ (ਇਮੀਗ੍ਰੇਸ਼ਨ)


ਐਲੋਨ ਮਸਕ (ਡੀ.ਓ.ਜੀ.ਈ.)


ਵਿਵੇਕ ਰਾਮਾਸਵਾਮੀ (ਡੀ.ਓ.ਜੀ.ਈ.)


ਕਸ਼ੱਯਪ ਪਟੇਲ (ਸੀ.ਆਈ.ਏ. ਚੀਫ)


ਸਾਬਕਾ ਕਾਰਜਕਾਰੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਡਾਇਰੈਕਟਰ ਟੋਮ ਹੋਮਨ ਨੂੰ ਸਰਹੱਦੀ ਅਧਿਕਾਰੀ ਬਣਾਇਆ ਗਿਆ ਹੈ।

ਡੋਨਾਲਡ ਟਰੰਪ ਨੇ ਲੀ ਗੈਲਡਿਨ ਨੂੰ ਅਮਰੀਕੀ ਵਾਤਾਵਰਨ ਸੰਸਥਾ ਦਾ ਮੁਖੀ ਬਣਾਉਣ ਦਾ ਐਲਾਨ ਕੀਤਾ ਹੈ। ਗੈਲਡਿਨ ਇਕ ਸਾਬਕਾ ਕਾਂਗਰਸਮੈਨ ਹੈ ਅਤੇ ਟਰੰਪ ਦੇ ਵਫਾਦਾਰਾਂ ਵਿਚੋਂ ਇੱਕ ਹੈ।

ਟਰੰਪ ਸਰਕਾਰ ਵਿਚ ਉਨ੍ਹਾਂ ਦੇ ਬਹੁਤ ਨਜ਼ਦੀਕੀ ਐਲਨ ਮਸਕ ਅਤੇ ਸਾਬਕਾ ਰਾਸ਼ਟਰਪਤੀ ਉਮੀਦਵਾਰ ਵਿਵੇਕ ਰਾਮਾਸਵਾਮੀ ਨੂੰ ਬਹੁਤ ਹੀ ਅਹਿਮ ਵਿਭਾਗ ਸੌਂਪੇ ਗਏ ਹਨ। ਮਸਕ ਅਤੇ ਰਾਮਾਸਵਾਮੀ ਸਰਕਾਰੀ ਕੁਸ਼ਲਤਾ ਵਿਭਾਗ (ਡੀ.ਓ.ਜੀ.ਈ.) ਦੀ ਅਗਵਾਈ ਕਰਨਗੇ। ਇਹ ਇਕ ਨਵਾਂ ਵਿਭਾਗ ਹੈ, ਜੋ ਸਰਕਾਰ ਨੂੰ ਬਾਹਰੀ ਸਲਾਹ ਪ੍ਰਦਾਨ ਕਰੇਗਾ। ਟਰੰਪ ਨੇ ਇਕ ਬਿਆਨ ਵਿਚ ਕਿਹਾ ਕਿ ਇਹ ਵਿਭਾਗ ਅਮਰੀਕਾ ਵਿਚ ਹੋ ਰਹੀ ਫਜ਼ੂਲਖਰਚੀ ਨੂੰ ਨੱਥ ਪਾਏਗਾ, ਜਿਸ ਨਾਲ ਸਰਕਾਰੀ ਖਰਚਿਆਂ ਵਿਚ ਘੱਟੋ-ਘੱਟ 2 ਟ੍ਰਿਲੀਅਨ ਡਾਲਰ ਦੀ ਕਟੌਤੀ ਹੋ ਸਕੇਗੀ। ਇਹ ਅਹੁਦਾ 4 ਜੁਲਾਈ 2026 ਨੂੰ ਖਤਮ ਹੋ ਜਾਵੇਗਾ। ਚੋਣ ਪ੍ਰਚਾਰ ਦੌਰਾਨ ਟਰੰਪ ਨੇ ਪਹਿਲਾਂ ਹੀ ਕਿਹਾ ਸੀ ਕਿ ਜੇ ਉਹ ਰਾਸ਼ਟਰਪਤੀ ਬਣਦੇ ਹਨ, ਤਾਂ ਉਹ ਮਸਕ ਨੂੰ ਕੈਬਨਿਟ ਅਹੁਦਾ ਦੇਣਗੇ, ਜਿਸ ਨਾਲ ਅਮਰੀਕਾ ਵਿਚ ਫਜ਼ੂਲਖਰਚੀ ਬੰਦ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਮਸਕ ਨੇ ਟਰੰਪ ਦੀ ਚੋਣਾਂ 'ਚ ਆਪਣੇ ਪੱਲਿਓਂ ਵੱਡਾ ਖਰਚ ਕੀਤਾ ਸੀ। ਇਸੇ ਤਰ੍ਹਾਂ ਵਿਵੇਕ ਰਾਮਾਸਵਾਮੀ ਨੇ ਟਰੰਪ ਖਿਲਾਫ ਪਾਰਟੀ ਦੀਆਂ ਪ੍ਰਾਇਮਰੀ ਚੋਣਾਂ ਲੜੀਆਂ ਸਨ। ਪਰ ਬਾਅਦ ਵਿਚ ਉਨ੍ਹਾਂ ਨੇ ਟਰੰਪ ਦੇ ਹੱਕ ਵਿਚ ਚੋਣ ਮੈਦਾਨ ਛੱਡ ਦਿੱਤਾ ਸੀ।

### ਇਨ੍ਹਾਂ ਨੂੰ ਨਹੀਂ ਮਿਲੀ ਟਰੰਪ ਕੈਬਨਿਟ ਵਿਚ ਜਗ੍ਹਾ


ਮਾਈਕ ਪੌਂਪੀਓ


ਨਿੱਕੀ ਹੈਲੀ

■ ਬਾਕੀ ਖਬਰ ਸਫਾ 17 'ਤੇ

# ਮਸਕ ਨੇ 7 ਦਿਨਾਂ 'ਚ ਟਰੰਪ ਦੀ ਦੌਲਤ ਤੋਂ 10 ਗੁਣਾ ਵਧ ਦੌਲਤ ਕਮਾਈ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਟਰੰਪ ਦੀ ਜਿੱਤ ਤੋਂ ਪਹਿਲਾਂ ਮਸਕ ਦੀ ਕੁੱਲ ਸੰਪਤੀ 262 ਅਰਬ ਡਾਲਰ ਸੀ, ਜੋ ਮੰਗਲਵਾਰ ਨੂੰ ਵਧ ਕੇ 313.6 ਅਰਬ ਡਾਲਰ ਹੋ ਗਈ।

ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਡੋਨਾਲਡ ਟਰੰਪ ਦੀ ਜਿੱਤ ਲਈ ਆਪਣਾ ਸਭ ਕੁਝ ਦੇਣ ਵਾਲੇ ਟੇਸਲਾ ਅਤੇ ਐਕਸ ਦੇ ਸੀ.ਈ.ਓ. ਐਲੋਨ ਮਸਕ ਨੇ ਸਿਰਫ ਸੱਤ ਦਿਨਾਂ ਵਿਚ ਟਰੰਪ ਦੀ ਕੁੱਲ ਦੌਲਤ ਤੋਂ ਲਗਭਗ 10 ਗੁਣਾ ਵੱਧ ਕਮਾਈ ਕੀਤੀ। ਟਰੰਪ ਦੀ ਜਿੱਤ ਤੋਂ ਪਹਿਲਾਂ ਮਸਕ ਦੀ ਕੁੱਲ ਸੰਪਤੀ 262 ਅਰਬ ਡਾਲਰ ਯਾਨੀ 22.11



ਲੱਖ ਕਰੋੜ ਰੁਪਏ ਸੀ, ਜੋ ਮੰਗਲਵਾਰ ਨੂੰ ਵਧ ਕੇ 313.6 ਅਰਬ ਡਾਲਰ ਹੋ ਗਈ। ਟਰੰਪ ਦੀ ਜਾਇਦਾਦ ਲਗਭਗ 5.6 ਅਰਬ ਡਾਲਰ ਹੈ। ਅਮਰੀਕੀ ਰਾਸ਼ਟਰਪਤੀ ਚੋਣਾਂ ਦੇ ਨਤੀਜੇ 6 ਨਵੰਬਰ ਨੂੰ ਆਏ ਸਨ।

ਫੋਰਬਸ ਰੀਅਲ-ਟਾਈਮ ਬਿਲੀਨੇਅਰਜ਼ ਇੰਡੈਕਸ ਦੇ ਅਨੁਸਾਰ, ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ, ਮਸਕ ਦੀ ਸੰਪਤੀ 313.6 ਬਿਲੀਅਨ ਡਾਲਰ ਤੱਕ ਪਹੁੰਚ ਗਈ ਹੈ। ਟਰੰਪ ਦੀ ਜਿੱਤ ਤੋਂ ਬਾਅਦ ਮਸਕ ਦੀ ਈ.ਵੀ. ਕੰਪਨੀ ਟੇਸਲਾ ਦੇ ਸ਼ੇਅਰਾਂ 'ਚ ਜ਼ਬਰਦਸਤ ਵਾਧਾ ਹੋਇਆ ਹੈ। ਟੇਸਲਾ ਦੇ ਸਟਾਕ 'ਚ 39 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਕੰਪਨੀ ਦੀ ਮਾਰਕੀਟ ਕੈਪ ਇਕ ਟ੍ਰਿਲੀਅਨ ਡਾਲਰ ਯਾਨੀ 84.39 ਲੱਖ ਕਰੋੜ ਰੁਪਏ ਵਧ ਗਈ ਹੈ।

■ ਬਾਕੀ ਖਬਰ ਸਫਾ 17 'ਤੇ

# ਪੰਜਾਬ 'ਚ ਧੁੰਦ ਕਾਰਨ ਫਲਾਇਟਾਂ 'ਤੇ ਪਿਆ ਅਸਰ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਦੇ ਵਸਨੀਕਾਂ ਨੇ ਬੁੱਧਵਾਰ ਨੂੰ ਧੁੰਦ ਦੀ ਸੰਘਣੀ ਚਾਦਰ ਦਾ ਸਾਹਮਣਾ ਕੀਤਾ। ਇਸ ਦੌਰਾਨ ਏਅਰ ਕੁਆਲਿਟੀ ਇੰਡੈਕਸ (ਏ.ਕਿਊ.ਆਈ.) 339 ਦਰਜ ਕੀਤਾ ਗਿਆ, ਜੋ ਕਿ ਬਹੁਤ ਮਾੜੀ ਸ਼੍ਰੇਣੀ ਵਿਚ ਆਉਂਦਾ ਹੈ।

ਚੰਡੀਗੜ੍ਹ ਦੇ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਵਿਜ਼ੀਬਿਲਟੀ ਘੱਟ ਹੋਣ ਕਾਰਨ ਉਡਾਣਾਂ ਵੀ ਦੇਰੀ ਨਾਲ ਚੱਲ ਰਹੀਆਂ ਹਨ। ਸਵੇਰ ਦੀਆਂ ਸਾਰੀਆਂ ਉਡਾਣਾਂ ਦਾ ਆਗਮਨ ਅਤੇ ਰਵਾਨਗੀ ਅੱਧਾ ਘੰਟਾ ਦੇਰੀ ਨਾਲ ਰਿਹਾ ਹੈ। ਪੁਣੇ-ਚੰਡੀਗੜ੍ਹ ਫਲਾਈਟ ਵੀ ਸਮੇਂ ਤੋਂ 30 ਮਿੰਟ ਲੇਟ ਸੀ, ਹਾਲਾਂਕਿ ਹੁਣ ਤੱਕ ਕੋਈ ਵੀ ਫਲਾਈਟ ਰੱਦ ਨਹੀਂ ਹੋਈ ਹੈ। ਇਸ ਤੋਂ



ਪਹਿਲਾਂ ਮੰਗਲਵਾਰ ਰਾਤ ਕਰੀਬ 11:30 ਵਜੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਆਉਣ ਵਾਲੀ ਬੈਂਕਾਕ ਫਲਾਈਟ ਨੂੰ ਦਿੱਲੀ ਵੱਲ ਮੋੜਨਾ ਪਿਆ।

■ ਬਾਕੀ ਖਬਰ ਸਫਾ 17 'ਤੇ

# 3 ਸਾਲਾਂ 'ਚ ਅਮਰੀਕਾ 'ਚ ਸ਼ਰਣ ਮੰਗਣ ਵਾਲੇ ਭਾਰਤੀਆਂ ਦੀਆਂ ਅਰਜ਼ੀਆਂ 'ਚ 855% ਦਾ ਹੋਇਆ ਵਾਧਾ

**ਵਾਸ਼ਿੰਗਟਨ, (ਪੰਜਾਬ ਮੇਲ)**- ਸੰਯੁਕਤ ਰਾਜ ਅਮਰੀਕਾ 'ਚ ਸ਼ਰਣ ਮੰਗਣ ਵਾਲੇ ਭਾਰਤੀਆਂ ਦੀ ਸੰਖਿਆ ਵਿਚ ਪਿਛਲੇ ਤਿੰਨ ਸਾਲਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਜੋ ਕਿ ਇਹ ਦਰਸਾਉਂਦਾ ਹੈ ਕਿ ਬਹੁਤ ਸਾਰੇ ਲੋਕ ਅਜੇ ਵੀ ਅਮਰੀਕਾ ਨੂੰ ਘਰ ਵਾਪਸੀ ਦੀਆਂ ਚੁਣੌਤੀਆਂ ਦੇ ਬਾਵਜੂਦ ਮੌਕੇ ਦੇ ਸਥਾਨ ਵਜੋਂ ਦੇਖਦੇ ਹਨ।

ਯੂ.ਐੱਸ. ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਦੇ ਅੰਕੜਿਆਂ ਅਨੁਸਾਰ, ਭਾਰਤੀ ਸ਼ਰਣ ਲਈ ਅਰਜ਼ੀਆਂ 2021 ਵਿਚ 4,330 ਤੋਂ ਵੱਧ ਕੇ 2023 ਵਿਚ 41,330 ਹੋ



ਗਈਆਂ - 855% ਦਾ ਵਾਧਾ। ਭਾਰਤੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਵਿਚੋਂ ਤਕਰੀਬਨ ਅੱਧੇ ਬਿਨੈਕਾਰ ਗੁਜਰਾਤ ਦੇ ਹਨ।

2023 ਵਿਚ, ਭਾਰਤੀ ਰੱਖਿਆਤਮਕ ਪਨਾਹ (ਦੇਸ਼ ਨਿਕਾਲੇ ਤੋਂ ਸੁਰੱਖਿਆ) ਲਈ ਅਰਜ਼ੀ ਦੇਣ ਵਾਲਾ ਪੰਜਵਾਂ-ਸਭ ਤੋਂ ਵੱਡਾ ਰਾਸ਼ਟਰੀਅਤਾ

■ ਬਾਕੀ ਖਬਰ ਸਫਾ 17 'ਤੇ

# 'ਪੰਜਾਬ ਸਰਕਾਰ 15 ਦਿਨਾਂ 'ਚ ਮਿਊਂਸਿਪਲ ਚੋਣਾਂ ਨੋਟੀਫਾਈ ਕਰੇ'

## ■ ਸੁਪਰੀਮ ਕੋਰਟ ਵੱਲੋਂ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਅੱਠ ਹਫ਼ਤਿਆਂ ਅੰਦਰ ਪੂਰਾ ਅਮਲ ਨਿਬੇੜਨ ਦੇ ਹੁਕਮ

**ਨਵੀਂ ਦਿੱਲੀ, (ਪੰਜਾਬ ਮੇਲ)**- ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਤੇ ਰਾਜ ਚੋਣ ਕਮਿਸ਼ਨ ਨੂੰ ਹਦਾਇਤ ਕੀਤੀ ਹੈ ਕਿ ਉਹ ਸੂਬੇ ਵਿਚ 15 ਦਿਨਾਂ ਅੰਦਰ ਮਿਊਂਸਿਪਲ ਚੋਣਾਂ ਨੋਟੀਫਾਈ ਕਰੇ ਅਤੇ ਨੋਟੀਫਿਕੇਸ਼ਨ ਜਾਰੀ ਕੀਤੇ ਜਾਣ ਦੇ ਅੱਠ ਹਫ਼ਤਿਆਂ ਅੰਦਰ ਪੂਰਾ ਅਮਲ ਨਿਬੇੜੇ। ਜਸਟਿਸ ਸੂਰਿਆ ਕਾਂਤ ਤੇ ਜਸਟਿਸ ਉੱਜਲ ਭੂਈਆਂ ਦਾ ਬੈਂਚ ਪੰਜਾਬ ਸਰਕਾਰ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ 19 ਅਕਤੂਬਰ ਦੇ ਹੁਕਮਾਂ ਨੂੰ ਚੁਣੌਤੀ ਦਿੰਦੀ ਪਟੀਸ਼ਨ 'ਤੇ ਸੁਣਵਾਈ ਕਰ ਰਿਹਾ ਸੀ। ਹਾਈ ਕੋਰਟ ਨੇ ਸੂਬਾ ਸਰਕਾਰ ਨੂੰ ਹੱਦਬੰਦੀ ਦੇ ਕਿਸੇ ਨਵੇਂ ਅਮਲ ਤੋਂ ਬਗੈਰ 15 ਦਿਨਾਂ ਅੰਦਰ ਸਾਰੀਆਂ ਨਗਰ ਕੌਂਸਲਾਂ ਤੇ ਨਗਰ ਨਿਗਮਾਂ ਲਈ ਚੋਣ ਨੋਟੀਫਿਕੇਸ਼ਨ ਜਾਰੀ ਕਰਨ ਦੇ ਹੁਕਮ ਦਿੱਤੇ ਸਨ। ਸੁਪਰੀਮ ਕੋਰਟ ਦੇ ਬੈਂਚ ਨੇ ਹਾਲਾਂਕਿ ਹੁਕਮਾਂ ਵਿਚ ਅੰਸ਼ਕ ਸੋਧ ਕਰ ਦਿੱਤੀ ਹੈ।

■ ਬਾਕੀ ਖਬਰ ਸਫਾ 17 'ਤੇ

# ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ ਪੁਰਬ ਮਨਾਉਣ ਲਈ 14 ਨਵੰਬਰ ਨੂੰ ਪਾਕਿਸਤਾਨ ਜਾਵੇਗਾ ਜਥਾ



**ਅੰਮ੍ਰਿਤਸਰ, (ਪੰਜਾਬ ਮੇਲ)**- ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਜਾਣ ਵਾਲੇ ਜਥੇ ਲਈ 763 ਸ਼ਰਧਾਲੂਆਂ ਨੂੰ ਵੀਜ਼ੇ ਪ੍ਰਾਪਤ ਹੋਏ ਹਨ, ਜਿਨ੍ਹਾਂ ਨੂੰ ਭਲਕੇ 14 ਨਵੰਬਰ ਨੂੰ ਪਾਕਿਸਤਾਨ ਲਈ ਰਵਾਨਾ ਕੀਤਾ ਜਾਵੇਗਾ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਸੇ ਦੌਰਾਨ ਸ਼ਰਧਾਲੂਆਂ ਨੇ ਆਪਣੇ ਵੀਜ਼ਾ ਲੱਗੇ ਪਾਸਪੋਰਟ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਪ੍ਰਾਪਤ ਕੀਤੇ। ਪਾਸਪੋਰਟ ਵੰਡਣ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ

■ ਬਾਕੀ ਖਬਰ ਸਫਾ 17 'ਤੇ

# ਹਰਿਆਣਾ ਐਸੋਸੀਏਸ਼ਨ ਵੱਲੋਂ ਹਰਿਆਣਾ ਦਿਵਸ ਮਨਾਇਆ ਗਿਆ

**ਸੈਕਰਾਮੈਂਟੋ, (ਪੰਜਾਬ ਮੇਲ)**-ਹਰਿਆਣਾ ਦਿਵਸ ਦੇ ਹੋਂਦ 'ਚ ਆਉਣ 'ਤੇ ਹਰਿਆਣਾ-ਅਮਰੀਕਨ ਐਸੋਸੀਏਸ਼ਨ ਵੱਲੋਂ ਲਿੰਕਨ, ਸੈਕਰਾਮੈਂਟੋ ਵਿਖੇ ਹਰਿਆਣਾ ਦਿਵਸ ਦਾ ਆਯੋਜਨ ਕੀਤਾ ਗਿਆ। ਇਹ ਆਯੋਜਨ ਉੱਘੇ ਬਿਜ਼ਨਸਮੈਨ ਮੁਹੱਬਤਪਾਲ ਸਿੰਘ ਕੈਲੇ ਅਤੇ ਸੁਖਰਾਜ ਸਿੰਘ ਕੰਗ ਵੱਲੋਂ ਕੀਤਾ ਗਿਆ। ਇਨ੍ਹਾਂ ਦੇ ਫਾਰਮ ਹਾਊਸ ਵਿਖੇ ਹੋਏ ਇਸ ਸਮਾਗਮ ਵਿਚ ਕੈਲੀਫੋਰਨੀਆ ਭਰ ਤੋਂ ਹਰਿਆਣਾ ਰਾਜ ਨਾਲ ਸੰਬੰਧਤ ਲੋਕਾਂ ਨੇ ਭਾਰੀ ਗਿਣਤੀ ਵਿਚ ਸ਼ਿਰਕਤ ਕੀਤੀ। ਇਸ ਮੌਕੇ ਹਰਿਆਣਾ ਦਿਵਸ ਦੀਆਂ ਇੱਕ ਦੂਜੇ ਨੂੰ ਵਧਾਈਆਂ ਦਿੱਤੀਆਂ ਗਈਆਂ। ਇਸ ਦੌਰਾਨ ਆਤਿਸ਼ਬਾਜ਼ੀ ਵੀ ਕੀਤੀ ਗਈ।







ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਮੇਰ ਸਿੰਘ ਰਾਣਾ, ਗੁਰਜਤਿੰਦਰ ਸਿੰਘ ਰੰਧਾਵਾ, ਬ੍ਰਿਜ ਭੂਸ਼ਨ ਮਿੱਡਾ, ਅਜਮੇਰ ਸਿੰਘ ਗਿੱਲ, ਪਿਆਰਾ ਸਿੰਘ ਸਰਾਂ, ਸ਼ਰਨਜੀਤ ਸਿੰਘ ਸਰਾਂ, ਅਮਰ ਸਿੰਘ ਸਰਾਂ, ਰਜਿੰਦਰ ਸਿੰਘ ਰੰਧਾਵਾ, ਗੁਰਬਚਨ ਸਿੰਘ ਕਾਹਲੋਂ, ਮੁਖਤਾਰ ਸਿੰਘ, ਗੁਰਜੀਤ ਸਿੰਘ ਮੂਸਾਪੁਰ, ਕੁਲਬੀਰ ਸਿੰਘ ਵਿਰਕ, ਪ੍ਰਿਤਪਾਲ ਸਿੰਘ ਰੰਧਾਵਾ, ਕੁਲਬੀਰ ਸਿੰਘ ਸਰਾਂ, ਜਸਬੀਰ ਸਿੰਘ ਭੁੱਲਰ, ਹਰਭਜਨ ਸਿੰਘ ਰੰਧਾਵਾ, ਰਜਿੰਦਰ ਸਿੰਘ ਤੂਰ, ਸੁਖਵਿੰਦਰ ਸਿੰਘ ਇਆਲਕੀ, ਰਜਿੰਦਰ ਸਿੰਘ, ਗੁਰਦਰਸ਼ਨ ਸਿੰਘ, ਹਰਦੇਵ ਸਿੰਘ, ਭੁਪਿੰਦਰ ਸਿੰਘ ਰੰਧਾਵਾ, ਪ੍ਰਦੀਪ ਬਾਜਵਾ, ਗੁਰਜੀਤ ਸਿੰਘ, ਸੁਖਵਿੰਦਰ ਸਿੰਘ ਭੰਗੂ, ਪ੍ਰਿਤਪਾਲ ਸਿੰਘ ਰੰਧਾਵਾ, ਗੁਰਬੀਰ ਸਿੰਘ ਰੰਧਾਵਾ, ਇੰਦਰਜੀਤ ਸਿੰਘ ਚੱਠਾ, ਹਰਿੰਦਰ ਸਿੰਘ ਚੀਮਾ, ਮਨਜੀਤ ਸਿੰਘ ਗਰੇਵਾਲ, ਜੋਗਾ ਸਿੰਘ, ਉਮਰਾਵ ਸਿੰਘ ਵਿਰਕ, ਲੱਕੀ ਮਹਿਤਾ, ਹਰੀਸ਼ ਮਦਾਨ, ਮੇਹਰਬਾਨ ਸਿੰਘ, ਤੇਜਪਾਲ ਸਿੰਘ ਮਾਨ, ਕੁਲਬੀਰ ਸਿੰਘ ਸੰਧੂ, ਗੁਰਨਾਮ ਸਿੰਘ, ਗੋਗੀ ਪੂਰੇਵਾਲ, ਇਸ਼ਕਦੀਪ ਸਿੰਘ ਕੈਲੇ, ਸੁਲਤਾਨ ਸਿੰਘ ਔਲਖ ਵੀ ਹਾਜ਼ਰ ਸਨ।


ਇਸ ਦੌਰਾਨ ਖਾਣ-ਪੀਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਮੁਹੱਬਤਪਾਲ ਸਿੰਘ ਕੈਲੇ ਨੇ ਸਮੂਹ ਆਏ ਹੋਏ ਮਹਿਮਾਨਾਂ ਦਾ ਤਹਿਦਿਲੋਂ ਧੰਨਵਾਦ ਕੀਤਾ। ਕੁੱਲ ਮਿਲਾ ਕੇ ਇਹ ਸਮਾਗਮ ਕਾਮਯਾਬ ਰਿਹਾ।

ਜ਼ਿਕਰਯੋਗ ਹੈ ਕਿ ਹਰਿਆਣਾ-ਅਮਰੀਕਨ ਐਸੋਸੀਏਸ਼ਨ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਹਰਿਆਣਾ ਦਿਵਸ ਮਨਾਇਆ ਜਾਂਦਾ ਹੈ, ਜਿੱਥੇ ਕੈਲੀਫੋਰਨੀਆ ਵਿਚ ਰਹਿੰਦੇ ਹਰਿਆਣਾ ਨਿਵਾਸੀ ਇਸ ਦਿਨ ਦੀਆਂ ਖੁਸ਼ੀਆਂ ਇਕ ਦੂਜੇ ਨਾਲ ਸਾਂਝੀਆਂ ਕਰਦੇ ਹਨ।



# ਫਰਿਜ਼ਨੋ ਦੇ ਭੁਲਿੱਟ ਟਰਮੀਨਲ ਤੋਂ ਪੰਜਾਬੀਆਂ ਦੇ ਚੋਰੀ ਹੋਏ ਤਿੰਨ ਲੋਡ

## ■ ਚੋਰੀ ਕਰਨ ਵਾਲੇ ਵੀ ਪੰਜਾਬੀ







**ਫਰਿਜ਼ਨੋ, (ਪੰਜਾਬ ਮੇਲ)-** ਫਰਿਜ਼ਨੋ ਦੇ ਭੁਲਿੱਟ ਟਰੱਕ ਟਰਮੀਨਲ ਤੋਂ ਫ਼ਤਿਹ ਕੈਰੀਅਰ ਦੇ ਇੱਕੋ ਰਾਤ ਵਿਚ ਤਿੰਨ ਮਹਿੰਗੇ ਲੋਡ ਚੋਰੀ ਹੋ ਗਏ। ਇਹ ਯਾਰਡ 2778 **S willow Ave Fresno** ਵਿਖੇ ਸਥਿਤ ਹੈ। ਇੱਥੇ ਤਕਰੀਬਨ 100 ਟਰੱਕਾਂ ਦੀ ਪਾਰਕਿੰਗ ਬਣੀ ਹੋਈ ਹੈ। ਇਨ੍ਹਾਂ ਵਿਚੋਂ 25 ਟਰੱਕਾਂ ਦੀ ਪਾਰਕਿੰਗ ਫ਼ਤਿਹ ਕੈਰੀਅਰ ਵੱਲੋਂ ਕਿਰਾਏ 'ਤੇ ਲਈ ਗਈ ਹੈ। ਫ਼ਤਿਹ ਕੈਰੀਅਰ ਦਾ ਪਹਿਲਾ ਲੋਡ 13 ਅਕਤੂਬਰ ਨੂੰ ਚੋਰੀ ਹੋਇਆ ਸੀ, ਉਸ ਉਪਰੰਤ ਇਨ੍ਹਾਂ ਨੇ ਦੋ ਸਕਿਓਰਟੀ ਗਾਰਡ ਹਾਇਰ ਕੀਤੇ, ਕੈਮਰੇ ਵਗੈਰਾ ਲੱਗੇ ਹੋਏ ਨੇ। ਗੇਟ ਅੰਦਰ ਵੜਨ ਲਈ ਗੇਟ ਕੋਡ ਵਰਤਣੇ ਪੈਂਦੇ ਨੇ। ਲੰਘੇ ਹਫ਼ਤੇ ਇਸੇ ਯਾਰਡ ਦੇ ਵਿਚ ਤਿੰਨ ਸ਼ੱਕੀ ਪੰਜਾਬੀ ਮੁੰਡੇ, ਉਮਰ 25 ਤੋਂ 30 ਸਾਲ ਕਾਲੇ ਪਿੱਕਅੱਪ ਅਤੇ ਨੀਲੇ ਰੰਗ ਦੇ ਬਾਬਟੇਲ ਟਰੱਕ ਨਾਲ ਯਾਰਡ ਵਿਚ ਵੇਖੇ ਗਏ। ਜਦੋਂ ਇਨ੍ਹਾਂ ਨਾਲ ਗੱਲਬਾਤ ਕੀਤੀ ਗਈ, ਤਾਂ ਇਨ੍ਹਾਂ ਨੇ ਦੱਸਿਆ ਕਿ ਅਸੀਂ ਵੀ ਇੱਥੇ ਪਾਰਕਿੰਗ ਕਿਰਾਏ 'ਤੇ ਲਈ ਹੋਈ ਹੈ। ਉਪਰੰਤ ਯਾਰਡ ਦੇ ਮਾਲਕ ਅਵਤਾਰ ਸਿੰਘ ਨੇ ਇਸ ਗੱਲ ਨੂੰ ਤਸਦੀਕ ਵੀ ਕੀਤਾ। ਫੇਰ ਇਹ ਬੰਦੇ ਦੋ ਹੋਰ ਟਰੱਕਾਂ ਨਾਲ ਯਾਰਡ ਵਿਚ ਪਹੁੰਚੇ ਅਤੇ ਫ਼ਤਿਹ ਕੈਰੀਅਰ ਦੇ ਤਿੰਨ ਲੋਡਡ ਟ੍ਰੇਲਰ ਹੁੱਕ ਕਰਕੇ ਸ਼ਰੇਆਮ ਕੋਡ ਨੱਪਕੇ ਯਾਰਡ ਤੋਂ ਲੋਡਾਂ ਸਮੇਤ ਰਫ਼ੂ ਚੱਕਰ ਹੋ ਗਏ, ਤੇ ਗਾਰਡ ਘੁਰਾੜੇ ਮਾਰਦੇ ਰਹਿ ਗਏ। ਕੁਝ ਦੇਰ ਬਾਅਦ ਇਹ ਫਿਰ ਯਾਰਡ ਵਿਚ ਪਰਤੇ ਅਤੇ ਕੁਝ ਹੋਰ ਟ੍ਰੇਲਰਾਂ ਨੂੰ ਹੁੱਕ ਅੱਪ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ, ਕਿਉਂਕਿ ਟ੍ਰੇਲਰਾਂ ਨੂੰ ਕਿੰਗ ਪਿੰਨ ਲਾਕ ਲੱਗੇ ਹੋਏ ਸਨ। ਖੜਕਾ ਸੁਣਕੇ ਮੈਕਸੀਕਨ ਮੂਲ ਦਾ ਗਾਰਡ ਆਇਆ, ਤਾਂ ਇਹ ਕੋਈ ਤਸੱਲੀਬਖਸ਼ ਜਵਾਬ ਨਹੀਂ ਦੇ ਸਕੇ। ਫੇਰ ਸਕਿਓਰਿਟੀ ਗਾਰਡ ਨੇ ਫ਼ਤਿਹ ਕੈਰੀਅਰ ਦੇ ਮਾਲਕ ਗੁਰਮਨਸ਼ੇਰ ਸਿੰਘ ਨੂੰ ਕਾਲ ਕਰਕੇ ਯਾਰਡ ਵਿਚ ਬੁਲਾਇਆ ਗਿਆ। ਉਨ੍ਹਾਂ ਸ਼ੈਰਿਫ਼ ਡਿਪਾਰਟਮੈਂਟ ਨੂੰ ਕਾਲ ਕਰਕੇ ਸਾਰੀ ਗੱਲ ਦੱਸੀ। ਚੋਰੀ ਹੋਏ ਟ੍ਰੇਲਰਾਂ 'ਤੇ ਜੀ.ਪੀ.ਐੱਸ. ਟ੍ਰੈਕਰ ਲੱਗੇ ਹੋਏ ਸੀ। ਪੁਲਿਸ ਨੇ ਕਾਰਵਾਈ ਕੀਤੀ ਪਰ ਮਹਿਜ਼ 40 ਮਿੰਟ ਅੰਦਰ ਟ੍ਰੇਲਰਾਂ ਵਿਚਲੇ ਲੋਡ ਚੋਰੀ ਹੋ ਚੁੱਕੇ ਸਨ, ਤੇ ਪੁਲਿਸ ਦੇ ਹੱਥ ਸਿਰਫ ਖਾਲੀ ਟ੍ਰੇਲਰ ਹੀ ਲੱਗੇ। ਸੀ.ਸੀ.ਟੀ.ਵੀ. ਫੁਟੇਜ ਵਿਚ ਇਨ੍ਹਾਂ ਪੰਜਾਬੀ ਚੋਰਾਂ ਦੇ ਚਿਹਰੇ ਸਾਫ਼ ਵਿਖਾਈ ਦੇ ਰਹੇ ਹਨ। ਇਹ ਐਨੇਂ ਬੇਖੌਫ਼ ਪੰਜਾਬੀ ਚੋਰ ਹਨ ਕਿ ਇਨ੍ਹਾਂ ਆਪਣੇ ਚਿਹਰੇ ਵੀ ਨਹੀਂ ਢਕੇ। ਫ਼ਤਿਹ ਕੈਰੀਅਰ ਵੱਲੋਂ ਚੋਰਾਂ ਦੀ ਜਾਣਕਾਰੀ ਦੇਣ ਵਾਲਿਆਂ ਲਈ 20 ਹਜ਼ਾਰ ਡਾਲਰ ਦਾ ਇਨਾਮ ਵੀ ਰੱਖਿਆ ਗਿਆ ਹੈ। ਕੰਪਨੀ ਦੇ ਮਾਲਕ ਗੁਰਮਨਸ਼ੇਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਤਕਰੀਬਨ 7 ਲੱਖ ਡਾਲਰ ਤੋਂ ਉੱਪਰ ਦਾ ਨੁਕਸਾਨ ਇਸ ਚੋਰੀ ਦੌਰਾਨ ਹੋਇਆ।

# ਗੈਰ-ਕਾਨੂੰਨੀ ਸ਼ਰਨਾਰਥੀਆਂ ਨੂੰ ਵਾਪਸ ਭੇਜਾਂਗੇ : ਵਿਵੇਕ ਰਾਮਾਸਵਾਮੀ



**ਵਾਸ਼ਿੰਗਟਨ, (ਪੰਜਾਬ ਮੇਲ)-** ਡੋਨਾਲਡ ਟਰੰਪ ਦੇ ਚੋਟੀ ਦੇ ਭਾਰਤੀ-ਅਮਰੀਕੀ ਸਹਿਯੋਗੀ ਵਿਵੇਕ ਰਾਮਾਸਵਾਮੀ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜਣ ਦੀ ਯੋਜਨਾ ਦਾ ਸਮਰਥਨ ਕੀਤਾ ਅਤੇ ਕਿਹਾ ਕਿ ਦੇਸ਼ ਦੀ ਕਾਨੂੰਨੀ ਇਮੀਗ੍ਰੇਸ਼ਨ ਪ੍ਰਣਾਲੀ "ਟੁੱਟ ਗਈ" ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਦਾਖ਼ਲ ਹੋਣ ਸਮੇਂ ਕਾਨੂੰਨ ਤੋੜਨ ਵਾਲੇ ਲੋਕਾਂ ਨੂੰ ਇੱਥੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ ਅਤੇ ਉਨ੍ਹਾਂ ਨੂੰ ਵਾਪਸ ਆਪਣੇ ਦੇਸ਼ ਜਾਣਾ ਪਵੇਗਾ। ਉੱਦਮੀ ਤੋਂ ਸਿਆਸਤਦਾਨ ਬਣੇ ਰਾਮਾਸਵਾਮੀ ਨੇ ਏ.ਬੀ.ਸੀ. ਨਿਊਜ਼ ਨਾਲ ਇੱਕ ਇੰਟਰਵਿਊ ਵਿਚ ਕਿਹਾ, "ਕੀ ਸਾਡੇ ਕੋਲ ਇੱਕ ਟੁੱਟੀ ਹੋਈ ਕਾਨੂੰਨੀ ਇਮੀਗ੍ਰੇਸ਼ਨ ਪ੍ਰਣਾਲੀ ਹੈ। ਉਨ੍ਹਾਂ ਕਿਹਾ ਮੈਨੂੰ ਲੱਗਦਾ ਹੈ ਕਿ ਪਹਿਲਾ ਕਦਮ ਅਮਨ-ਕਾਨੂੰਨ ਦੀ ਬਹਾਲੀ ਲਈ ਹੋਵੇਗਾ, ਇਸ ਨੂੰ ਬਹੁਤ ਹੀ ਵਿਵਹਾਰਕ ਢੰਗ ਨਾਲ ਕਰਨਾ ਹੋਵੇਗਾ।"

ਉਨ੍ਹਾਂ ਕਿਹਾ, "ਪਿਛਲੇ ਕੁਝ ਸਾਲਾਂ 'ਚ ਆਏ ਲੋਕਾਂ ਨੇ ਦੇਸ਼ 'ਚ ਜੜ੍ਹਾਂ ਨਹੀਂ ਜਮਾਈਆਂ ਹਨ। ਜਿਨ੍ਹਾਂ ਨੇ ਅਪਰਾਧ ਕੀਤੇ ਹਨ, ਉਨ੍ਹਾਂ ਨੂੰ ਇਸ ਦੇਸ਼ ਤੋਂ ਬਾਹਰ ਜਾਣਾ ਚਾਹੀਦਾ ਹੈ। ਇਹ ਆਪਣੇ ਆਪ ਵਿਚ ਸਭ ਤੋਂ ਵੱਡੀ ਜਨਤਕ ਹਵਾਲਗੀ ਹੋਵੇਗੀ। ਇਸ ਦੇ ਨਾਲ ਹੀ ਸਾਰੇ ਗੈਰ-ਕਾਨੂੰਨੀ ਸ਼ਰਨਾਰਥੀਆਂ ਲਈ ਸਰਕਾਰੀ ਸਹਾਇਤਾ ਬੰਦ ਕਰ ਦਿੱਤੀ ਜਾਵੇਗੀ।" ਵਿਵੇਕ ਰਾਮਾਸਵਾਮੀ ਨੇ ਕਿਹਾ, "ਤੁਸੀਂ ਦੇਖੋਗੇ ਕਿ ਰਾਸ਼ਟਰਪਤੀ ਚੋਣਾਂ 'ਚ ਟਰੰਪ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਕਾਨੂੰਨ ਤੋੜਨ ਵਾਲੇ ਲੋਕ ਖੁਦ ਦੇਸ਼ ਛੱਡ ਕੇ ਚਲੇ ਜਾਣਗੇ।"

ਉਨ੍ਹਾਂ ਦੱਸਿਆ ਕਿ ਉਹ ਪ੍ਰਸ਼ਾਸਨ ਵਿਚ ਆਪਣੀ ਭਵਿੱਖੀ ਭੂਮਿਕਾ ਨੂੰ ਲੈ ਕੇ ਉੱਚ ਪੱਧਰ 'ਤੇ ਗੱਲਬਾਤ ਕਰ ਰਹੇ ਹਨ। ਰਿਪਬਲਿਕਨ ਪਾਰਟੀ ਦੀਆਂ ਪ੍ਰਾਇਮਰੀ ਚੋਣਾਂ 'ਚ ਟਰੰਪ ਦੇ ਵਿਰੋਧੀ ਰਹੇ ਰਾਮਾਸਵਾਮੀ ਹੁਣ ਉਨ੍ਹਾਂ ਦੇ ਕੱਟੜ ਸਮਰਥਕ ਅਤੇ ਵਿਸ਼ਵਾਸਪਾਤਰ ਦੇ ਰੂਪ 'ਚ ਸਾਹਮਣੇ ਆਏ ਹਨ। ਰਾਮਾਸਵਾਮੀ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਟਰੰਪ ਦੇਸ਼ ਨੂੰ ਇਕਜੁੱਟ ਕਰਨ ਬਾਰੇ ਸੋਚਦੇ ਹਨ। ਮੈਨੂੰ ਲੱਗਦਾ ਹੈ ਕਿ ਇਹ ਡੋਨਾਲਡ ਟਰੰਪ ਦਾ ਮੁੱਖ ਉਦੇਸ਼ ਹੈ। ਉਸ ਨੇ ਪਹਿਲੇ ਕਾਰਜਕਾਲ ਤੋਂ ਵੀ ਬਹੁਤ ਕੁਝ ਸਿੱਖਿਆ ਹੈ ਅਤੇ ਮੈਨੂੰ ਲੱਗਦਾ ਹੈ ਕਿ ਉਹ ਦੂਜੇ ਕਾਰਜਕਾਲ ਵਿਚ ਕੁਝ ਅਜਿਹੀਆਂ ਗੱਲਾਂ ਨੂੰ ਨਵੀਆਂ ਬੁਲੰਦੀਆਂ 'ਤੇ ਲਿਜਾਣ ਜਾ ਰਿਹਾ ਹੈ, ਜੋ ਉਹ ਪਹਿਲੇ ਕਾਰਜਕਾਲ ਵਿਚ ਹਾਸਲ ਨਹੀਂ ਕਰ ਸਕਿਆ, ਜੋ ਕਿ ਮੇਰੇ ਖਿਆਲ ਵਿਚ ਇੱਕ ਚੰਗੀ ਗੱਲ ਹੋਵੇਗੀ।"


Global Allianz
LAW FIRM LLP
ਕਾਨੂੰਨੀ ਸਲਾਹਾਂ
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188
Designed By Punjab Mail USA

# '30 ਦਿਨਾਂ 'ਚ ਰਾਸ਼ਟਰਪਤੀ ਬਾਇਡਨ ਅਹੁਦੇ ਤੋਂ ਦੇ ਸਕਦੇ ਨੇ ਅਸਤੀਫ਼ਾ'



**ਵਾਸ਼ਿੰਗਟਨ, (ਪੰਜਾਬ ਮੇਲ)-** ਸਾਬਕਾ ਸੰਚਾਰ ਨਿਰਦੇਸ਼ਕ ਨੇ ਕਿਹਾ, ਬਾਇਡਨ ਅਗਲੇ 30 ਦਿਨਾਂ ਵਿਚ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਸਕਦੇ ਹਨ, ਜਿਸ ਤੋਂ ਬਾਅਦ ਕਮਲਾ ਹੈਰਿਸ ਨੂੰ ਅਮਰੀਕਾ ਦਾ ਰਾਸ਼ਟਰਪਤੀ ਬਣਾਇਆ ਜਾ ਸਕਦਾ ਹੈ। ਉਸ ਨੇ ਅੱਗੇ ਕਿਹਾ, 'ਇਸ ਨਾਲ ਉਹ 6 ਜਨਵਰੀ ਨੂੰ ਆਪਣੀ ਹਾਰ ਤੋਂ ਬਾਅਦ ਹੋ ਰਹੀਆਂ ਤਬਦੀਲੀਆਂ ਦੀ ਨਿਗਰਾਨੀ ਕਰਨ ਤੋਂ ਮੁਕਤ ਹੋ ਜਾਵੇਗਾ। ਇਸ ਨੂੰ ਯਕੀਨੀ ਬਣਾਵੇਗਾ ਕਿ ਇਹ ਖ਼ਬਰਾਂ 'ਤੇ ਹਾਵੀ ਹੈ, ਇੱਕ ਬਿੰਦੂ ਤੱਕ ਜਿੱਥੇ ਡੈਮੋਕ੍ਰੇਟਸ ਨੂੰ ਡਰਾਮਾ ਤੇ ਪਾਰਦਰਸ਼ਤਾ ਸਿੱਖਣੀ ਪਵੇਗੀ। ਉਹ ਚੀਜ਼ਾਂ ਕਰਨੀਆਂ ਪੈਣਗੀਆਂ, ਜੋ ਜਨਤਾ ਦੇਖਣਾ ਚਾਹੁੰਦੀ ਹੈ। ਇਹ ਸਾਨੂੰ ਡੈਮੋਕ੍ਰੇਟਸ ਦੇ ਕੰਮ ਕਰਨ ਦੇ ਤਰੀਕੇ ਬਾਰੇ ਇੱਕ ਸੰਪੂਰਨ ਦ੍ਰਿਸ਼ਟੀਕੋਣ ਦਿੰਦਾ ਹੈ।'

ਨਿਰਦੇਸ਼ਕ ਨੇ ਅੱਗੇ ਕਿਹਾ, ਇਹ ਉਹ ਚੀਜ਼ ਹੈ, ਜੋ ਇਸ ਸਮੇਂ ਜੋਅ ਬਾਇਡਨ ਦੇ ਨਿਯੰਤਰਣ ਵਿਚ ਹੈ। ਜੇ ਉਸਨੇ ਅਜਿਹਾ ਕੀਤਾ ਤਾਂ ਇਹ ਆਖਰੀ ਵਾਅਦਾ ਬਾਇਡਨ ਪੂਰਾ ਕਰੇਗਾ ਤੇ ਕਮਲਾ ਹੈਰਿਸ ਨੂੰ ਸੰਯੁਕਤ ਰਾਜ ਦਾ 47ਵਾਂ ਰਾਸ਼ਟਰਪਤੀ ਬਣਨ ਦਾ ਮੌਕਾ ਦੇਵੇਗਾ। ਉਸ ਨੂੰ ਹਰ ਚੀਜ਼ ਨੂੰ ਦੁਬਾਰਾ ਬ੍ਰਾਂਡ ਕਰਨਾ ਹੋਵੇਗਾ।

ਕਮਲਾ ਹੈਰਿਸ ਦਾ ਸਮਰਥਨ ਕਰਨ ਵਾਲੇ ਲੋਕ ਅਮਰੀਕਾ 'ਚ ਰਾਸ਼ਟਰਪਤੀ ਚੋਣ ਹਾਰਨ ਤੋਂ ਬਾਅਦ ਕਾਫ਼ੀ ਨਿਰਾਸ਼ ਹਨ। ਉਨ੍ਹਾਂ ਕਿਹਾ ਕਿ ਬਾਇਡਨ ਨੂੰ ਅਸਤੀਫ਼ਾ ਦੇ ਕੇ ਕਮਲਾ ਹੈਰਿਸ ਨੂੰ ਦੇਸ਼ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਬਣਾਉਣਾ ਚਾਹੀਦਾ ਹੈ। ਹਾਲਾਂਕਿ ਇਹ ਕਾਰਜਕਾਲ ਥੋੜ੍ਹੇ ਸਮੇਂ ਲਈ ਹੀ ਹੋਵੇਗਾ।

# ਟਰੰਪ ਵੱਲੋਂ ਮਾਈਕ ਪੌਂਪੀਓ ਤੇ ਨਿੱਕੀ ਹੇਲੀ ਨੂੰ ਕੈਬਨਿਟ 'ਚ ਸ਼ਾਮਲ ਕਰਨ ਤੋਂ ਨਾਂਹ

**ਵਾਸ਼ਿੰਗਟਨ, (ਪੰਜਾਬ ਮੇਲ)-** ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੀ ਪਿਛਲੀ ਵਜ਼ਾਰਤ 'ਚ ਸ਼ਾਮਲ ਮਾਈਕ ਪੌਂਪੀਓ ਅਤੇ ਨਿੱਕੀ ਹੇਲੀ ਨੂੰ ਐਤਕੀਂ ਨਵੇਂ ਪ੍ਰਸ਼ਾਸਨ 'ਚ ਸ਼ਾਮਲ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਟਰੰਪ ਨੇ 'ਟਰੁੱਥ ਸੋਸ਼ਲ' 'ਤੇ ਇਕ ਪੋਸਟ 'ਚ ਕਿਹਾ, "ਮੈਂ ਸਾਬਕਾ ਸਫ਼ੀਰ ਨਿੱਕੀ ਹੇਲੀ ਜਾਂ ਸਾਬਕਾ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੂੰ ਟਰੰਪ ਪ੍ਰਸ਼ਾਸਨ 'ਚ ਸ਼ਾਮਲ ਹੋਣ ਦਾ ਸੱਦਾ ਨਹੀਂ ਦੇਣ ਜਾ ਰਿਹਾ ਹੈ, ਜਿਸ ਦੇ ਗਠਨ ਲਈ ਕਵਾਇਦ ਚੱਲ ਰਹੀ ਹੈ।" ਉਂਜ ਸੋਸ਼ਲ ਮੀਡੀਆ ਪੋਸਟ 'ਚ ਟਰੰਪ ਨੇ ਦੋਵੇਂ ਆਗੂਆਂ ਵੱਲੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਪੌਂਪੀਓ ਸੀ.ਆਈ.ਏ. ਦੇ ਡਾਇਰੈਕਟਰ ਰਹੇ ਸਨ ਅਤੇ ਟਰੰਪ ਦੇ ਪਿਛਲੇ ਕਾਰਜਕਾਲ ਦੌਰਾਨ ਉਨ੍ਹਾਂ ਵਿਦੇਸ਼ ਮੰਤਰੀ ਵਜੋਂ ਸੇਵਾਵਾਂ ਨਿਭਾਈਆਂ ਸਨ, ਜਦਕਿ ਨਿੱਕੀ ਹੇਲੀ ਟਰੰਪ ਦੇ ਕਾਰਜਕਾਲ ਦੇ ਪਹਿਲੇ ਦੋ ਸਾਲਾਂ 'ਚ ਸੰਯੁਕਤ ਰਾਸ਼ਟਰ 'ਚ ਸਫ਼ੀਰ ਰਹੀ ਸੀ। ਬਾਅਦ 'ਚ ਕੈਬਨਿਟ ਰੈਂਕ ਦੇ ਦੋਵੇਂ ਆਗੂਆਂ ਨੇ ਰਾਸ਼ਟਰਪਤੀ ਅਹੁਦੇ ਦੀ ਚੋਣ ਲਈ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਵਜੋਂ ਟਰੰਪ ਨੂੰ ਚੁਣੌਤੀ ਦਿੱਤੀ ਸੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਚੋਣ ਨਤੀਜੇ ਸਵੀਕਾਰ ਪਰ ਲੜਾਈ ਜਾਰੀ ਰਹੇਗੀ: ਹੈਰਿਸ

**ਉਪ ਰਾਸ਼ਟਰਪਤੀ ਤੇ ਡੈਮੋਕ੍ਰੈਟਿਕ ਉਮੀਦਵਾਰ ਨੇ ਭਾਵੁਕ ਤਕਰੀਰ ਜ਼ਰੀਏ ਸਮਰਥਕਾਂ 'ਚ ਜੋਸ਼ ਭਰਿਆ**



**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਚੋਣਾਂ ਵਿਚ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਹੱਥੋਂ ਮਿਲੀ ਹਾਰ ਮਗਰੋਂ ਉਪ ਰਾਸ਼ਟਰਪਤੀ ਕਮਲਾ ਹੈਰਿਸ (60) ਨੇ ਆਪਣੇ ਸਮਰਥਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਚੋਣ ਨਤੀਜਿਆਂ ਨੂੰ ਸਵੀਕਾਰ ਕਰਨ ਅਤੇ ਰਿਪਬਲਿਕਨ ਆਗੂ (ਟਰੰਪ) ਨੂੰ ਸੱਤਾ ਤਬਦੀਲੀ ਦਾ ਅਮਲ ਸ਼ਾਂਤੀਪੂਰਨ ਢੰਗ ਨਾਲ ਸਿਰੇ ਚਾੜ੍ਹਨਾ ਯਕੀਨੀ ਬਣਾਉਣ। ਹਾਵਰਡ ਯੂਨੀਵਰਸਿਟੀ ਦੀ ਵਿਦਿਆਰਥੀ ਰਹੀ ਹੈਰਿਸ ਨੇ 'ਵਰਸਿਟੀ ਵਿਚ ਬੇਹੱਦ ਭਾਵੁਕ ਤਕਰੀਰ ਦੌਰਾਨ ਕਿਹਾ ਕਿ 'ਅਮਰੀਕਾ ਦੇ ਵਾਅਦੇ ਦੀ ਲੋਅ ਹਮੇਸ਼ਾ ਜਗਦੀ ਰਹੇਗੀ। ਹੈਰਿਸ ਨੇ ਕਿਹਾ ਕਿ ਅਹਿਦ ਲਿਆ ਕਿ ਉਨ੍ਹਾਂ ਦੀ ਚੋਣ ਮੁਹਿੰਮ ਦਾ ਆਧਾਰ ਰਹੀ ਲੜਾਈ ਜਾਰੀ ਰਹੇਗੀ। ਲੰਘੇ ਦਿਨ ਐਲਾਨੇ ਨਤੀਜਿਆਂ ਵਿਚ ਟਰੰਪ ਨੇ 291 ਇਲੈਕਟੋਰਲ ਕਾਲਜ ਵੋਟਾਂ ਨਾਲ ਜ਼ੋਰਦਾਰ ਵਾਪਸੀ ਕੀਤੀ ਸੀ ਜਦੋਂਕਿ ਹੈਰਿਸ ਨੂੰ 223 ਇਲੈਕਟੋਰਲ ਵੋਟ ਮਿਲੇ ਸਨ।

ਹੈਰਿਸ ਨੇ ਆਪਣੇ ਸਮਰਥਕਾਂ ਵਿਚ ਮੁੜ ਜੋਸ਼ ਭਰਦਿਆਂ ਕਿਹਾ, "ਤੁਸੀਂ ਜਿਹੜਾ ਵਿਸ਼ਵਾਸ ਮੇਰੇ ਵਿਚ ਦਿਖਾਇਆ, ਆਪਣੇ ਦੇਸ਼ ਲਈ ਜੋ ਪਿਆਰ ਤੇ ਸੰਕਲਪ ਦਿਖਾਇਆ, ਉਸ ਨਾਲ ਮੇਰਾ ਦਿਲ ਦ੍ਰਿੜ੍ਹਤਾ ਨਾਲ ਭਰ ਗਿਆ।" ਉਪ ਰਾਸ਼ਟਰਪਤੀ ਨੇ ਕਿਹਾ, "ਸਾਨੂੰ ਇਸ ਚੋਣ ਨਤੀਜੇ ਦੀ ਦਰਕਾਰ ਨਹੀਂ ਸੀ। ਅਸੀਂ ਇਸ ਲਈ ਨਹੀਂ ਲੜੇ ਸੀ, ਅਸੀਂ ਇਸ ਲਈ ਵੋਟਾਂ ਨਹੀਂ ਪਾਈਆਂ ਸੀ। ਪਰ ਯਾਦ ਰੱਖਣਾ ਕਿ ਅਮਰੀਕਾ ਦੇ ਵਾਅਦੇ ਦੀ ਲੋਅ ਹਮੇਸ਼ਾ ਜਗਮਗਾਉਂਦੀ ਰਹੇਗੀ।" ਹੈਰਿਸ ਨੇ ਕਿਹਾ, "ਮੈਂ ਜਾਣਦੀ ਹਾਂ ਕਿ ਤੁਸੀਂ ਕੀ ਮਹਿਸੂਸ ਕਰ ਰਹੇ ਹੋ ਤੇ ਇਸ ਵੇਲੇ ਕਿਨ੍ਹਾਂ ਭਾਵਨਾਵਾਂ 'ਚੋਂ ਲੰਘ ਰਹੇ ਹੋ। ਪਰ ਸਾਨੂੰ ਇਨ੍ਹਾਂ ਚੋਣ ਨਤੀਜਿਆਂ ਨੂੰ ਸਵੀਕਾਰ ਕਰਨਾ ਹੋਵੇਗਾ।" ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਜਮਹੂਰੀਅਤ ਦਾ ਬੁਨਿਆਦੀ ਸਿਧਾਂਤ ਚੋਣ ਨਤੀਜਿਆਂ ਨੂੰ ਸਵੀਕਾਰ ਕਰਨਾ ਹੈ। ਹੈਰਿਸ ਨੇ ਕਿਹਾ ਕਿ ਉਨ੍ਹਾਂ ਮਨੋਨੀਤ ਰਾਸ਼ਟਰਪਤੀ ਟਰੰਪ ਨੂੰ ਫੋਨ ਕੀਤਾ ਤੇ ਜਿੱਤ ਲਈ ਵਧਾਈ ਦਿੱਤੀ।

ਹੈਰਿਸ ਨੇ ਕਿਹਾ, "ਮੈਂ ਚੋਣ ਨਤੀਜਿਆਂ ਨੂੰ ਸਵੀਕਾਰ ਕਰਦੀ ਹਾਂ, ਪਰ ਮੈਂ ਉਸ ਲੜਾਈ ਤੋਂ ਪਿੱਛੇ ਨਹੀਂ ਹਟਾਂਗੀ, ਜੋ ਇਸ ਅੰਦੋਲਨ ਦਾ ਅਧਾਰ ਸੀ।" ਹੈਰਿਸ ਨੇ ਆਪਣੇ ਹਮਾਇਤੀਆਂ ਨੂੰ ਕਿਹਾ ਕਿ ਉਹ ਦੇਸ਼ ਦੇ ਬੁਨਿਆਦੀ ਸਿਧਾਂਤਾਂ ਦੀ ਰਾਖੀ ਲਈ ਲੜਾਈ ਨੂੰ ਜਾਰੀ ਰੱਖਣ। ਉਨ੍ਹਾਂ ਕਿਹਾ, "ਕਈ ਵਾਰ ਲੜਾਈ ਨੂੰ ਸਮਾਂ ਲੱਗਦਾ ਹੈ, ਪਰ ਇਸ ਦਾ ਇਹ ਮਤਲਬ ਨਹੀਂ ਕਿ ਅਸੀਂ ਨਹੀਂ ਜਿੱਤਾਂਗੇ; ਪਰ ਜ਼ਰੂਰੀ ਹੈ ਕਿ ਅਸੀਂ ਹੌਸਲਾ ਨਾ ਛੱਡੀਏ।"

## ਕਮਲਾ ਹੈਰਿਸ ਲੜਾਈ ਜਾਰੀ ਰੱਖੇਗੀ: ਬਾਇਡਨ

**ਨਿਊ ਯਾਰਕ:** ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਉਪ ਰਾਸ਼ਟਰਪਤੀ ਕਮਲਾ ਹੈਰਿਸ 'ਲੜਾਈ ਜਾਰੀ' ਰੱਖੇਗੀ। ਬਾਇਡਨ ਨੇ ਕਿਹਾ ਕਿ ਹੈਰਿਸ ਭਾਵੇਂ ਚੋਣ ਹਾਰ ਗਈ, ਪਰ ਉਹ 'ਪੀੜ੍ਹੀਆਂ ਦੀ ਆਗੂ' ਰਹੇਗੀ। ਅਮਰੀਕੀ ਸਦਰ ਨੇ ਇਕ ਬਿਆਨ ਵਿਚ ਕਿਹਾ, "ਉਹ ਇਰਾਦੇ, ਪੂਰੀ ਦ੍ਰਿੜ੍ਹਤਾ ਤੇ ਪ੍ਰਸੰਨਤਾ ਨਾਲ ਲੜਾਈ ਨੂੰ ਜਾਰੀ ਰੱਖੇਗੀ। ਉਹ ਸਾਰੇ ਅਮਰੀਕੀਆਂ ਲਈ ਪਹਿਲਾਂ ਵਾਂਗ ਚੈਂਪੀਅਨ ਰਹੇਗੀ।" ਬਾਇਡਨ ਨੇ ਅਸਧਾਰਨ ਹਾਲਾਤ ਵਿਚ ਇਤਿਹਾਸਕ ਚੋਣ ਮੁਹਿੰਮ ਦੀ ਅਗਵਾਈ ਕਰਨ ਲਈ ਹੈਰਿਸ ਦੀ ਸ਼ਲਾਘਾ ਕੀਤੀ। ਬਾਇਡਨ ਨੇ ਕਿਹਾ, "ਹੈਰਿਸ ਇਕ ਦਮਦਾਰ ਸਹਿਯੋਗੀ ਹੈ, ਇਮਾਨਦਾਰ ਹੈ, ਹਿੰਮਤੀ ਹੈ ਤੇ ਗੁਣਵਾਨ ਲੋਕ ਸੇਵਕ ਰਹੀ ਹੈ।"




# ਅਮਰੀਕਾ ਵੀਜ਼ਾ ਲਈ ਉਡੀਕ ਸਮਾਂ 500 ਦਿਨ ਤੱਕ ਪਹੁੰਚਿਆ

## ■ ਬੀ1/ਬੀ2 ਵੀਜ਼ਾ ਲਈ ਉਡੀਕ ਸਮਾਂ ਵੱਖ-ਵੱਖ

**ਵਾਸ਼ਿੰਗਟਨ, (ਪੰਜਾਬ ਮੇਲ)-** ਜੇਕਰ ਤੁਸੀਂ ਅਮਰੀਕਾ ਜਾਣ ਦੀ ਯੋਜਨਾ ਬਣਾ ਰਹੇ ਹੋ, ਤਾਂ ਇਹ ਖ਼ਬਰ ਤੁਹਾਡੇ ਲਈ ਹੀ ਹੈ। ਅਮਰੀਕਾ ਵਿਚ ਭਾਵੇਂ ਤੁਸੀਂ ਛੁੱਟੀਆਂ 'ਤੇ ਜਾ ਰਹੇ ਹੋ ਜਾਂ ਕਾਰੋਬਾਰੀ ਯਾਤਰਾ 'ਤੇ, ਤੁਹਾਨੂੰ ਲੰਮਾ ਸਮਾਂ ਇੰਤਜ਼ਾਰ ਕਰਨਾ ਪੈ ਸਕਦਾ ਹੈ। ਕੋਲਕਾਤਾ ਸਥਿਤ ਅਮਰੀਕੀ ਵਣਜ ਦੂਤਘਰ 'ਚ ਵੀਜ਼ਾ ਅਰਜ਼ੀਆਂ ਦਾ ਇੰਤਜ਼ਾਰ ਕਾਫੀ ਲੰਬਾ ਹੋ ਗਿਆ ਹੈ। ਜੇਕਰ ਤੁਸੀਂ ਅਮਰੀਕਾ ਜਾਣਾ ਚਾਹੁੰਦੇ ਹੋ ਅਤੇ ਕੋਲਕਾਤਾ ਤੋਂ ਵੀਜ਼ਾ ਅਪਲਾਈ ਕਰ ਰਹੇ ਹੋ, ਤਾਂ ਤੁਹਾਨੂੰ ਆਪਣੀ ਯਾਤਰਾ ਤੋਂ ਲਗਭਗ 16 ਮਹੀਨੇ (499 ਦਿਨ) ਪਹਿਲਾਂ ਵੀਜ਼ਾ ਲਈ ਅਰਜ਼ੀ ਦੇਣੀ ਪਵੇਗੀ।

ਇਕਨਾਮਿਕ ਟਾਈਮਜ਼ ਦੀ ਰਿਪੋਰਟ ਮੁਤਾਬਕ ਅਮਰੀਕਾ ਨੇ




ਪਿਛਲੇ ਸਾਲ ਵੱਧਦੇ ਵੀਜ਼ਾ ਉਡੀਕ ਸਮੇਂ ਨੂੰ ਹੱਲ ਕਰਨ ਲਈ ਮਹੱਤਵਪੂਰਨ ਕਦਮ ਚੁੱਕੇ ਹਨ, ਜਿਸ ਦੇ ਨਤੀਜੇ ਵਜੋਂ ਕੁਝ ਸੁਧਾਰ ਹੋਏ ਹਨ। ਖਾਸ ਤੌਰ 'ਤੇ 2023 ਵਿਚ ਭਾਰਤੀ ਬਿਨੈਕਾਰਾਂ ਲਈ 1.4 ਮਿਲੀਅਨ ਵੀਜ਼ੇ ਦੀ ਪ੍ਰਕਿਰਿਆ ਕੀਤੀ ਗਈ ਸੀ, ਜੋ ਹੁਣ ਤੱਕ ਦਾ ਸਭ ਤੋਂ ਉੱਚਾ ਪੱਧਰ ਹੈ ਅਤੇ ਯਾਤਰੀ ਵੀਜ਼ਾ ਮੁਲਾਕਾਤਾਂ ਲਈ ਉਡੀਕ ਸਮਾਂ 75% ਘਟਾ ਦਿੱਤਾ ਗਿਆ ਹੈ। ਹਾਲਾਂਕਿ ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ ਲੰਬੇ ਸਮੇਂ ਦੀ ਉਡੀਕ ਦਾ ਮੁੱਦਾ ਮੁੜ ਉੱਭਰਿਆ ਹੈ।

ਬੀ1/ਬੀ2 ਵੀਜ਼ਾ ਲਈ ਉਡੀਕ ਸਮਾਂ ਭਾਰਤ ਵਿਚ ਅਮਰੀਕੀ ਕੌਂਸਲੇਟਾਂ ਅਤੇ ਦੂਤਘਰਾਂ ਵਿਚ ਵੱਖ-ਵੱਖ ਹੁੰਦਾ ਹੈ। ਰਿਪੋਰਟ ਅਨੁਸਾਰ ਕੋਲਕਾਤਾ ਵਿਚ ਬਿਨੈਕਾਰਾਂ ਨੂੰ ਸਭ ਤੋਂ ਲੰਮੀ ਉਡੀਕ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਦਾ ਪ੍ਰੋਸੈਸਿੰਗ ਸਮਾਂ 499 ਦਿਨ ਹੈ। ਇਸ ਤੋਂ ਬਾਅਦ ਚੇਨਈ ਵਿਚ 486 ਦਿਨ ਹੈ, ਮੁੰਬਈ ਵਿਚ ਉਡੀਕ ਸਮਾਂ 427 ਦਿਨ ਹੈ, ਜਦੋਂ ਕਿ ਦਿੱਲੀ ਅਤੇ ਹੈਦਰਾਬਾਦ ਵਿਚ ਕ੍ਰਮਵਾਰ 432 ਅਤੇ 435 ਦਿਨਾਂ ਦਾ ਲੰਬਾ ਇੰਤਜ਼ਾਰ ਹੈ। ਇਸ ਦੌਰਾਨ ਇੰਟਰਵਿਊ ਵੇਵਰ ਵਿਜ਼ਟਰ ਵੀਜ਼ਾ ਲਈ ਉਡੀਕ ਸਮਾਂ ਬਹੁਤ ਘੱਟ ਹੈ। ਦਿੱਲੀ ਵਿਚ ਇੰਤਜ਼ਾਰ ਸਮਾਂ ਸਿਰਫ 14 ਦਿਨ ਹੈ, ਜਦੋਂ ਕਿ ਕੋਲਕਾਤਾ ਵਿਚ ਇਹ 13 ਦਿਨ ਤੋਂ ਥੋੜ੍ਹਾ ਘੱਟ ਹੈ।

ਭਾਵੇਂ ਤੁਸੀਂ ਥਰਡ ਕੰਟਰੀ ਨੈਸ਼ਨਲ ਵੀਜ਼ਾ ਲਈ ਅਪਲਾਈ ਕਰ ਰਹੇ ਹੋ, ਤਾਂ ਵੀ ਸਥਿਤੀ ਕਾਫ਼ੀ ਹੱਦ ਤੱਕ ਸਮਾਨ ਹੈ। ਰਿਪੋਰਟਾਂ ਅਨੁਸਾਰ ਅਬੂ ਧਾਬੀ ਵਿਚ 332 ਦਿਨ ਅਤੇ ਦੁਬਈ ਵਿਚ 289 ਕੈਲੰਡਰ ਦਿਨ ਦਾ ਉਡੀਕ ਸਮਾਂ ਹੈ। ਥਰਡ ਕੰਟਰੀ ਨੈਸ਼ਨਲ ਵੀਜ਼ਾ ਇਕ ਵੀਜ਼ਾ ਅਰਜ਼ੀ ਹੁੰਦਾ ਹੈ, ਜੋ ਤੁਹਾਡੇ ਗ੍ਰਹਿ ਦੇਸ਼ ਤੋਂ ਇਲਾਵਾ ਕਿਸੇ ਹੋਰ ਦੇਸ਼ ਵਿਚ ਇੱਕ ਯੂ.ਐੱਸ. ਕੌਂਸਲਰ ਦੂਤਘਰ ਤੋਂ ਪ੍ਰਾਪਤ ਕੀਤਾ ਜਾਂਦਾ ਹੈ।

ਬੀ1 ਵੀਜ਼ਾ ਵਿਅਕਤੀਆਂ ਨੂੰ ਵਪਾਰਕ ਉਦੇਸ਼ਾਂ ਲਈ ਸੰਯੁਕਤ ਰਾਜ ਅਮਰੀਕਾ ਦੀ ਯਾਤਰਾ ਕਰਨ ਦਿੰਦਾ ਹੈ, ਜਦੋਂ ਕਿ ਬੀ2 ਵੀਜ਼ਾ ਸੈਲਾਨੀਆਂ, ਦੋਸਤਾਂ ਅਤੇ ਪਰਿਵਾਰ ਨੂੰ ਮਿਲਣ ਜਾਣ ਵਾਲੇ ਅਤੇ ਡਾਕਟਰੀ ਇਲਾਜ ਦੀ ਮੰਗ ਕਰਨ ਵਾਲੇ ਜਾਂ ਸਮਾਜਿਕ ਸਮਾਗਮਾਂ ਵਿਚ ਸ਼ਾਮਲ ਹੋਣ ਵਾਲੇ ਵਿਅਕਤੀਆਂ ਲਈ ਤਿਆਰ ਕੀਤਾ ਗਿਆ ਹੈ। ਆਮ ਤੌਰ 'ਤੇ ਇਹ ਵੀਜ਼ੇ ਇੱਕੋ ਸਮੇਂ ਬੀ1/ਬੀ2 ਵੀਜ਼ਾ ਦੇ ਤੌਰ 'ਤੇ ਜਾਰੀ ਕੀਤੇ ਜਾਂਦੇ ਹਨ, ਜਿਸ ਨਾਲ ਧਾਰਕ ਅਮਰੀਕਾ ਵਿਚ ਆਪਣੇ ਠਹਿਰਨ ਦੌਰਾਨ ਵਪਾਰਕ ਅਤੇ ਮਨੋਰੰਜਨ ਦੀਆਂ ਗਤੀਵਿਧੀਆਂ ਦੋਵਾਂ ਵਿਚ ਸ਼ਾਮਲ ਹੋ ਸਕਦੇ ਹਨ।

# ਵ੍ਹਾਈਟ ਹਾਊਸ 'ਚ ਆਹਮੋ-ਸਾਹਮਣੇ ਹੋਣਗੇ ਡੋਨਾਲਡ ਟਰੰਪ ਤੇ ਜੋਅ ਬਾਇਡਨ

**ਵਾਸ਼ਿੰਗਟਨ, (ਪੰਜਾਬ ਮੇਲ)-** ਡੋਨਾਲਡ ਟਰੰਪ ਦਾ ਸਹੁੰ ਚੁੱਕ ਸਮਾਗਮ ਜਨਵਰੀ 'ਚ ਹੋਣਾ ਹੈ। ਹਾਲਾਂਕਿ ਵ੍ਹਾਈਟ ਹਾਊਸ 'ਚ ਸੱਤਾ ਦੇ ਤਬਾਦਲੇ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਇਸ ਦੇ ਤਹਿਤ ਰਾਸ਼ਟਰਪਤੀ ਬਾਇਡਨ ਨੇ ਡੋਨਾਲਡ ਟਰੰਪ ਨੂੰ ਵ੍ਹਾਈਟ ਹਾਊਸ ਆਉਣ ਦਾ ਸੱਦਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਤਿੰਨ ਦਹਾਕਿਆਂ 'ਚ ਇਹ ਪਹਿਲਾ ਮੌਕਾ ਹੋਵੇਗਾ, ਜਦੋਂ ਕਿਸੇ ਬਾਹਰ ਜਾਣ



ਵਾਲੇ ਰਾਸ਼ਟਰਪਤੀ ਅਤੇ ਨਵੇਂ ਚੁਣੇ ਗਏ ਰਾਸ਼ਟਰਪਤੀ ਵਿਚਾਲੇ ਵ੍ਹਾਈਟ ਹਾਊਸ 'ਚ ਰਸਮੀ ਮੁਲਾਕਾਤ ਹੋਵੇਗੀ, ਜਿਨ੍ਹਾਂ ਵਿਚਾਲੇ ਚੋਣ ਪ੍ਰਚਾਰ ਦੌਰਾਨ ਮੁਕਾਬਲਾ ਸੀ। ਟਰੰਪ ਦੇ ਨਾਲ ਉਨ੍ਹਾਂ ਦੀ ਪਤਨੀ ਮੇਲਾਨੀਆ ਨੂੰ ਵੀ ਵ੍ਹਾਈਟ ਹਾਊਸ ਬੁਲਾਇਆ ਗਿਆ।

ਵਰਣਨਯੋਗ ਹੈ ਕਿ ਇਸ ਤੋਂ ਪਹਿਲਾਂ ਸਾਲ 1992 'ਚ ਰਿਪਬਲਿਕਨ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼ ਅਤੇ ਡੈਮੋਕ੍ਰੇਟ ਨੇਤਾ ਅਤੇ ਨਵੇਂ ਚੁਣੇ ਗਏ ਰਾਸ਼ਟਰਪਤੀ ਬਿਲ ਕਲਿੰਟਨ ਵਿਚਕਾਰ ਵ੍ਹਾਈਟ ਹਾਊਸ ਵਿਚ ਮੁਲਾਕਾਤ ਹੋਈ ਸੀ। ਜਾਰਜ ਡਬਲਯੂ ਬੁਸ਼ ਅਤੇ ਬਿਲ ਕਲਿੰਟਨ ਨੇ ਵੀ ਇੱਕ ਦੂਜੇ ਦੇ ਖਿਲਾਫ ਚੋਣ ਲੜੀ ਸੀ। ਸਾਲ 2020 'ਚ ਜਦੋਂ ਬਾਇਡਨ ਟਰੰਪ ਨੂੰ ਹਰਾ ਕੇ ਰਾਸ਼ਟਰਪਤੀ ਚੁਣੇ ਗਏ ਸਨ, ਤਾਂ ਸੱਤਾ ਦੇ ਤਬਾਦਲੇ ਨੂੰ ਲੈ ਕੇ ਕਾਫੀ ਹੰਗਾਮਾ ਹੋਇਆ ਸੀ। ਉਸ ਸਮੇਂ ਟਰੰਪ ਨੇ ਸੱਤਾ ਦੇ ਤਬਾਦਲੇ ਦੀ ਇਸ ਰਸਮੀ ਪ੍ਰਕਿਰਿਆ ਲਈ ਬਾਇਡਨ ਨੂੰ ਵ੍ਹਾਈਟ ਹਾਊਸ ਨਹੀਂ ਬੁਲਾਇਆ ਸੀ ਅਤੇ ਬਾਇਡਨ ਦੀ ਸਹੁੰ ਚੁੱਕਣ ਤੋਂ ਪਹਿਲਾਂ ਹੀ ਟਰੰਪ ਨੇ ਵ੍ਹਾਈਟ ਹਾਊਸ ਛੱਡ ਦਿੱਤਾ ਸੀ। ਹਾਲਾਂਕਿ, ਬਾਇਡਨ ਨੇ ਇਸ ਪ੍ਰੰਪਰਾ ਨੂੰ ਕਾਇਮ ਰੱਖਿਆ ਹੈ।

# ਸੈਨਹੋਜ਼ੇ ਕੰਪਨੀ ਦੇ ਭਾਰਤੀ ਮਾਲਕ ਕਿਸ਼ੋਰ ਦੱਤਪੁਰਮ ਵੱਲੋਂ ਵੀਜ਼ਾ ਧੋਖਾਧੜੀ ਦਾ ਦੋਸ਼ ਸਵੀਕਾਰ

**ਸੈਨਹੋਜ਼ੇ, (ਪੰਜਾਬ ਮੇਲ)-** ਇੱਕ ਤਕਨਾਲੋਜੀ ਸਟਾਫਿੰਗ ਕੰਪਨੀ ਦੇ ਭਾਰਤੀ-ਅਮਰੀਕੀ ਮਾਲਕ ਕਿਸ਼ੋਰ ਦੱਤਪੁਰਮ ਨੇ ਵੀਜ਼ਾ ਧੋਖਾਧੜੀ ਅਤੇ ਵੀਜ਼ਾ ਧੋਖਾਧੜੀ ਕਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ਾਂ ਨੂੰ ਸਵੀਕਾਰ ਕਰ ਲਿਆ ਹੈ।

ਸੈਨਹੋਜ਼ੇ ਸਥਿਤ 55 ਸਾਲਾਂ ਕਿਸ਼ੋਰ ਦੱਤਪੁਰਮ ਨੇ ਆਪਣੀ ਕੰਪਨੀ, ਨੈਨੋ ਸੇਮੈਂਟਿਕਸ ਇੰਕ ਲਈ ਧੋਖਾਧੜੀ ਵਾਲੇ ਐੱਚ-1ਬੀ ਵੀਜ਼ਾ ਅਰਜ਼ੀਆਂ ਦਾਇਰ ਕਰਨ ਦੀ ਗੱਲ ਸਵੀਕਾਰ ਕੀਤੀ। ਇਸ ਧੋਖਾਧੜੀ ਵਿਚ ਆਸਟਿਨ, ਟੈਕਸਾਸ ਦੇ 55 ਸਾਲਾ ਕੁਮਾਰ ਅਸਵਾਪਥੀ ਅਤੇ ਸੈਨਹੋਜ਼ੇ ਦੇ 48 ਸਾਲਾ ਸੰਤੋਸ਼ ਗਿਰੀ ਵੀ ਸ਼ਾਮਲ ਸਨ।

ਦੱਤਾਪੁਰਮ ਅਤੇ ਅਸਵਾਪਥੀ ਦੀ ਮਲਕੀਅਤ ਵਾਲੀ ਨੈਨੋਸੈਮੈਂਟਿਕਸ ਇੰਕ. ਨੇ ਬੇ ਏਰੀਆ ਵਿਚ ਸਥਿਤ ਤਕਨਾਲੋਜੀ ਕੰਪਨੀਆਂ ਨੂੰ ਹੁਨਰਮੰਦ ਵਿਦੇਸ਼ੀ ਕਾਮੇ ਪ੍ਰਦਾਨ ਕੀਤੇ। ਇਸ ਕੰਮ ਲਈ, ਕੰਪਨੀ ਨੇ ਨਿਯਮਿਤ ਤੌਰ 'ਤੇ ਐੱਚ-1ਬੀ ਵੀਜ਼ਾ ਅਰਜ਼ੀਆਂ ਜਮ੍ਹਾਂ ਕੀਤੀਆਂ, ਜਿਸ ਨਾਲ ਵਿਦੇਸ਼ੀ ਕਰਮਚਾਰੀਆਂ ਨੂੰ ਅਮਰੀਕਾ ਵਿਚ ਅਸਥਾਈ ਤੌਰ 'ਤੇ ਕੰਮ ਕਰਨ ਦੀ ਇਜਾਜ਼ਤ ਮਿਲਦੀ ਹੈ। ਹਾਲਾਂਕਿ, ਅਦਾਲਤੀ ਦਸਤਾਵੇਜ਼ਾਂ ਦੇ ਅਨੁਸਾਰ, ਇਨ੍ਹਾਂ ਵਿਅਕਤੀਆਂ ਨੇ ਝੂਠਾ ਦਾਅਵਾ ਕੀਤਾ ਕਿ ਇਨ੍ਹਾਂ ਵਿਦੇਸ਼ੀ ਕਾਮਿਆਂ ਲਈ ਕਲਾਇੰਟ ਕੰਪਨੀਆਂ ਵਿਚ ਖਾਸ ਨੌਕਰੀਆਂ ਮੌਜੂਦ ਸਨ, ਜਦੋਂਕਿ ਅਸਲ ਵਿਚ ਅਜਿਹੀਆਂ ਕੋਈ ਨੌਕਰੀਆਂ ਨਹੀਂ ਸਨ।

ਦੱਤਾਪੁਰਮ ਨੇ ਅਦਾਲਤ ਵਿਚ ਮੰਨਿਆ ਕਿ ਉਸਨੇ ਇਨ੍ਹਾਂ ਵੀਜ਼ਾ ਅਰਜ਼ੀਆਂ ਵਿਚ ਅੰਤਿਮ-ਕਲਾਇੰਟ ਮਾਲਕ ਵਜੋਂ ਸ਼ਾਮਲ ਕਰਨ ਲਈ ਕੰਪਨੀਆਂ ਨੂੰ ਪੈਸੇ ਦਿੱਤੇ, ਭਾਵੇਂ ਕਿ ਉਨ੍ਹਾਂ ਕੰਪਨੀਆਂ ਨੇ ਅਸਲ ਵਿਚ ਇਨ੍ਹਾਂ ਕਾਮਿਆਂ ਨੂੰ ਨੌਕਰੀ 'ਤੇ ਨਹੀਂ ਰੱਖਿਆ ਸੀ। ਇਸ ਤਰ੍ਹਾਂ, ਨੈਨੋਸੈਮੈਂਟਿਕਸ ਨੂੰ ਅਸਲ ਨੌਕਰੀਆਂ ਮਿਲਣ ਤੋਂ ਪਹਿਲਾਂ ਹੀ ਵੀਜ਼ਾ



ਮਿਲ ਸਕਦਾ ਸੀ, ਜਿਸ ਨੇ ਉਨ੍ਹਾਂ ਨੂੰ ਆਪਣੇ ਮੁਕਾਬਲੇਬਾਜ਼ਾਂ 'ਤੇ ਬੜ੍ਹਤ ਦਿੱਤੀ। ਉਦੇਸ਼, ਜਿਵੇਂ ਕਿ ਦੱਤਾਪੁਰਮ ਨੇ ਸਵੀਕਾਰ ਕੀਤਾ, ਵੀਜ਼ਾ ਲਈ ਤਿਆਰ ਕਰਮਚਾਰੀਆਂ ਨੂੰ ਤਿਆਰ ਕਰਨਾ ਸੀ, ਤਾਂ ਜੋ ਨੌਕਰੀਆਂ ਉਪਲਬਧ ਹੋਣ 'ਤੇ ਉਨ੍ਹਾਂ ਨੂੰ ਤੁਰੰਤ ਨਿਯੁਕਤ ਕੀਤਾ ਜਾ ਸਕੇ।

ਮੁਲਜ਼ਮਾਂ 'ਤੇ ਫਰਵਰੀ 2019 ਵਿਚ ਵੀਜ਼ਾ ਧੋਖਾਧੜੀ ਅਤੇ ਵੀਜ਼ਾ ਧੋਖਾਧੜੀ ਕਰਨ ਦੀ ਸਾਜ਼ਿਸ਼ ਦੇ ਕਈ ਦੋਸ਼ ਲਾਏ ਗਏ ਸਨ। ਇਸ ਮਾਮਲੇ ਦੀ ਜਾਂਚ ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨ (ਐੱਚ.ਐੱਸ.ਆਈ.) ਅਤੇ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਦੁਆਰਾ ਸਾਂਝੇ ਤੌਰ 'ਤੇ ਕੀਤੀ ਗਈ ਸੀ। ਐੱਚ.ਐੱਸ.ਆਈ. ਵਿਸ਼ੇਸ਼ ਏਜੰਟ ਟੈਟਮ ਕਿੰਗ ਨੇ ਕਿਹਾ, "ਇਹ ਮਾਮਲਾ ਦਰਸਾਉਂਦਾ ਹੈ ਕਿ ਸੰਘੀ ਏਜੰਸੀਆਂ ਐੱਚ-1ਬੀ ਵੀਜ਼ਾ ਪ੍ਰੋਗਰਾਮ ਦੀ ਇਕਸਾਰਤਾ ਨੂੰ ਬਣਾਈ ਰੱਖਣ ਲਈ ਵਚਨਬੱਧ ਹਨ।" ਦੱਤਪੁਰਮ ਅਤੇ ਗਿਰੀ ਨੂੰ 24 ਫਰਵਰੀ, 2025 ਨੂੰ ਯੂ.ਐੱਸ. ਦੇ ਜ਼ਿਲ੍ਹਾ ਜੱਜ ਐਡਵਰਡ ਜੇ. ਡੇਵਿਲਾ ਦੇ ਸਾਹਮਣੇ ਸਜ਼ਾ ਸੁਣਾਈ ਜਾਣੀ ਹੈ, ਜਿਸ ਵਿਚ ਅਸਵਾਪਤੀ ਦੀ ਸਜ਼ਾ ਦੀ ਸਥਿਤੀ ਦੀ ਸੁਣਵਾਈ 25 ਨਵੰਬਰ, 2024 ਨੂੰ ਤੈਅ ਕੀਤੀ ਗਈ ਹੈ। ਵੀਜ਼ਾ ਧੋਖਾਧੜੀ ਦੇ ਹਰੇਕ ਮਾਮਲੇ ਵਿਚ ਵੱਧ ਤੋਂ ਵੱਧ 10 ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ ਅਤੇ 250,000 ਅਮਰੀਕੀ ਡਾਲਰ ਦਾ ਜੁਰਮਾਨਾ, ਜਦੋਂਕਿ ਸਾਜ਼ਿਸ਼ ਦੇ ਦੋਸ਼ ਵਿਚ ਵੱਧ ਤੋਂ ਵੱਧ ਪੰਜ ਸਾਲ ਦੀ ਸਜ਼ਾ ਅਤੇ 250,000 ਅਮਰੀਕੀ ਡਾਲਰ ਦਾ ਵਾਧੂ ਜੁਰਮਾਨਾ ਹੈ।



# ਅਮਰੀਕਾ 'ਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਲੋਕਾਂ 'ਚ ਭਾਰੀ ਡਰ; ਕੀ ਹੋਵੇਗਾ 20 ਜਨਵਰੀ ਤੋਂ ਬਾਅਦ?

ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)- ਅਮਰੀਕਾ ਦੇ ਦੂਜੀ ਵਾਰੀ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਗੱਲ ਦੀ ਕੋਈ ਵੀ ਪ੍ਰਵਾਹ ਨਹੀਂ ਹੈ ਕਿ ਸਮੂਹਿਕ ਦੇਸ਼ ਨਿਕਾਲੇ ਦੀ ਕੀਮਤ ਕੀ ਹੈ, ਪਰ ਜੇ ਇਹ ਅਸਲ ਵਿਚ ਵਾਪਰਦਾ ਹੈ, ਤਾਂ ਬਹੁਤ ਸਾਰੇ ਲੋਕਾਂ ਨੂੰ ਉਨ੍ਹਾਂ ਵੱਲੋਂ ਅਮਰੀਕਾ ਤੋਂ ਦੇਸ਼ ਨਿਕਾਲਾ ਦੇਣਾ ਪਏਗਾ, ਜੋ ਆਪਣੇ ਪਰਿਵਾਰਾਂ ਨੂੰ ਅਮਰੀਕਾ ਵਿਚ ਛੱਡ ਕੇ ਚਲੇ ਜਾਣਗੇ। ਅਮਰੀਕਾ 'ਚ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਛੋਟੇ ਕਸਬਿਆਂ ਜਾਂ ਪੇਂਡੂ ਖੇਤਰਾਂ ਵਿਚ ਰਹਿਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਵਿਚ ਇੰਨਾ ਤਣਾਅ ਨਹੀਂ ਹੈ ਪਰ ਵੱਡੇ ਸ਼ਹਿਰਾਂ ਵਿਚ ਰਹਿਣ ਵਾਲੇ ਲੋਕ ਹੁਣ ਆਉਣ ਵਾਲੀ 20 ਜਨਵਰੀ ਤੋਂ ਬਾਅਦ ਦੀ ਸਥਿਤੀ ਨੂੰ ਲੈ ਕੇ ਬਹੁਤ ਹੀ ਜ਼ਿਆਦਾ ਚਿੰਤਤ ਹਨ। ਡੋਨਾਲਡ ਟਰੰਪ ਅਜੇ ਵੀ ਵੱਡੇ ਪੱਧਰ 'ਤੇ ਦੇਸ਼ ਨਿਕਾਲੇ 'ਤੇ ਪੂਰੀ ਤਰ੍ਹਾਂ ਅੜੇ ਹੋਏ ਹਨ ਅਤੇ ਚੋਣ ਜਿੱਤਣ ਤੋਂ ਬਾਅਦ ਉਨ੍ਹਾਂ ਨੇ ਇੱਥੋਂ ਤੱਕ ਕਿਹਾ ਕਿ ਸਮੂਹਿਕ ਦੇਸ਼ ਨਿਕਾਲੇ ਦੀ ਕੀਮਤ ਚਿੰਤਾ ਦੀ ਗੱਲ ਵੀ ਨਹੀਂ ਹੈ। ਜੋ ਹੋਵੇਗਾ, ਸੰਨ 2023-24 ਵਿਚ, 90,000 ਤੋਂ ਵੱਧ ਭਾਰਤੀ ਮੈਕਸੀਕੋ ਜਾਂ ਕੈਨੇਡਾ ਦੀ ਸਰਹੱਦ 'ਤੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਫੜੇ ਗਏ ਸਨ, ਜਦੋਂਕਿ 1,100 ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਅਮਰੀਕਾ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਮੌਜੂਦਾ ਸਥਿਤੀ ਦਾ ਪਤਾ ਲਗਾਉਣ ਲਈ ਕਈ ਮੀਡੀਆ ਆਊਟਲੈਟਸ ਨੇ ਉਨ੍ਹਾਂ ਨਾਲ ਗੱਲ ਵੀ ਕੀਤੀ, ਜਿਸ ਤੋਂ ਪਤਾ ਲੱਗਾ ਹੈ ਕਿ ਲੋਕ ਹੁਣ ਇਸ ਡਰ ਵਿਚ ਜੀਅ



ਰਹੇ ਹਨ ਕਿ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਉਨ੍ਹਾਂ ਨੂੰ ਕਿਸੇ ਵੀ ਸਮੇਂ ਇਮੀਗ੍ਰੇਸ਼ਨ ਅਧਿਕਾਰੀਆਂ ਦੁਆਰਾ ਫੜਿਆ ਜਾ ਸਕਦਾ ਹੈ। ਇਸ ਵਿਚ ਸਿਰਫ ਭਾਰਤੀ ਹੀ ਨਹੀਂ, ਸਗੋਂ ਹੋਰ ਦੇਸ਼ਾਂ ਦੇ ਲੋਕ ਵੀ ਜੋ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਏ ਹਨ ਅਤੇ ਰਿਪਬਲਿਕਨ ਰਾਜਾਂ ਵਿਚ ਰਹਿ ਰਹੇ ਗੈਰ-ਦਸਤਾਵੇਜ਼ ਪ੍ਰਵਾਸੀ ਵੀ ਹੁਣ ਸਭ ਤੋਂ ਜ਼ਿਆਦਾ ਡਰੇ ਅਤੇ ਸਹਿਮੇ ਹੋਏ ਹਨ, ਕਿਉਂਕਿ ਕਈ ਰਿਪਬਲਿਕਨ ਰਾਜਾਂ ਨੇ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਹੀ ਗੈਰ-ਕਾਨੂੰਨੀ ਪ੍ਰਵਾਸੀਆਂ ਖਿਲਾਫ ਸਖਤ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਵਿਚ ਸਥਾਨਕ ਪੁਲਿਸ ਨੂੰ ਵੀ ਸ਼ਾਮਲ ਕਰਨ ਦੀ ਵੀ ਵਿਵਸਥਾ ਸੀ।

ਅਮਰੀਕਾ ਦੇ ਟੈਕਸਾਸ ਰਾਜ ਨੇ ਹਾਲ ਹੀ ਵਿਚ ਇੱਕ ਕਾਨੂੰਨ ਵੀ ਲਾਗੂ ਕੀਤਾ ਹੈ ਕਿ ਜਿਸ ਵਿਚ ਸਰਕਾਰੀ ਫੰਡ ਵਾਲੇ ਹਸਪਤਾਲਾਂ ਵਿਚ ਇਲਾਜ ਦੀ ਮੰਗ ਕਰਨ ਵੇਲੇ ਲੋਕਾਂ ਨੂੰ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਬਾਰੇ ਪੁੱਛਿਆ ਜਾਣਾ ਚਾਹੀਦਾ ਹੈ, ਜਦੋਂਕਿ ਫਲੋਰੀਡਾ ਰਾਜ ਨੇ ਵੀ 2023 ਵਿਚ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਨੌਕਰੀਆਂ ਰੱਖਣ ਦੇ ਨਾਲ-ਨਾਲ ਬੈਂਕ ਖਾਤੇ ਅਤੇ ਕਿਸੇ ਵੀ ਆਈ.ਡੀ. ਨੂੰ ਖੋਲ੍ਹਣ 'ਤੇ ਪਾਬੰਦੀ ਲਗਾ ਦਿੱਤੀ ਸੀ। ਡਰਾਈਵਿੰਗ ਦਾ ਲਾਇਸੈਂਸ ਜਾਰਜੀਆ, ਪੈਨਸਿਲਵੇਨੀਆ, ਕੈਂਟਕੀ ਅਤੇ ਐਰੀਜ਼ੋਨਾ, ਜੋ ਭਾਰਤੀਆਂ ਦੀ ਵੱਡੀ ਆਬਾਦੀ ਵਾਲਾ ਰਾਜ ਹੈ, ਹੁਣ ਖ਼ਤਰੇ ਦਾ ਰਾਜ ਬਣ ਗਏ ਹਨ, ਇਸ ਲਈ ਆਉਣ ਵਾਲੇ ਦਿਨਾਂ ਵਿਚ ਇਨ੍ਹਾਂ ਰਾਜਾਂ ਵਿਚ ਵੀ ਪ੍ਰਵਾਸੀ ਵਿਰੋਧੀ ਕਾਨੂੰਨ ਲਾਗੂ ਹੋਣ ਤਾਂ ਕੋਈ ਹੈਰਾਨੀ ਨਹੀਂ ਹੋਵੇਗੀ। ਡੋਨਾਲਡ ਟਰੰਪ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਦੇ ਅਮਰੀਕਾ ਵਿਚ ਜਨਮੇ ਬੱਚਿਆਂ ਦੇ ਜਨਮ ਅਧਿਕਾਰਾ ਨੂੰ ਮੁਅੱਤਲ ਅਤੇ ਖਤਮ ਕਰਨਾ ਚਾਹੁੰਦੇ ਹਨ ਅਤੇ ਜੇਕਰ ਅਜਿਹਾ ਹੁੰਦਾ ਹੈ, ਤਾਂ ਇਸਦਾ ਮਤਲਬ ਗੈਰ-ਕਾਨੂੰਨੀ ਤੌਰ 'ਤੇ ਆਏ ਲੋਕਾਂ ਦੇ ਨਾਲ-ਨਾਲ ਅਮਰੀਕਾ ਵਿਚ ਜਨਮੇ ਬੱਚਿਆਂ ਨੂੰ ਵੀ ਡਿਪੋਰਟ ਕਰਨਾ ਹੋਵੇਗਾ।

ਟਰੰਪ ਦੇ ਸਮੂਹਿਕ ਦੇਸ਼ ਨਿਕਾਲੇ ਦੇ ਮਿਸ਼ਨ ਦੇ ਨਤੀਜੇ ਵਜੋਂ ਬਹੁਤ ਸਾਰੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਤੋਂ ਵੱਖ ਕੀਤਾ ਜਾਵੇਗਾ, ਕਈ ਮਾਮਲਿਆਂ ਵਿਚ ਦੋਵੇਂ ਮਾਪੇ ਗੈਰ-ਕਾਨੂੰਨੀ ਪ੍ਰਵਾਸੀ ਹਨ ਅਤੇ ਇਹ ਸਪੱਸ਼ਟ ਨਹੀਂ ਹੈ ਕਿ ਜੇਕਰ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਂਦਾ ਹੈ, ਤਾਂ ਉਨ੍ਹਾਂ ਦੇ ਬੱਚਿਆਂ ਦਾ ਕੀ ਬਣੇਗਾ? ਇਸ ਤਰ੍ਹਾਂ ਬਾਇਡਨ ਦੀ ਸਰਕਾਰ ਨੇ ਉਨ੍ਹਾਂ ਲੋਕਾਂ ਨੂੰ ਗ੍ਰੀਨ ਕਾਰਡ ਦੇਣ ਦਾ ਐਲਾਨ ਕੀਤਾ ਸੀ, ਜੋ ਅਮਰੀਕੀ ਨਾਗਰਿਕ ਨਾਲ ਵਿਆਹੇ ਹੋਏ ਹਨ ਅਤੇ 10 ਸਾਲ ਤੋਂ ਵੱਧ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ, ਜਿਸ ਨਾਲ ਪੰਜ ਲੱਖ ਲੋਕਾਂ ਨੂੰ ਫਾਇਦਾ ਹੋ ਸਕਦਾ ਸੀ।

# ਅਮਰੀਕੀ ਲੋਕੋ ਹੁਣ ਸ਼ਾਂਤ ਹੋ ਜਾਓ, ਕਿਸੇ ਨੇ ਕਿਥੇ ਵੋਟ ਪਾਈ ਇਸ ਦਾ ਕੋਈ ਮਤਲਬ ਨਹੀਂ: ਬਾਇਡਨ

## ਕਿਹਾ: ਕੜਵਾਹਟ ਛੱਡ ਕੇ ਰਲ-ਮਿਲ ਕੇ ਰਹਿਣ ਦਾ ਸਮਾਂ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਰਾਸ਼ਟਰਪਤੀ ਜੋਅ ਬਾਇਡਨ ਨੇ ਅਮਰੀਕੀ ਲੋਕਾਂ ਨੂੰ ਕਿਹਾ ਹੈ ਕਿ ਚੋਣਾਂ ਖਤਮ ਹੋ ਚੁੱਕੀਆਂ ਹਨ, ਹੁਣ ਸ਼ਾਂਤ ਹੋ ਜਾਵੋ ਤੇ ਇਕ ਦੂਸਰੇ ਪ੍ਰਤੀ ਸਾਰੇ ਗੁੱਸੇ ਗਿਲੇ ਭੁੱਲ ਜਾਵੋ। ਉਨ੍ਹਾਂ ਕਿਹਾ ਹੈ ਕਿ ਅਮਰੀਕੀ ਲੋਕ ਸ਼ਾਂਤਮਈ ਤੇ ਨਿਯਮਾਂ ਅਨੁਸਾਰ ਸੱਤਾ ਤਬਦੀਲੀ ਦੇ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਕਿਸੇ ਨੇ ਕਿਹੜੀ ਪਾਰਟੀ ਜਾਂ ਉਮੀਦਵਾਰ ਨੂੰ ਵੋਟ ਪਾਈ ਇਸ ਦਾ ਕੋਈ ਮਤਲਬ ਨਹੀਂ ਹੈ, ਹੁਣ ਇਕ ਦੂਸਰੇ ਪ੍ਰਤੀ ਸਾਰੀ ਕੜਵਾਹਟ ਛੱਡ ਕੇ ਰਲ-ਮਿਲ ਕੇ ਰਹਿਣ ਦਾ ਸਮਾਂ ਹੈ। ਉਨ੍ਹਾਂ ਕਿਹਾ "ਬਰਿੰਗ ਡਾਊਨ ਦਾ ਟੈਂਪਰੇਚਰ" ਅਰਥਾਤ ਪਾਰਾ ਹੇਠਾਂ ਲੈ ਆਓ। ਰਾਸ਼ਟਰਪਤੀ ਦਾ ਇਹ ਬਿਆਨ ਰਿਪਬਲੀਕਨ ਪਾਰਟੀ ਦੀ ਚੋਣ ਮੁਹਿੰਮ ਦੇ ਸੰਚਾਲਕਾਂ ਵੱਲੋਂ ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਤੇ ਰਾਸ਼ਟਰਪਤੀ ਬਾਇਡਨ ਵਿਚਾਲੇ ਹੋਈ ਫੋਨ ਉਪਰ ਗੱਲਬਾਤ ਤੋਂ ਬਾਅਦ ਆਇਆ ਹੈ। ਇਸ ਗੱਲਬਾਤ ਦੌਰਾਨ ਬਾਇਡਨ ਨੇ ਟਰੰਪ ਨੂੰ ਵਧਾਈ ਦਿੱਤੀ ਸੀ ਤੇ ਨਾਲ ਹੀ ਕਿਹਾ ਸੀ ਕਿ ਆਓ ਵ੍ਹਾਈਟ ਹਾਊਸ ਤੁਹਾਡੀ ਉਡੀਕ ਕਰ ਰਿਹਾ ਹੈ। ਚੋਣ ਮੁਹਿੰਮ ਦੇ ਬੁਲਾਰੇ ਸਟੀਵਨ ਚੇਉਂਗ ਨੇ ਕਿਹਾ ਹੈ ਕਿ ਬਾਇਡਨ ਨਾਲ ਅਗਲੀ ਮੀਟਿੰਗ ਬਾਰੇ ਟਰੰਪ ਤਿਆਰ ਹੈ ਤੇ ਇਹ ਮੀਟਿੰਗ ਬਹੁਤ ਛੇਤੀ ਹੋਵੇਗੀ। ਇਸ ਤੋਂ ਪਹਿਲਾਂ ਬਾਇਡਨ ਨੇ ਉਤਸ਼ਾਹਜਨਕ ਚੋਣ ਮੁਹਿੰਮ ਲਈ ਹੈਰਿਸ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਉਸ ਨੇ ਅੰਤ ਤੱਕ ਪੂਰੀ ਵਾਹ ਲਾਈ।

# ਅਮਰੀਕੀ ਲੋਕਾਂ ਦੀ ਸੇਵਾ ਕਰਨ ਲਈ ਕਦੀ ਵੀ ਚੈਨ ਨਾਲ ਨਹੀਂ ਬੈਠਾਂਗਾ : ਜੇ.ਡੀ. ਵੈਂਸ

■ ਉੱਪ ਰਾਸ਼ਟਰਪਤੀ ਵੱਲੋਂ ਆਪਣੀ ਭਾਰਤੀ ਮੂਲ ਦੀ ਪਤਨੀ; ਟਰੰਪ ਤੇ ਅਮਰੀਕੀ ਲੋਕਾਂ ਦਾ ਧੰਨਵਾਦ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਅਮਰੀਕੀ ਉੱਪ ਰਾਸ਼ਟਰਪਤੀ ਜੇ.ਡੀ. ਵੈਂਸ ਨੇ ਚੋਣਾਂ ਦੌਰਾਨ ਆਪਣੀ ਭਾਰਤੀ ਮੂਲ ਦੀ ਪਤਨੀ ਊਸ਼ਾ ਚਿਲੂਕੁਰੀ ਵੈਂਸ ਵੱਲੋਂ ਮਿਲੇ ਸਮਰਥਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਨੇ ਐਕਸ ਉਪਰ ਪਾਏ ਇਕ ਸੁਨੇਹੇ ਵਿਚ ਕਿਹਾ ਹੈ ਕਿ ਮੈਂ ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਨਾਲ ਆਪਣੀ ਚੋਣ ਮੁਹਿੰਮ ਦੌਰਾਨ ਪਤਨੀ ਊਸ਼ਾ ਚਿਲੂਕੁਰੀ ਵੱਲੋਂ ਮਿਲੇ ਬੇਮਿਸਾਲ ਅਟੱਲ ਸਮਰਥਨ ਲਈ ਉਨ੍ਹਾਂ ਦਾ ਦਿਲੋਂ ਧੰਨਵਾਦੀ ਹਾਂ। ਉਨ੍ਹਾਂ ਕਿਹਾ, "ਮੇਰੀ ਜਿੱਤ ਸੰਭਵ ਬਣਾਉਣ ਲਈ ਮੇਰੀ ਸੁੰਦਰ ਪਤਨੀ ਦਾ ਧੰਨਵਾਦ"। ਉਨ੍ਹਾਂ ਨੇ ਉੱਪ ਰਾਸ਼ਟਰਪਤੀ ਵਜੋਂ ਦੇਸ਼ ਦੀ ਸੇਵਾ ਕਰਨ ਲਈ ਮੌਕਾ ਦੇਣ ਵਾਸਤੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਵੀ ਧੰਨਵਾਦ ਕੀਤਾ ਹੈ। ਵੈਂਸ ਨੇ ਆਪਣੇ ਵਿਚ ਭਰੋਸਾ ਪ੍ਰਗਟਾਉਣ ਲਈ ਅਮਰੀਕੀ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਮੈਂ ਤੁਹਾਡੇ ਲਈ ਸੰਘਰਸ਼ ਕਰਨ ਵਾਸਤੇ ਕਦੀ ਵੀ ਚੈਨ ਨਾਲ ਨਹੀਂ ਬੈਠਾਂਗਾ। ਇਥੇ ਜ਼ਿਕਰਯੋਗ ਹੈ ਕਿ ਚੋਣ ਜਿੱਤਣ ਉਪਰੰਤ ਫਲੋਰਿਡਾ 'ਚ ਆਪਣੇ ਸੰਬੋਧਨ ਦੌਰਾਨ ਟਰੰਪ ਨੇ ਜੇ.ਡੀ. ਵੈਂਸ ਤੇ ਉਨ੍ਹਾਂ ਦੀ ਪਤਨੀ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਸੀ। ਉਨ੍ਹਾਂ ਨੇ ਮੰਚ ਤੋਂ ਪਹਿਲੀ ਵਾਰੀ ਜੇ.ਡੀ. ਵੈਂਸ ਦਾ ਹਵਾਲਾ ਉੱਪ ਰਾਸ਼ਟਰਪਤੀ ਵਜੋਂ ਦਿੱਤਾ, ਵੈਂਸ ਨੇ ਚੋਣ ਨਤੀਜਿਆਂ ਨੂੰ ਇਤਿਹਾਸਕ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਨਤੀਜੇ ਅਮਰੀਕਾ ਦੇ ਇਤਿਹਾਸ ਵਿਚ ਰਾਜਸੀ ਵਾਪਸੀ ਦੀ ਸਭ ਤੋਂ ਵੱਡੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਟਰੰਪ ਦੀ ਅਗਵਾਈ 'ਚ ਅਸੀਂ ਤੁਹਾਡੇ ਸੁਪਨਿਆਂ ਦੀ ਪੂਰਤੀ ਲਈ ਤੇ ਤੁਹਾਡੇ ਬੱਚਿਆਂ ਦੇ ਭਵਿੱਖ ਨੂੰ ਸੁਨਹਿਰਾ ਬਣਾਉਣ ਵਾਸਤੇ ਕੋਈ ਕਸਰ ਬਾਕੀ ਨਹੀਂ ਛੱਡਾਂਗੇ ਤੇ ਇਸ ਵਾਸਤੇ ਨਿਰੰਤਰ ਸੰਘਰਸ਼ ਕਰਾਂਗੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਰੀਜ਼ੋਨਾ ਦੀ ਚੋਣ ਜਿੱਤੀ

- ਹੈਰਿਸ ਨੂੰ 7 ਅਹਿਮ ਸੂਬਿਆਂ 'ਚ ਹਰਾਇਆ
- ਟਰੰਪ ਦੇ ਇਲੈਕਟੋਰਲ ਵੋਟਾਂ ਦੀ ਗਿਣਤੀ 312 ਹੋਈ;
- ਰਿਪਬਲਿਕਨ ਪਾਰਟੀ ਪ੍ਰਤੀਨਿਧ ਸਦਨ 'ਚ ਬਹੁਮਤ ਹਾਸਲ ਕਰਨ ਤੋਂ ਦੋ ਕਦਮ ਦੂਰ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਰੀਜ਼ੋਨਾ ਦੀ ਚੋਣ ਜਿੱਤ ਲਈ ਹੈ। ਇਸ ਜਿੱਤ ਨਾਲ ਟਰੰਪ ਨੇ ਆਪਣੀ ਵਿਰੋਧੀ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਨੂੰ ਸਾਰੇ ਸੱਤ ਅਹਿਮ ਰਾਜਾਂ ਜਿਨ੍ਹਾਂ ਨੂੰ ਸਵਿੰਗ ਸਟੇਟਸ ਮੰਨਿਆ ਜਾਂਦਾ ਹੈ, ਵਿਚ ਸ਼ਿਕਸਤ ਦਿੱਤੀ ਹੈ। ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਦੀ ਜਿੱਤ ਹਾਰ ਵਿਚ ਇਨ੍ਹਾਂ ਸਵਿੰਗ ਸਟੇਟਸ ਦੀ ਹਮੇਸ਼ਾ ਫੈਸਲਾਕੁੰਨ ਭੂਮਿਕਾ ਰਹੀ ਹੈ। ਇਹ ਸੱਤ ਰਾਜ ਐਰੀਜ਼ੋਨਾ, ਵਿਸਕਾਨਸਿਨ, ਮਿਸ਼ੀਗਨ, ਪੈਨਸਿਲਵੇਨੀਆ, ਨੌਰਥ ਕੈਰੋਲੀਨਾ ਤੇ ਜੌਰਜੀਆ ਹਨ। ਐਰੀਜ਼ੋਨਾ ਵਿਚ ਜਿੱਤ ਨਾਲ ਟਰੰਪ ਦੀਆਂ ਇਲੈਕਟੋਰਲ ਕਾਲਜ ਵੋਟਾਂ ਦੀ ਗਿਣਤੀ 312 ਹੋ ਗਈ ਹੈ, ਜਦੋਂਕਿ ਉਪ ਰਾਸ਼ਟਰਪਤੀ ਹੈਰਿਸ ਨੂੰ 226 ਇਲੈਕਟੋਰਲ ਵੋਟ ਮਿਲੇ ਹਨ। ਐਰੀਜ਼ੋਨਾ ਦੇ ਕੁੱਲ 11 ਇਲੈਕਟੋਰਲ ਵੋਟ ਹਨ।

ਰਾਸ਼ਟਰਪਤੀ ਚੋਣਾਂ ਵਿਚ ਮਿਲੀ ਜਿੱਤ ਨਾਲ ਰਿਪਬਲਿਕਨ ਪਾਰਟੀ ਨੇ ਚਾਰ ਸਾਲਾਂ ਦੇ ਵਕਫ਼ੇ ਮਗਰੋਂ ਮੁੜ ਸੈਨੇਟ ਦਾ ਕੰਟਰੋਲ ਹਾਸਲ ਕਰ ਲਿਆ ਹੈ ਤੇ ਪ੍ਰਤੀਨਿਧ ਸਦਨ 'ਚ ਬਹੁਮਤ ਹਾਸਲ ਕਰਨ ਦੀ ਤਿਆਰੀ ਖਿੱਚ ਲਈ ਹੈ। ਮੌਜੂਦਾ ਸਮੇਂ ਪਾਰਟੀ ਕੋਲ ਸੈਨੇਟ ਵਿਚ 52 ਸੀਟਾਂ ਹਨ, ਜਦੋਂਕਿ ਡੈਮੋਕਰੈਟਸ ਕੋਲ 47 ਸੀਟਾਂ ਹਨ। ਸਦਨ ਵਿਚ ਰਿਪਬਲਿਕਨਾਂ ਨੇ ਡੈਮੋਕਰੈਟਸ ਦੀਆਂ 209 ਸੀਟਾਂ ਦੇ ਮੁਕਾਬਲੇ ਹੁਣ ਤੱਕ 216 ਸੀਟਾਂ ਜਿੱਤ ਲਈਆਂ ਹਨ। ਬਹੁਮਤ ਦਾ ਜਾਦੂਈ ਅੰਕੜਾ 218 ਹੈ। ਰਿਪਬਲਿਕਨਾਂ ਨੂੰ ਪੂਰਾ ਭਰੋਸਾ ਹੈ ਕਿ ਉਹ ਬਹੁਮਤ ਹਾਸਲ ਕਰ ਲੈਣਗੇ। ਰਾਸ਼ਟਰਪਤੀ ਜੋਅ ਬਾਇਡਨ 2020 ਵਿਚ ਪਹਿਲੇ ਡੈਮੋਕਰੈਟ ਸਨ, ਜਿਨ੍ਹਾਂ ਐਰੀਜ਼ੋਨਾ ਜਿੱਤਿਆ ਸੀ। ਇਸ ਤੋਂ ਪਹਿਲਾਂ 1996 ਵਿਚ ਬਿਲ ਕਲਿੰਟਨ ਨੇ ਅਜਿਹਾ ਕੀਤਾ ਸੀ। ਟਰੰਪ ਨੇ ਹੁਣ ਐਰੀਜ਼ੋਨਾ ਮੁੜ ਹਾਸਲ ਕਰ ਲਿਆ ਹੈ। ਟਰੰਪ ਨੇ ਚੋਣ ਪ੍ਰਚਾਰ ਦੌਰਾਨ ਸੀਮਾ ਸੁਰੱਖਿਆ, ਇੰਮੀਗ੍ਰੇਸ਼ਨ ਅਤੇ ਗ਼ੈਰਕਾਨੂੰਨੀ ਸ਼ਰਨਾਰਥੀਆਂ ਵੱਲੋਂ ਕੀਤੇ ਗਏ ਅਪਰਾਧਾਂ ਦੇ ਮੁੱਦੇ ਉਭਾਰੇ ਸਨ। ਉਨ੍ਹਾਂ ਨੇ ਗ਼ੈਰਕਾਨੂੰਨੀ ਸ਼ਰਨਾਰਥੀਆਂ ਨੂੰ ਵਾਪਸ ਉਨ੍ਹਾਂ ਦੇ ਦੇਸ਼ ਭੇਜਣ ਤੇ ਮਿਲਟਰੀ ਬਜਟ ਦਾ ਕੁਝ ਹਿੱਸਾ ਬਾਰਡਰ ਫੰਡਿੰਗ ਲਈ ਵਰਤਣ ਦਾ ਅਹਿਦ ਕੀਤਾ ਸੀ।

# ਗੁਰਬਖ਼ਸ਼ ਸਿੰਘ ਸਿੱਧੂ ਨੇ ਗੋਲਡ ਕੋਸਟ, ਕੁਈਨਜ਼ਲੈਂਡ, ਆਸਟ੍ਰੇਲੀਆ ਖੇਡਾਂ ਵਿਚ ਗੋਲਡ ਮੈਡਲ ਜਿੱਤੇ



**ਫਰਿਜ਼ਨੋ, (ਪੰਜਾਬ ਮੇਲ)-** ਫਰਿਜ਼ਨੋ ਨਿਵਾਸੀ ਗੁਰਬਖ਼ਸ਼ ਸਿੰਘ ਸਿੱਧੂ ਅਕਸਰ ਸੀਨੀਅਰ ਖੇਡਾਂ ਵਿਚ ਹਿੱਸਾ ਲੈ ਕੇ ਮੈਡਲ ਜਿੱਤਕੇ ਪੰਜਾਬੀ ਭਾਈਚਾਰੇ ਨੂੰ ਮਾਣ ਦਿਵਾਉਂਦੇ ਰਹਿੰਦੇ ਨੇ। ਅੱਜਕੱਲ੍ਹ ਉਹ 13ਵੀਆਂ ਪੈਨ ਪੈਸੀਫਿਕ ਮਾਸਟਰਜ਼ ਗੇਮਸ, 2024 ਵਿਚ ਹਿੱਸਾ ਲੈਣ ਲਈ ਆਸਟਰੇਲੀਆ ਗਏ ਹੋਏ ਹਨ। ਜਿੱਥੇ ਉਨ੍ਹਾਂ 8, 9 ਅਤੇ 10 ਨਵੰਬਰ ਨੂੰ ਕੁਈਨਜ਼ਲੈਂਡ ਸਪੋਰਟਸ ਐਂਡ ਐਥਲੈਟਿਕਸ ਕੰਪਲੈਕਸ ਵਿਚ ਟ੍ਰੈਕ ਅਤੇ ਫੀਲਡ ਮੁਕਾਬਲਿਆਂ ਵਿਚ ਹਿੱਸਾ ਲਿਆ। ਉਨ੍ਹਾਂ ਹੈਮਰ ਥਰੋਅ ਵਿਚ ਗੋਲਡ ਮੈਡਲ, ਵੇਟ ਥਰੋਅ ਵਿਚ ਗੋਲਡ ਮੈਡਲ, ਜੈਵਲਿਨ ਥਰੋਅ ਵਿਚ ਗੋਲਡ ਮੈਡਲ ਅਤੇ ਥਰੋਅ ਪੈਂਟਾਥਲੋਨ ਵਿਚ ਗੋਲਡ ਮੈਡਲ ਜਿੱਤਿਆ। ਸ਼ਾਟ ਪੁਟ ਵਿਚ ਵੀ ਕਾਂਸੀ ਦਾ ਤਗਮਾ ਜਿੱਤਿਆ।

ਸਾਰੇ ਟ੍ਰੈਕ ਅਤੇ ਫੀਲਡ ਈਵੈਂਟਸ ਵਿਚ ਵੱਖ-ਵੱਖ ਉਮਰ ਵਰਗਾਂ ਦੇ ਬਹੁਤ ਸਾਰੇ ਅਥਲੀਟ ਪੁਰਸ਼ ਔਰਤਾਂ ਨੇ ਭਾਗ ਲਿਆ। ਅਥਲੀਟ ਅਮਰੀਕਾ, ਕੈਨੇਡਾ, ਨਿਊਜ਼ੀਲੈਂਡ, ਫਿਜੀ ਟਾਪੂ ਅਤੇ ਹੋਰ ਕਈ ਦੇਸ਼ਾਂ ਤੋਂ ਆਏ ਸਨ। 35 ਖੇਡ ਮੁਕਾਬਲਿਆਂ ਵਿਚ 40 ਦੇਸ਼ਾਂ ਨੇ ਹਿੱਸਾ ਲਿਆ। ਇਹ ਖੇਡਾਂ ਹਰ ਦੂਜੇ ਸਾਲ ਹੁੰਦੀਆਂ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇਵਾਡਾ ਅਤੇ ਹੰਟਸਮੈਨ ਸੀਨੀਅਰ ਗੇਮਜ਼ ਸੇਂਟ ਜੌਰਜ਼ ਯੂਟਾ ਤੋਂ ਵੀ ਮੈਡਲ ਜਿੱਤੇ ਸਨ।

# ਟਰੰਪ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਈਰਾਨੀ ਨਾਗਰਿਕ 'ਤੇ ਦੋਸ਼

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕੀ ਨਿਆਂ ਵਿਭਾਗ ਨੇ ਸ਼ੁੱਕਰਵਾਰ ਨੂੰ ਇੱਕ ਇਰਾਨੀ ਨਾਗਰਿਕ 'ਤੇ ਦੋਸ਼ ਲਾਏ ਹਨ ਕਿ ਇਰਾਨ ਵੱਲੋਂ ਕਥਿਤ ਤੌਰ 'ਤੇ ਰਾਸ਼ਟਰਪਤੀ ਚੋਣਾਂ ਮੌਕੇ ਡੋਨਲਡ ਟਰੰਪ ਦੀ ਹੱਤਿਆ ਕਰਨ ਲਈ ਉਸਨੂੰ ਟੈਪ ਕੀਤਾ ਗਿਆ ਸੀ। ਸੰਯੁਕਤ ਰਾਜ ਵਿਭਾਗ ਦੇ ਅਨੁਸਾਰ ਇਰਾਨ ਦੇ 51 ਸਾਲਾ ਫਰਹਾਦ ਸ਼ਾਕੇਰੀ 'ਤੇ ਇਰਾਨੀ ਸ਼ਾਸਨ ਦੀ ਜਾਇਦਾਦ ਵਜੋਂ ਦੋਸ਼ ਲਗਾਇਆ ਗਿਆ ਸੀ। ਉਕਤ ਵਿਕਅਤੀ ਨੂੰ ਸ਼ਾਸਨ ਵੱਲੋਂ ਅਪਰਾਧਿਕ ਸਹਿਯੋਗੀਆਂ ਦੇ ਇੱਕ ਨੈੱਟਵਰਕ ਨੂੰ ਆਪਣੇ ਟੀਚਿਆਂ ਦੇ ਵਿਰੁੱਧ ਇਰਾਨ ਦੀ ਹੱਤਿਆ ਦੀਆਂ ਸਾਜ਼ਿਸ਼ਾਂ ਨੂੰ ਅੱਗੇ ਵਧਾਉਣ ਲਈ ਨਿਰਦੇਸ਼ਤ ਕਰਨ ਦਾ ਕੰਮ ਸੌਂਪਿਆ ਗਿਆ ਸੀ।

ਐੱਫ.ਬੀ.ਆਈ. ਦੇ ਡਾਇਰੈਕਟਰ ਕ੍ਰਿਸਟੋਫਰ ਵੇਅ ਨੇ ਕਿਹਾ ਕਿ ਐਲਾਨੇ ਗਏ ਦੋਸ਼ਾਂ ਨੇ ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ, ਹੋਰ ਸਰਕਾਰੀ ਆਗੂਆਂ ਅਤੇ ਤਹਿਰਾਨ ਵਿਚ ਸ਼ਾਸਨ ਦੀ ਆਲੋਚਨਾ ਕਰਨ ਵਾਲੇ ਅਸੰਤੁਸ਼ਟ ਲੋਕਾਂ ਸਮੇਤ ਅਮਰੀਕੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਲਗਾਤਾਰ ਕੋਸ਼ਿਸ਼ਾਂ ਦਾ ਪਰਦਾਫਾਸ਼ ਕੀਤਾ ਹੈ।

ਨਿਆਂ ਵਿਭਾਗ ਨੇ ਇਰਾਨੀ ਸ਼ਾਸਨ ਦੀ ਇੱਕ ਸੰਪੱਤੀ 'ਤੇ ਦੋਸ਼ ਲਾਇਆ ਹੈ ਕਿ ਸ਼ਾਸਨ ਵੱਲੋਂ ਰਾਸ਼ਟਰਪਤੀ ਡੋਨਲਡ ਟਰੰਪ ਸਮੇਤ ਆਪਣੇ ਹੋਰ ਟੀਚਿਆਂ ਲਈ ਇਰਾਨ ਦੀਆਂ ਹੱਤਿਆ ਦੀਆਂ ਸਾਜ਼ਿਸ਼ਾਂ ਨੂੰ ਅੱਗੇ ਵਧਾਉਣ ਲਈ ਅਪਰਾਧਿਕ ਸਹਿਯੋਗੀਆਂ ਦੇ ਇੱਕ ਨੈੱਟਵਰਕ ਨੂੰ ਨਿਰਦੇਸ਼ਤ ਕਰਨ ਦਾ ਕੰਮ ਸੌਂਪਿਆ ਗਿਆ ਸੀ।

ਬਿਆਨ ਵਿਚ ਕਿਹਾ ਗਿਆ ਹੈ ਕਿ ਅਸੀਂ ਦੋ ਵਿਅਕਤੀਆਂ ਨੂੰ ਵੀ ਚਾਰਜ ਕੀਤਾ ਹੈ ਅਤੇ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਬਾਰੇ ਅਸੀਂ ਦੋਸ਼ ਲਗਾਉਂਦੇ ਹਾਂ ਕਿ ਉਨ੍ਹਾਂ ਨੂੰ ਅਮਰੀਕਾ ਦੀ ਧਰਤੀ 'ਤੇ ਸ਼ਾਂਤ ਰਹਿਣ ਅਤੇ ਮਾਰਨ ਲਈ ਉਸ ਨੈਟਵਰਕ ਦੇ ਹਿੱਸੇ ਵਜੋਂ ਭਰਤੀ ਕੀਤਾ ਗਿਆ ਸੀ। ਕਿਹਾ ਗਿਆ ਹੈ ਕਿ ਅਮਰੀਕੀ ਲੋਕਾਂ ਅਤੇ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਨੂੰ ਖਤਰੇ ਵਿਚ ਪਾਉਣ ਲਈ ਅਸੀਂ ਇਰਾਨੀ ਸ਼ਾਸਨ ਦੀਆਂ ਕੋਸ਼ਿਸ਼ਾਂ ਲਈ ਖੜ੍ਹੇ ਨਹੀਂ ਹੋਵਾਂਗੇ।




ਟਰੰਪ 'ਤੇ ਹਮਲਾ ਹੋਣ ਮੌਕੇ ਦੀ ਪੁਰਾਣੀ ਤਸਵੀਰ।

ਫਰਹਾਦ ਸ਼ਾਕੇਰੀ, ਕਾਰਲਿਸਲ ਰਿਵੇਰਾ ਜਿਸਨੂੰ ਪੌਪ (49) ਬਰੁਕਲਿਨ ਨਿਊਯਾਰਕ ਦੇ ਵਜੋਂ ਵੀ ਜਾਣਿਆ ਜਾਂਦਾ ਹੈ ਅਤੇ ਸਟੇਟਨ ਆਈਲੈਂਡ ਨਿਊਯਾਰਕ ਦੇ ਜੋਨਾਥਨ ਲੋਡਹੋਲਟ (36) ਨੂੰ ਨਿਊਯਾਰਕ 'ਚ ਇਰਾਨੀ ਮੂਲ ਦੇ ਇੱਕ ਅਮਰੀਕੀ ਨਾਗਰਿਕ ਦੀ ਹੱਤਿਆ ਦੀ ਸਾਜ਼ਿਸ਼ ਵਿਚ ਕਥਿਤ ਸ਼ਮੂਲੀਅਤ ਦੇ ਸਬੰਧ ਵਿਚ ਇੱਕ ਅਪਰਾਧਿਕ ਸ਼ਿਕਾਇਤ ਵਿਚ ਚਾਰਜ ਕੀਤਾ ਗਿਆ ਸੀ। ਰਿਵੇਰਾ ਨੂੰ ਬਰੁਕਲਿਨ ਨਿਊਯਾਰਕ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਲੋਡਹੋਲਟ ਨੂੰ ਸਟੇਟਨ ਆਈਲੈਂਡ ਨਿਊਯਾਰਕ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਸ਼ਾਕੇਰੀ ਫਰਾਰ ਹੈ ਅਤੇ ਮੰਨਿਆ ਜਾਂਦਾ ਹੈ ਕਿ ਉਹ ਈਰਾਨ ਵਿਚ ਰਹਿੰਦਾ ਹੈ।

ਅਟਾਰਨੀ ਜਨਰਲ ਮੈਰਿਕ ਬੀ ਗਾਰਲੈਂਡ ਨੇ ਕਿਹਾ ਕਿ ਦੁਨੀਆਂ ਵਿਚ ਕੁਝ ਅਜਿਹੇ ਅਦਾਕਾਰ ਹਨ, ਜੋ ਇਰਾਨ ਵਾਂਗ ਸੰਯੁਕਤ ਰਾਜ ਦੀ ਰਾਸ਼ਟਰੀ ਸੁਰੱਖਿਆ ਲਈ ਗੰਭੀਰ ਖਤਰਾ ਬਣਦੇ ਹਨ। ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਅਮਰੀਕੀ ਅਟਾਰਨੀ ਡੈਮਿਅਨ ਵਿਲੀਅਮਜ਼ ਨੇ ਕਿਹਾ ਕਿ ਇਰਾਨ ਸਰਕਾਰ ਦੁਆਰਾ ਨਿਰਦੇਸ਼ਿਤ ਅਦਾਕਾਰ ਅਮਰੀਕਾ ਦੀ ਧਰਤੀ ਅਤੇ ਵਿਦੇਸ਼ਾਂ 'ਤੇ ਚੁਣੇ ਗਏ ਰਾਸ਼ਟਰਪਤੀ ਟਰੰਪ ਸਮੇਤ ਸਾਡੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਂਦੇ ਰਹਿੰਦੇ ਹਨ। ਇਸ ਨੂੰ ਰੋਕਣਾ ਚਾਹੀਦਾ ਹੈ।



# ਲੈਥਰੋਪ ਦੇ ਮੇਅਰ ਸੋਨੀ ਧਾਲੀਵਾਲ ਸੈਨਵਾਕਿਨ ਕਾਉਂਟੀ ਦੇ ਸੁਪਰਵਾਈਜ਼ਰ ਤੇ ਐਲਕ ਗਰੋਵ ਦੀ ਮੇਅਰ ਬੌਬੀ ਸਿੰਘ ਐਲਨ ਤੀਜੀ ਵਾਰ ਜਿੱਤੀ

- ਜਸਮੀਤ ਕੌਰ ਬੈਂਸ ਅਸੈਂਬਲੀ ਦੂਜੀ ਵਾਰ ਜਿੱਤੀ
- ਗੈਰੀ ਸਿੰਘ ਯੂਨੀਅਨ ਸਿਟੀ ਦੇ ਮੇਅਰ ਤੇ ਰਾਜ ਸਲਵਾਨ ਫਰੀਮਾਂਟ ਸਿਟੀ ਦੇ ਮੇਅਰ ਬਣੇ



ਸੁਖਮਿੰਦਰ ਸਿੰਘ ਧਾਲੀਵਾਲ, ਕਾਊਂਟੀ ਸੁਪਰਵਾਈਜ਼ਰ, ਬੌਬੀ ਸਿੰਘ ਐਲਨ, ਮੇਅਰ ਐਲਕ ਗਰੋਵ, ਡਾ. ਜਸਮੀਤ ਕੌਰ ਬੈਂਸ, ਅਸੈਂਬਲੀ ਵੂਮੈਨ, ਗੈਰੀ ਸਿੰਘ, ਮੇਅਰ ਯੂਨੀਅਨ ਸਿਟੀ, ਰਾਜ ਸਲਵਾਨ, ਮੇਅਰ ਫਰੀਮਾਂਟ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਅਮਰੀਕਾ ਵਿਚ ਹੋਈਆਂ ਚੋਣਾਂ ਦੌਰਾਨ ਵੱਖ-ਵੱਖ ਪੰਜਾਬੀ ਉਮੀਦਵਾਰਾਂ ਨੇ ਵੱਖ-ਵੱਖ ਖਿੱਤਿਆਂ ਤੇ ਅਹੁਦੇਦਾਰੀਆਂ ਵਿਚ ਮੱਲ੍ਹਾਂ ਮਾਰੀਆਂ। ਬਿਨਾਂ ਸ਼ੱਕ ਪਿਛਲੀ ਚੋਣ ਨਾਲੋਂ ਐਤਕਾਂ ਪੰਜਾਬੀਆਂ ਨੇ ਜਿੱਤਾਂ ਪ੍ਰਾਪਤ ਕਰਕੇ ਰਿਕਾਰਡ ਕਾਇਮ ਕੀਤੇ, ਜਿਨ੍ਹਾਂ ਵਿਚ ਵਿਸ਼ੇਸ਼ ਤੌਰ ’ਤੇ:-

**ਸੁਖਮਿੰਦਰ ਸਿੰਘ ਧਾਲੀਵਾਲ ਕਾਊਂਟੀ ਸੁਪਰਵਾਈਜਰ:** ਲੈਥਰੋਪ ਸਿਟੀ ਦੇ ਮੇਅਰ ਸੋਨੀ ਧਾਲੀਵਾਲ ਉਰਫ ਸੁਖਮਿੰਦਰ ਸਿੰਘ ਧਾਲੀਵਾਲ ਜੋ ਐਤਕਾਂ ਡਿਸਟ੍ਰਿਕਟ 3 ਵਿਚ ਸੈਨਵਾਕਿਨ ਕਾਉਂਟੀ ਦੇ ਸੁਪਰਵਾਈਜ਼ਰ ਵਜੋਂ ਚੋਣ ਲੜ ਰਹੇ ਸਨ, ਆਪਣੀ ਚੋਣ ਜਿੱਤ ਗਏ ਹਨ, ਜਿਸ ਨੇ ਕਿ ਪ੍ਰਾਇਮਰੀ ਚੋਣਾਂ ਵਿਚ ਵੀ ਸਭ ਤੋਂ ਵੱਧ ਵੋਟਾਂ ਹਾਸਲ ਕੀਤੀਆਂ ਸਨ। ਉਨਾਂ ਨੇ ਆਪਣੇ ਵਿਰੋਧੀ ਸਟੀਵ ਡੀਬਰਮ ਨੂਮ ਤਕੜੇ ਮੁਕਾਬਲੇ ਹਰਾਇਆ। ਸਟਾਕਟਨ ਦੇ ਪੱਛਮੀ ਹਿੱਸੇ ’ਚ ਆਉਂਦੇ ਲੈਥਰੋਪ ਦੇ ਡਿਸਟ੍ਰਿਕਟ 3 ਜਿਸ ਵਿਚ ਬਹੁਤੇ ਪੰਜਾਬੀ ਲੋਕ ਵੀ ਨਹੀਂ ਹਨ ਤੇ ਦੂਸਰੇ ਪਾਸੇ ਮਨਟੀਕਾ ਦੇ ਮੇਅਰ ਜਿਸਦੀ ਮਿਆਦ ਜਲਦੀ ਪੂਰੀ ਹੋਣ ਵਾਲੀ ਹੈ, ਉਤੇ ਧਾਲੀਵਾਲ ਨੇ ਜਿੱਤ ਪ੍ਰਾਪਤ ਕੀਤੀ। ਸੁਖਮਿੰਦਰ ਧਾਲੀਵਾਲ ਦਾ ਪਿਛੋਕੜ ਸ਼ਹੀਦ ਭਗਤ ਸਿੰਘ ਨਗਰ ਦੇ ਬੰਗਾ ਤਹਿਸੀਲ ਦੇ ਪਿੰਡ ਲੰਗਰੀ ਤੋਂ ਹੈ। ਇਥੇ ਸਥਾਨਕ ਭਾਈਚਾਰੇ ਵਿਚ ਖਾਸਾ ਰਸੂਖ ਹੈ। ਉਸਨੇ ਆਪਣਾ ਸਿਆਸੀ ਜੀਵਨ ਸਿਟੀ ਕੌਂਸਲ ਅਤੇ ਫਿਰ ਮੇਅਰ ਤੱਕ ਜਾਣ ਤੋਂ ਪਹਿਲਾਂ ਲੈਥਰੋਪ ਦੇ ਯੋਜਨਾ ਕਮਿਸ਼ਨ ਨਾਲ ਸ਼ੁਰੂਆਤ ਕੀਤਾ। ਉਹ ਲੈਥਰੋਪ ਦੇ ਛੇ ਵਾਰ ਮੇਅਰ ਰਹੇ।

**ਬੌਬੀ ਸਿੰਘ ਐਲਨ, ਐਲਕ ਗਰੋਵ ਮੇਅਰ:** ਇਸ ਉਪਰੰਤ ਸੈਕਰਾਮੈਂਟੋ ਲਾਗੇ ਐਲਕ ਗਰੋਵ ਦੀ ਮੇਅਰ ਬੌਬੀ ਸਿੰਘ ਐਲਨ ਦੂਜੀ ਵਾਰ ਕਰੀਬ 70% ਫੀਸਦੀ ਵੋਟਾਂ ਲੈ ਕੇ ਜੇਤੂ ਰਹੀ। ਬੌਬੀ ਸਿੰਘ ਐਲਨ ਜਿਸਦਾ ਪਿਛੋਕੜ ਜਲੰਧਰ ਤੋਂ ਹੈ, ਨੇ ਦੱਸਿਆ ਕਿ ਮੇਰੀ ਜਿੱਤ ਮਗਰ ਪੰਜਾਬੀ ਭਾਈਚਾਰੇ ਦਾ ਪੂਰਾ ਯੋਗਦਾਨ ਹੈ। ਉਹਦੀ ਇਹ ਜਿੱਤ ਐਲਕ ਗਰੋਵ ਸ਼ਹਿਰ ਲਈ ਪਹਿਲਾਂ ਨਾਲੋਂ ਬਿਹਤਰ ਕੰਮ ਕਰਨ ਦੀ ਸਮਰੱਥਾ ਪ੍ਰਦਾਨ ਕਰੇਗੀ। ਇਸ ਮੌਕੇ ਬੌਬੀ ਸਿੰਘ ਐਲਨ ਦੇ ਪਿਤਾ ਸਰਦਾਰ ਲੱਖੀ ਸਿੰਘ ਨੇ ਵੀ ਸਮੁੱਚੇ ਭਾਈਚਾਰੇ ਦਾ ਧੰਨਵਾਦ ਕੀਤਾ।

**ਜਸਮੀਤ ਕੌਰ ਬੈਂਸ ਅਸੈਂਬਲੀ ਵੂਮੈਨ:** ਪੰਜਾਬੀ ਖਾਸ ਤੌਰ ’ਤੇ ਸਿੱਖ ਭਾਈਚਾਰੇ ਸਿੱਖ ਭਾਈਚਾਰੇ ਲਈ ਡੱਟ ਕੇ ਖੜ੍ਹਨ ਵਾਲੀ ਤੇ 1984 ਦੇ ਕਤਲੇਆਮ ਦਾ ਮਤਾ ਕੈਲੀਫੋਰਨੀਆ ਅਸੈਂਬਲੀ ਵਿਚ ਪਾਸ ਕਰਾਉਣ ਵਾਲੀ ਡਿਸਟ੍ਰਿਕ 35 ਤੋਂ ਡੈਮੋਕ੍ਰੇਟਿਕ ਉਮੀਦਵਾਰ ਜਸਮੀਤ ਕੌਰ ਬੈਂਸ ਨੇ ਆਪਣੇ ਰਿਪਬਲਿਕਨ ਉਮੀਦਵਾਰ ਰੋਬਟ ਰੋਸਾਸ ਨੂੰ ਹਰਾਇਆ। ਇਸ ਦੌਰਾਨ ਜਸਮੀਤ ਕੌਰ ਬੈਂਸ ਨੂੰ ਕਰੀਬ 57% ਵੋਟਾਂ ਪਈਆਂ ਤੇ ਉਸਦੇ ਰਿਪਬਲਿਕਨ ਵਿਰੋਧੀ ਰੋਬਟ ਰਸਾਸ ਨੂੰ 43% ਵੋਟਾਂ ਪਈਆਂ। ਇੱਥੇ ਵਰਨਣ ਕਰਨਾ ਜ਼ਰੂਰੀ ਹੈ ਕਿ ਜਸਮੀਤ ਕੌਰ ਬੈਂਸ ਦੂਜੀ ਵਾਰ ਅਸੈਂਬਲੀ ਵੂਮੈਨ ਦੀ ਚੋਣ ਜਿੱਤੀ, ਜੋ ਕਿ ਡਿਸਟ੍ਰਿਕਟ 35 ਬੇਕਰਸਫੀਲਡ ਏਰੀਆ ਦਾ ਡਿਸਟ੍ਰਿਕ ਹੈ।

**ਗੈਰੀ ਸਿੰਘ ਮੇਅਰ ਯੂਨੀਅਨ ਸਿਟੀ:** ਸਾਬਤ ਸੂਰਤ ਸਿੱਖ ਗੈਰੀ ਸਿੰਘ ਯੂਨੀਅਨ ਸਿਟੀ ਦੇ ਮੇਅਰ ਬਣੇ, ਜਿਸ ਨੇ ਆਪਣੇ ਵਿਰੋਧੀ ਐਮਲੀ ਡੰਕਨ ਨੂੰ ਹਰਾਇਆ। ਇਸ ਤੋਂ ਪਹਿਲਾਂ ਗੈਰੀ ਸਿੰਘ 2006 ਤੋਂ ਲੈ ਕੇ 2014 ਤੱਕ ਯੋਜਨਾ ਕਮਿਸ਼ਨਰ ਰਹੇ ਤੇ ਸਿਟੀ ਕੌਂਸਲ ਵੀ ਰਹੇ। ਉਹ 30 ਸਾਲਾਂ ਤੋਂ ਯੂਨੀਅਨ ਸਿਟੀ ਦੇ ਵਸਨੀਕ ਹਨ ਤੇ ਬੇਅ ਸਟਾਰ ਆਟੋ ਦੇ ਮਾਲਕ ਹਨ। ਪੰਜਾਬੀ ਖਾਸ ਤੌਰ ’ਤੇ ਸਿੱਖ ਭਾਈਚਾਰੇ ਵਿਚ ਉਨ੍ਹਾਂ ਦੀ ਦਿਆਨਤਦਾਰੀ ਤੇ ਸਤਿਕਾਰ ਕਾਫੀ ਸਮੇਂ ਤੋਂ ਹੈ, ਜਿਸ ਕਰਕੇ ਸਮੁੱਚੇ ਪੰਜਾਬੀ ਭਾਈਚਾਰੇ ਨੇ ਇੱਕ ਹੋ ਕੇ ਉਨ੍ਹਾਂ ਨੂੰ ਜਿਤਾਇਆ। ਸਰਦਾਰ ਗੈਰੀ ਸਿੰਘ ਪਹਿਲੇ ਅਮਰੀਕਨ ਗੁਰਸਿੱਖ ਹਨ, ਜਿਨਾਂ ਨੇ ਕਿਸੇ ਸ਼ਹਿਰ ਦੇ ਮੇਅਰ ਦੀ ਚੋਣ ਜਿੱਤੀ।

**ਰਾਜ ਸਲਵਾਨ ਫਰੀਮਾਂਟ ਮੇਅਰ:** ਬੇ ਏਰੀਆ ਦਾ ਖਾਸ ਸ਼ਹਿਰ ਫਰੀਮਾਂਟ ਜਿਸ ਵਿਚ ਪੰਜਾਬੀ ਦੇ ਰਾਜ ਸਲਵਾਨ ਨੇ ਮੇਅਰ ਵਜੋਂ ਚੋਣ ਜਿੱਤੀ। ਇਸ ਦੌਰਾਨ ਉਨ੍ਹਾਂ ਨੂੰ 47% ਤੇ ਉਨ੍ਹਾਂ ਦੇ ਵਿਰੋਧੀ ਬੇਕਨ ਨੂੰ 31% ਵੋਟਾਂ ਪਈਆਂ। ਇਸ ਦੌਰਾਨ ਚਾਰ ਖੜ੍ਹੇ ਹੋਏ ਉਮੀਦਵਾਰਾਂ ਵਿਚੋਂ ਸਭ ਤੋਂ ਵੱਧ ਵੋਟਾਂ ਰਾਜ ਸਲਵਾਨ ਨੂੰ ਪਈਆਂ। ਵਰਣਨਯੋਗ ਹੈ ਕਿ ਰਾਜ ਸਲਮਾਨ ਪਹਿਲਾਂ ਵੀ ਦੋ ਵਾਰ ਵਾਈਸ ਮੇਅਰ ਰਹਿ ਚੁੱਕੇ ਹਨ। ਇਸ ਤੋਂ ਇਲਾਵਾ ਰਾਜ ਸਲਵਾਨ ਪਿਛਲੇ ਅੱਠ ਸਾਲਾਂ ਤੋਂ ਫਰੀਮਾਂਟ ਸਿਟੀ ਕੌਂਸਲ ਵਿਚ ਵੀ ਰਹਿ ਚੁੱਕੇ ਹਨ। ਰਾਜ ਸਲਵਾਨ ਦਾ ਫਰੀਮਾਂਟ ਪੰਜਾਬੀ ਭਾਈਚਾਰੇ ਵਿਚ ਕਾਫੀ ਅਸਰ ਰਸੂਖ ਹੈ। ਇੱਥੇ ਵੀ ਸਮੁੱਚੇ ਪੰਜਾਬੀ ਭਾਈਚਾਰੇ ਨੇ ਰਾਜ ਸਲਵਾਨ ਨੂੰ ਇੱਕ ਹੋ ਕੇ ਜਤਾਇਆ।

# ਅਮਰੀਕੀ ਕਾਂਗਰਸ ਲਈ ਜਿੱਤੇ ਸਾਰੇ ਪੰਜ ਭਾਰਤੀ-ਅਮਰੀਕੀ ਉਮੀਦਵਾਰ ਡੈਮੋਕ੍ਰੇਟਿਕ ਪਾਰਟੀ ਨਾਲ ਸਬੰਧਤ



ਅਮਰੀਕੀ ਕਾਂਗਰਸ ਲਈ ਮੁੜ ਚੋਣ ਜਿੱਤੇ ਭਾਰਤੀ ਮੂਲ ਦੇ ਡੈਮੋਕਰੈਟਿਕ ਆਗੂ।

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਹਾਲਾਂਕਿ ਰਾਸ਼ਟਰਪਤੀ ਚੋਣਾਂ ’ਚ ਡੈਮੋਕ੍ਰੈਟਿਕ ਉਮੀਦਵਾਰ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਕੋਲੋਂ ਚੋਣ ਹਾਰ ਗਏ ਹਨ ਪਰੰਤੂ ਭਾਰਤੀ ਮੂਲ ਦੇ ਬਹੁਤ ਸਾਰੇ ਡੈਮੋਕ੍ਰੈਟਿਕ ਆਗੂ ਅਮਰੀਕੀ ਕਾਂਗਰਸ (ਪ੍ਰਤੀਨਿੱਧ ਸਦਨ) ਲਈ ਮੁੜ ਚੋਣ ਜਿੱਤ ਗਏ ਹਨ। ਇਨ੍ਹਾਂ ਆਗੂਆਂ ਨੇ ਵੱਖ-ਵੱਖ ਰਾਜਾਂ ਤੋਂ ਵੋਟਾਂ ਦੇ ਵੱਡੇ ਫਰਕ ਨਾਲ ਚੋਣ ਜਿੱਤ ਕੇ ਮੁੜ ਆਪਣੀ ਲੋਕਪ੍ਰਿਯਤਾ ਨੂੰ ਸਾਬਤ ਕੀਤਾ ਹੈ। ਅਮਰੀਕੀ ਕਾਂਗਰਸ ਦੇ ਪ੍ਰਤੀਨਿੱਧ ਸਦਨ ਲਈ ਚੁਣੇ ਗਏ ਇਨ੍ਹਾਂ ਆਗੂਆਂ ਵਿਚ ਸ਼੍ਰੀ ਥਾਨੇਦਾਰ, ਰਾਜਾ ਕ੍ਰਿਸ਼ਨਾਮੂਰਤੀ, ਪ੍ਰਾਮਿਲਾ ਜੈਯਾਪਾਲ, ਐਮੀ ਬੇਰਾ ਤੇ ਆਰ.ਓ. ਖੰਨਾ ਸ਼ਾਮਲ ਹਨ। ਸ਼੍ਰੀ ਥਾਨੇਦਾਰ ਮਿਸ਼ੀਗਨ ਦੇ 13ਵੇਂ ਕਾਂਗਰਸ ਡਿਸਟ੍ਰਿਕਟ ਤੋਂ 62.8% ਵੋਟਾਂ ਲੈ ਕੇ ਚੋਣ ਜਿੱਤੇ ਹਨ। ਸ਼੍ਰੀ ਥਾਨੇਦਾਰ ਦੀ ਰਿਪਬਲੀਕਨ ਉਮੀਦਵਾਰ ਮਾਰਟੈਲ ਬਿਵਿੰਗਜ ਉਪਰ ਲਗਾਤਾਰ ਇਹ ਦੂਸਰੀ ਜਿੱਤ ਹੈ। ਇਸ ਤੋਂ ਪਹਿਲਾਂ 2022 ਵਿਚ ਥਾਨੇਦਾਰ ਨੇ ਬਿਵਿੰਗਜ ਨੂੰ 71% ਵੋਟਾਂ ਲੈ ਕੇ ਹਰਾਇਆ ਸੀ। ਰਾਜਾ ਕ੍ਰਿਸ਼ਨਾਮੂਰਤੀ ਨੇ ਇਲੀਨੋਇਸ ਦੇ 8ਵੇਂ ਡਿਸਟ੍ਰਿਕਟ ਤੋਂ ਲਗਾਤਾਰ ਪੰਜਵੀਂ ਵਾਰ ਚੋਣ ਜਿੱਤੀ ਹੈ। ਉਨ੍ਹਾਂ ਨੇ ਅਮਰੀਕੀ ਮੱਤਦਾਤਾ ਦਾ ਧੰਨਵਾਦ ਕਰਦਿਆਂ ਸਮਾਜਿਕ ਸੁਰੱਖਿਆ, ਡਾਕਟਰੀ ਇਲਾਜ਼, ਔਰਤਾਂ ਦੇ ਜਣੇਪਾ ਅਧਿਕਾਰਾਂ ਤੇ ਗੰਨ ਸੁਰੱਖਿਆ ਸਬੰਧੀ ਕਦਮ ਚੁੱਕਣ ਪ੍ਰਤੀ ਮੁੜ ਵਚਨਬੱਧਤਾ ਦੁਹਰਾਈ ਹੈ। ਪ੍ਰਾਮਿਲਾ ਜੈਯਾਪਾਲ ਜੋ ਵਾਸ਼ਿੰਗਟਨ ਦੇ 7ਵੇਂ ਡਿਸਟ੍ਰਿਕਟ ਦੀ ਪ੍ਰਤੀਨਿੱਧਤਾ ਕਰਦੇ ਹਨ, ਨੇ ਦੂਸਰੀ ਵਾਰ 85% ਵੋਟਾਂ ਲੈ ਕੇ ਜਿੱਤ ਹਾਸਲ ਕੀਤੀ ਹੈ। ਐਮੀ ਬੇਰਾ ਜੋ ਕੈਲੀਫੋਰਨੀਆ ਦੇ 6ਵੇਂ ਕਾਂਗਰਸ ਡਿਸਟ੍ਰਿਕਟ ਦੀ ਪ੍ਰਤੀਨਿੱਧਤਾ ਕਰਦੇ ਹਨ, ਨੇ 57.5% ਵੋਟਾਂ ਹਾਸਲ ਕਰਕੇ ਮੁੜ ਚੋਣ ਜਿੱਤ ਲਈ ਹੈ। ਉਨ੍ਹਾਂ ਨੇ ਰਿਪਬਲੀਕਨ ਉਮੀਦਵਾਰ ਕ੍ਰਿਸਟਾਈਨ ਬਿਸ਼ ਨੂੰ ਹਰਾਇਆ। ਬਿਸ਼ ਨੂੰ 42.5% ਵੋਟਾਂ ਮਿਲੀਆਂ। ਉਹ ਪਹਿਲੀ ਵਾਰ 2013 ’ਚ ਪ੍ਰਤੀਨਿੱਧ ਸਦਨ ਲਈ ਚੁਣੇ ਗਏ ਸਨ। ਆਰ.ਓ. ਖੰਨਾ ਨੇ ਕੈਲੀਫੋਰਨੀਆ ਦੇ 17ਵੇਂ ਡਿਸਟ੍ਰਿਕਟ ਤੋਂ 65.9% ਵੋਟਾਂ ਨਾਲ ਜਿੱਤ ਹਾਸਲ ਕਰਕੇ ਮੁੜ ਆਪਣਾ ਦਬਦਬਾ ਕਾਇਮ ਰੱਖਿਆ ਹੈ। ਉਨ੍ਹਾਂ ਨੇ ਰਿਪਬਲੀਕਨ ਉਮੀਦਵਾਰ ਅਨੀਤਾ ਚੇਨ ਨੂੰ ਹਰਾਇਆ, ਜਿਨ੍ਹਾਂ ਨੂੰ 34.1% ਵੋਟਾਂ ਮਿਲੀਆਂ।



# ਕਿਰਪਾਨ ’ਤੇ ਪਾਬੰਦੀ: ਕੇਂਦਰ ਨੂੰ ਮਿਲੇਗਾ ਸ਼੍ਰੋਮਣੀ ਕਮੇਟੀ ਦਾ ਵਫ਼ਦ

- ਸਿੱਖ ਸੰਸਥਾ ਦੀ ਨਵੀਂ ਅੰਤ੍ਰਿੰਗ ਕਮੇਟੀ ਦੀ ਪਲੇਠੀ ਮੀਟਿੰਗ ਵਿੱਚ ਲਿਆ ਫ਼ੈਸਲਾ
- ਸਿੱਖ ਸ਼ਰਧਾਲੂਆਂ ਦੇ ਵੱਡੀ ਗਿਣਤੀ ਵੀਜ਼ੇ ਕੱਟੇ ਜਾਣ ਦਾ ਲਿਆ ਨੋਟਿਸ

ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਵੀਂ ਅੰਤ੍ਰਿੰਗ ਕਮੇਟੀ ਦੀ ਪਲੇਠੀ ਮੀਟਿੰਗ ਵਿਚ ਦੇਸ਼ ਦੇ ਹਵਾਈ ਅੱਡਿਆਂ ਅੰਦਰ ਅੰਮ੍ਰਿਤਧਾਰੀ ਕਰਮਚਾਰੀਆਂ ਨੂੰ ਕਿਰਪਾਨ ਪਾਉਣ ਤੋਂ ਰੋਕਣ ਦੇ ਆਦੇਸ਼ ਖ਼ਿਲਾਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫਦ ਵੱਲੋਂ ਕੇਂਦਰ ਸਰਕਾਰ ਨਾਲ ਮੁਲਾਕਾਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਮੀਟਿੰਗ ਵਿਚ ਕੈਨੇਡਾ ਘਟਨਾ ਮਾਮਲੇ ’ਚ ਸਿੱਖਾਂ ਖਿਲਾਫ਼ ਸਿਰਜੇ ਜਾ ਰਹੇ ਬਿਰਤਾਂਤ, ਪਾਕਿਸਤਾਨ ਦੂਤਾਵਾਸ ਵੱਲੋਂ ਸਿੱਖ ਸ਼ਰਧਾਲੂਆਂ ਦੇ ਵੱਡੀ ਗਿਣਤੀ ਵਿਚ ਵੀਜ਼ੇ ਕੱਟੇ ਜਾਣ ਅਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਬਣ ਰਹੀਆਂ ਵੋਟਰ ਸੂਚੀਆਂ ਸਮੇਤ ਹੋਰ ਪੰਥਕ ਮਾਮਲਿਆਂ ’ਤੇ ਵੀ ਅਹਿਮ ਮਤੇ ਪਾਸ ਕੀਤੇ ਗਏ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦੇਸ਼ ਦੇ ਹਵਾਈ ਅੱਡਿਆਂ ’ਤੇ ਸਿੱਖ ਕਰਮਚਾਰੀਆਂ ਨੂੰ ਕਿਰਪਾਨ ਪਾ ਕੇ ਡਿਊਟੀ ਕਰਨ ਤੋਂ ਰੋਕਣਾ ਸਿੱਖਾਂ ਦੀ ਧਾਰਮਿਕ ਆਜ਼ਾਦੀ ’ਤੇ ਵੱਡਾ ਹਮਲਾ ਹੈ। ਇਹ ਰੋਕ ਭਾਰਤੀ ਸੰਵਿਧਾਨ ਦੀ ਵੀ ਉਲੰਘਣਾ ਹੈ। ਸਿੱਖਾਂ ਨੂੰ ਕਕਾਰਾਂ ਸਮੇਤ ਦੇਸ਼ ਅੰਦਰ ਹਵਾਈ ਸਫ਼ਰ ਕਰਨ ਅਤੇ ਆਪਣੀਆਂ ਧਾਰਮਿਕ ਮਾਨਤਾਵਾਂ ਨਿਭਾਉਣ ਦਾ ਪੂਰਾ ਅਧਿਕਾਰ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਗੰਭੀਰ ਮਾਮਲੇ ’ਤੇ ਹਰ ਪੱਧਰ ’ਤੇ ਆਵਾਜ਼ ਉਠਾਏਗੀ। ਇਸ ਮਾਮਲੇ ਨੂੰ ਸਰਕਾਰ ਨਾਲ ਵਿਚਾਰਨ ਲਈ ਜਲਦ ਹੀ ਸ਼੍ਰੋਮਣੀ ਕਮੇਟੀ ਦਾ ਵਫ਼ਦ ਭੇਜਿਆ ਜਾਵੇਗਾ। ਇਸ



ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ।

ਵਫ਼ਦ ਵਿਚ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਸਕੱਤਰ ਪ੍ਰਤਾਪ ਸਿੰਘ ਅਤੇ ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ ਦੇ ਨਾਂ ਸ਼ਾਮਲ ਕੀਤੇ ਗਏ ਹਨ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਦੇ ਵੱਡੀ ਗਿਣਤੀ ’ਚ ਵੀਜ਼ੇ ਕੱਟੇ ਜਾਣ ’ਤੇ ਸਿੱਖ ਸੰਸਥਾਂ ਨੇ ਸਖਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਸ਼ਰਧਾਲੂਆਂ ਲਈ ਖੁੱਲ੍ਹੇ ਵੀਜ਼ਿਆਂ ਦੀ ਮੰਗ ਕਰਦੀ ਹੈ ਪਰ ਸਰਕਾਰਾਂ ਨੇ ਸਿੱਖ ਸੰਸਥਾ ਨੂੰ ਪਹਿਲਾਂ ਮਿਲਦੇ ਵੀਜ਼ਿਆਂ ’ਚ ਵੀ ਵੱਡੀ ਕਟੌਤੀ ਕਰਕੇ ਸਿੱਖ ਭਾਵਨਾਵਾਂ ਨੂੰ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਪਾਕਿਸਤਾਨ ਦੂਤਾਵਾਸ ਨਾਲ ਗੱਲਬਾਤ ਕਰਨ ਲਈ ਸ਼੍ਰੋਮਣੀ ਕਮੇਟੀ ਦਾ ਇਕ ਵਫ਼ਦ ਭੇਜਿਆ ਜਾਵੇਗਾ। ਅੰਤ੍ਰਿੰਗ ਕਮੇਟੀ ਵੱਲੋਂ ਗੁਰਦੁਆਰਾ ਚੋਣਾਂ ਦੇ ਮੁੱਖ ਕਮਿਸ਼ਨਰ ਨੂੰ ਵੀ ਸ਼੍ਰੋਮਣੀ ਕਮੇਟੀ ਦੀਆਂ ਬਣ ਰਹੀਆਂ ਵੋਟਰ ਸੂਚੀਆਂ ਦਾ ਮਸੌਦਾ ਪ੍ਰਕਾਸ਼ਤ ਕਰਨ ਸਮੇਂ ਇਹ ਯਕੀਨੀ ਬਣਾਉਣ ਦੀ ਅਪੀਲ ਕੀਤੀ ਕਿ ਨਿਯਮਾਂ ਅਤੇ ਸ਼ਰਤਾਂ ਖ਼ਿਲਾਫ਼ ਕਿਸੇ ਵੀ ਅਯੋਗ ਵਿਅਕਤੀ ਦਾ ਨਾਂ ਵੋਟਰ ਸੂਚੀ ਵਿਚ ਪ੍ਰਕਾਸ਼ਤ ਨਾ ਹੋਵੇ।

# ਚੰਨੀ ਨੇ ਐੱਮ.ਪੀ. ਬਿੱਟੂ ਦੀ ਤੁਲਨਾ ਨੀਟੂ ਸ਼ਟਰਾਂਵਾਲੇ ਨਾਲ ਕੀਤੀ

**ਜਲੰਧਰ/ਬਰਨਾਲਾ, (ਪੰਜਾਬ ਮੇਲ)-** ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਲੋਕ ਸਭਾ ਚਰਨਜੀਤ ਸਿੰਘ ਚੰਨੀ ਨੇ ਰਵਨੀਤ ਬਿੱਟੂ ’ਤੇ ਨਿਸ਼ਾਨਾ ਸਾਧਿਆ ਹੈ। ਚੰਨੀ ਬਰਨਾਲਾ ਵਿਖੇ ਚੋਣ ਪ੍ਰਚਾਰ ਲਈ ਪਹੁੰਚੇ ਸਨ। ਇਸ ਦੌਰਾਨ ਉਨ੍ਹਾਂ ਨੇ ਰਵਨੀਤ ਸਿੰਘ ਬਿੱਟੂ ਦੀ ਤੁਲਨਾ ਕਾਮੇਡੀਅਨ ਅਤੇ ਆਜ਼ਾਦ ਚੋਣ ਲੜਨ ਵਾਲੇ ਨੀਟੂ ਸ਼ਟਰਾਂਵਾਲੇ ਨਾਲ ਕਰ ਦਿੱਤੀ। ਇਹ ਬਿਆਨ ਉਨ੍ਹਾਂ ਨੇ ਉਦੋਂ ਦਿੱਤਾ ਜਦੋਂ ਕਿਸੇ ਪੱਤਰਕਾਰ ਨੇ ਕਿਸਾਨਾਂ ’ਤੇ ਦਿੱਤੇ ਗਏ ਬਿੱਟੂ ਦੇ ਬਿਆਨ ’ਤੇ ਸਵਾਲ ਪੁੱਛਿਆ ਸੀ।

ਰਵਨੀਤ ਬਿੱਟੂ ਦੇ ਸਵਾਲ ’ਤੇ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਭਾਜਪਾ ਨੇਤਾ ਅਤੇ ਕੇਂਦਰੀ ਮੰਤਰੀ ਬਿੱਟੂ ਕਿਸੇ ਵੀ ਚੈਨਲ ’ਤੇ ਕਿਸੇ ਵੀ ਸਮੇਂ ਕੁਝ ਵੀ ਕਹਿ ਸਕਦੇ ਹਨ। ਮੈਨੂੰ ਪਤਾ ਲੱਗਾ ਕਿ ਬੀਤੇ ਦਿਨ ਬਿੱਟੂ ਨੇ ਮੁੱਖ ਮੰਤਰੀ ਬਣਨ ਦਾ ਬਿਆਨ ਦਿੱਤਾ ਸੀ। ਉਨ੍ਹਾਂ ਕਿਹਾ ਕਿ ਨੀਟੂ ਸ਼ਟਰਾਂਵਾਲਾ ਮੁੱਖ ਮੰਤਰੀ ਬਣ ਸਕਦਾ ਹੈ ਪਰ ਰਵਨੀਟ ਬਿੱਟੂ ਦਾ ਮੁੱਢ ਨਹੀਂ



ਬੰਨ੍ਹ ਹੋਣਾ। ਲੋਕਾਂ ਨੇ ਬਿੱਟੂ ਨੂੰ ਹਰਾ ਕੇ ਭੇਜਿਆ ਸੀ। ਉਥੇ ਹੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਦਾ ਆਮ ਆਦਮੀ ਪਾਰਟੀ ਤੋਂ ਮੋਹ ਭੰਗ ਹੋ ਚੁੱਕਾ ਹੈ। ਲੋਕ ਆਮ ਆਦਮੀ ਪਾਰਟੀ ਤੋਂ ਤੰਗ ਆ ਚੁੱਕੇ ਹਨ। ਕਾਂਗਰਸ ਸਰਕਾਰ ਵੇਲੇ ਲੋਕਾਂ ਨੂੰ ਇਨਸਾਫ਼ ਮਿਲਦਾ ਸੀ ਪਰ ਅੱਜ ਸ਼ਹਿਰਾਂ ਵਿੱਚ ਲੋਕਾਂ ਅਤੇ ਕਾਰੋਬਾਰੀਆਂ ਨੂੰ ਗੈਂਗਸਟਰਾਂ ਵੱਲੋਂ ਧਮਕੀਆਂ ਮਿਲ ਰਹੀਆਂ ਹਨ। ਪੰਜਾਬ ਦੇ ਵਪਾਰੀਆਂ ਤੋਂ ਪੈਸੇ ਦੀ ਮੰਗ ਕੀਤੀ ਜਾ ਰਹੀ ਹੈ ਪਰ ਪੁਲਿਸ ਕਿਸੇ ਦੀ ਨਹੀਂ ਸੁਣ ਰਹੀ। ਚੰਨੀ ਨੇ ਅੱਗੇ ਕਿਹਾ ਕਿ ਸੂਬੇ ਵਿਚ ਬੇਹੱਦ ਨਸ਼ਾ ਵੀ ਵਿੱਕ ਰਿਹਾ ਹੈ।

# ਭਾਰਤ ਵੱਲੋਂ ਰਵਾਇਤੀ ਹਥਿਆਰ ਨਿਯੰਤਰਣ ’ਤੇ ਪਾਕਿਸਤਾਨ ਦੇ ਮਤੇ ਦੇ ਵਿਰੁੱਧ ਵੋਟ

**ਸੰਯੁਕਤ ਰਾਸ਼ਟਰ, (ਪੰਜਾਬ ਮੇਲ)-** ਭਾਰਤ ਨੇ ‘ਖੇਤਰੀ ਅਤੇ ਉਪ ਖੇਤਰੀ ਪੱਧਰ ’ਤੇ ਰਵਾਇਤੀ ਹਥਿਆਰ ਕੰਟਰੋਲ’ ਦੇ ਵਿਸ਼ੇ ’ਤੇ ਪਾਕਿਸਤਾਨ ਦੇ ਮਤੇ ਦੇ ਖਿਲਾਫ ਵੋਟ ਕੀਤੀ। ਸੰਯੁਕਤ ਰਾਸ਼ਟਰ ਮਹਾਸਭਾ ਦੀ ਪ੍ਰਥਮ ਕਮੇਟੀ ’ਚ ‘ਖੇਤਰੀ ਅਤੇ ਉਪ-ਖੇਤਰੀ ਪੱਧਰ ’ਤੇ ਰਵਾਇਤੀ ਹਥਿਆਰ ਕੰਟਰੋਲ’ ’ਤੇ ਪਾਕਿਸਤਾਨ ਅਤੇ ਸੀਰੀਆ ਦੇ ਮਤੇ ਨੂੰ ਰਿਕਾਰਡ ਵੋਟਾਂ ਨਾਲ ਪਾਸ ਕੀਤਾ ਗਿਆ।

ਮਤੇ ਦੇ ਹੱਕ ਵਿਚ 179 ਮੈਂਬਰਾਂ ਨੇ ਵੋਟ ਦਿੱਤੀ, ਇਜ਼ਰਾਈਲ ਨੇ ਵੋਟਿੰਗ ’ਚ ਹਿੱਸਾ ਨਹੀਂ ਲਿਆ, ਉਥੇ ਹੀ ਭਾਰਤ ਹੀ ਅਜਿਹਾ ਦੇਸ਼ ਸੀ, ਜਿਸ ਨੇ ਮਤੇ ਦੇ ਵਿਰੋਧ ਵਿਚ ਵੋਟ ਪਾਈ। ਸੰਯੁਕਤ ਰਾਸ਼ਟਰ ਮਹਾਸਭਾ ਦੀ ਪ੍ਰਥਮ ਕਮੇਟੀ ਨਿਸ਼ਸਤਰੀਕਰਨ, ਗਲੋਬਲ ਚੁਣੌਤੀਆਂ ਅਤੇ ਸ਼ਾਂਤੀ ਲਈ ਖਤਰਿਆਂ ਨਾਲ ਸਬੰਧਤ ਮਾਮਲਿਆਂ ਨਾਲ ਨਜਿੱਠਦੀ ਹੈ। ਮਤੇ ਵਿਚ “ਖੇਤਰੀ ਅਤੇ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਵਿਚ ਰਵਾਇਤੀ ਹਥਿਆਰ ਨਿਯੰਤਰਣ ਦੀ ਮਹੱਤਵਪੂਰਨ ਭੂਮਿਕਾ” ਨੂੰ ਸਵੀਕਾਰ ਕੀਤਾ ਗਿਆ।






ਪੰਜਾਬ ਮੇਲ USA

# ਭਾਰਤੀ ਵਿਦਿਆਰਥੀਆਂ ਦਾ ਕੈਨੇਡਾ ਤੋਂ ਮੋਹ ਹੋਇਆ ਭੰਗ

**■ ਹੁਣ ਹੋਰਨਾਂ ਦੇਸ਼ਾਂ 'ਚ ਕਰਨਾ ਚਾਹੁੰਦੇ ਨੇ ਪੜ੍ਹਾਈ**



**ਜਲੰਧਰ, (ਪੰਜਾਬ ਮੇਲ)-** ਭਾਰਤ ਅਤੇ ਕੈਨੇਡਾ ਵਿਚਾਲੇ ਚੱਲ ਰਹੇ ਤਣਾਅ ਕਾਰਨ ਭਾਰਤੀ ਵਿਦਿਆਰਥੀਆਂ ਦਾ ਕੈਨੇਡਾ ਤੋਂ ਮੋਹ ਭੰਗ ਹੋਣ ਲੱਗਾ ਹੈ। ਹਰ ਸਾਲ ਲਗਭਗ ਤਿੰਨ ਲੱਖ ਭਾਰਤੀ ਵਿਦਿਆਰਥੀ ਸਟੱਡੀ ਵੀਜ਼ੇ 'ਤੇ ਕੈਨੇਡਾ ਪੜ੍ਹਨ ਲਈ ਜਾਂਦੇ ਸਨ। ਇਨ੍ਹਾਂ ਵਿਚੋਂ ਪੰਜਾਬੀਆਂ ਦੀ ਗਿਣਤੀ 70 ਫੀਸਦੀ (1.75 ਲੱਖ) ਸੀ। ਹੁਣ ਪੰਜਾਬ ਦੇ ਵਿਦਿਆਰਥੀ ਆਸਟ੍ਰੇਲੀਆ, ਅਮਰੀਕਾ, ਸਵਿਟਜ਼ਰਲੈਂਡ, ਜਰਮਨੀ ਅਤੇ ਨਿਊਜ਼ੀਲੈਂਡ ਵਿਚ ਪੜ੍ਹਨ ਦੀ ਯੋਜਨਾ ਬਣਾ ਰਹੇ ਹਨ।

ਸਿੱਖਿਆ ਸਲਾਹਕਾਰ ਵੀ ਲੋਕਾਂ ਨੂੰ ਪੜ੍ਹਾਈ ਲਈ ਇਨ੍ਹਾਂ ਦੇਸ਼ਾਂ ਵਿਚ ਜਾਣ ਲਈ ਕਹਿ ਰਹੇ ਹਨ। ਜੇਕਰ ਵਿਦਿਆਰਥੀ ਕੈਨੇਡਾ ਦੀ ਬਜਾਏ ਇਨ੍ਹਾਂ ਦੇਸ਼ਾਂ ਵਿਚ ਪੜ੍ਹਨਾ ਸ਼ੁਰੂ ਕਰ ਦੇਣ, ਤਾਂ ਪੰਜਾਬੀਆਂ ਦੀ ਗਿਣਤੀ 15 ਤੋਂ 20 ਫੀਸਦੀ ਤੱਕ ਵਧ ਜਾਵੇਗੀ। ਇਨ੍ਹਾਂ ਦੇਸ਼ਾਂ ਵਿਚ ਪੜ੍ਹਨ ਲਈ ਵਿਦਿਆਰਥੀਆਂ ਦਾ ਝੁਕਾਅ ਵਧੇਗਾ।

ਐਸੋਸੀਏਸ਼ਨ ਆਫ਼ ਕੰਸਲਟੈਂਟਸ ਆਫ਼ ਸਟੂਡੈਂਟ ਸਟੱਡੀਜ਼ ਅਨੁਸਾਰ ਪੰਜਾਬ ਦੇ ਲਗਭਗ 55,000 ਵਿਦਿਆਰਥੀ ਆਸਟ੍ਰੇਲੀਆ, 35,000 ਅਮਰੀਕਾ, 20,000 ਜਰਮਨੀ ਅਤੇ 18,000 ਨਿਊਜ਼ੀਲੈਂਡ ਵਿਚ ਪੜ੍ਹ ਰਹੇ ਹਨ। ਇਨ੍ਹਾਂ ਦੇਸ਼ਾਂ ਵਿਚ, ਵਿਦਿਆਰਥੀ ਪੜ੍ਹਾਈ ਦੇ ਨਾਲ-ਨਾਲ ਇਨ੍ਹਾਂ ਦੇਸ਼ਾਂ ਵਿਚ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਕੰਮ ਆਸਾਨੀ ਨਾਲ ਮਿਲ ਜਾਂਦਾ ਹੈ।

ਕੈਨੇਡਾ ਵਿਚ ਪੜ੍ਹਾਈ ਦੇ ਨਾਲ-ਨਾਲ ਜਲਦੀ ਹੀ ਵਰਕ ਪਰਮਿਟ ਅਤੇ ਪੀ.ਆਰ. ਕਾਰਨ ਵਿਦਿਆਰਥੀਆਂ ਨੇ ਕੈਨੇਡਾ ਵੱਲ ਰੁਖ਼ ਕਰ ਲਿਆ। ਹੁਣ ਕੈਨੇਡਾ ਦੇ ਵਿਜ਼ਟਰ ਵੀਜ਼ਾ ਅਤੇ ਹੋਰ ਵੀਜ਼ਾ ਨਿਯਮਾਂ ਵਿਚ ਬਦਲਾਅ ਕਾਰਨ ਪੰਜਾਬ ਦੇ ਵਿਦਿਆਰਥੀਆਂ 'ਤੇ ਇਸ ਦਾ ਅਸਰ ਪਿਆ ਹੈ।

# ਅਮਰੀਕਾ ਸਥਿਤ ਡੌਨੀ ਬਲ ਦੇ ਗੁਰਗਿਆਂ ਤੇ ਪੁਲਿਸ 'ਚ ਮੁਕਾਬਲਾ; ਇਕ ਗੁਰਗਾ ਜ਼ਖ਼ਮੀ, 5 ਗ੍ਰਿਫ਼ਤਾਰ

**ਅੰਮ੍ਰਿਤਸਰ, (ਪੰਜਾਬ ਮੇਲ)-** ਅਮਰੀਕਾ 'ਚ ਬੈਠ ਕੇ ਦੇਸ਼ ਵਿਰੋਧੀ ਗਤੀਵਿਧੀਆਂ 'ਚ ਹਿੱਸਾ ਲੈਣ ਵਾਲੇ ਗੈਂਗਸਟਰ ਬਲਜਿੰਦਰ ਸਿੰਘ ਉਰਫ ਡੌਨੀ ਬੱਲ ਦੇ ਪੰਜ ਸਾਥੀਆਂ ਅਤੇ ਪੁਲਿਸ ਵਿਚਾਲੇ ਰਾਮਤੀਰਥ ਨੇੜੇ ਭਾਰੀ ਗੋਲੀਬਾਰੀ ਹੋਈ। ਦੋਵੇਂ ਮੁਲਜ਼ਮ ਪੁਲਿਸ ਨੂੰ ਦੇਖ ਕੇ ਤਿੰਨ ਕਿਲੋਮੀਟਰ ਤੱਕ ਕਾਰ ਭਜਾ ਕੇ ਲੈ ਗਏ ਅਤੇ ਦੋਵਾਂ ਪਾਸਿਆਂ ਤੋਂ ਤੇਰਾਂ ਤੋਂ ਵੱਧ ਰਾਊਂਡ ਫਾਇਰ ਕੀਤੇ ਗਏ। ਕਾਫੀ ਹਫੜਾ-ਦਫੜੀ ਤੋਂ ਬਾਅਦ ਪੁਲਿਸ ਨੇ ਦੋਸ਼ੀਆਂ ਨੂੰ ਘੇਰ ਲਿਆ। ਇਕ ਗੈਂਗਸਟਰ ਦੀ ਲੱਤ ਵਿਚ ਗੋਲੀ ਲੱਗੀ ਅਤੇ ਸਾਰੇ ਕਾਬੂ ਕਰ ਲਏ ਗਏ। ਐੱਸ.ਐੱਸ.ਪੀ. ਚਰਨਜੀਤ ਸਿੰਘ ਨੇ ਦੱਸਿਆ ਕਿ ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਇਹ ਸਾਰੇ ਲੋਪੋਕੇ ਇਲਾਕੇ ਵਿਚ ਇਕ ਵਪਾਰੀ ਦੇ ਘਰ ਪੈਸੇ ਵਸੂਲਣ ਜਾ ਰਹੇ ਸਨ।



ਪੁਲਿਸ ਨੇ ਮੁਲਜ਼ਮਾਂ ਦੇ ਕਬਜ਼ੇ 'ਚੋਂ ਇਕ ਵਰਨਾ ਕਾਰ, ਇਕ 32 ਬੋਰ ਦਾ ਪਿਸਤੌਲ, ਦਸ ਕਾਰਤੂਸ ਅਤੇ ਪੰਜ ਮੋਬਾਈਲ ਬਰਾਮਦ ਕੀਤੇ ਹਨ। ਫਿਲਹਾਲ ਅੰਮ੍ਰਿਤਸਰ ਦੇਹਾਤ ਪੁਲਿਸ ਨੇ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਇਹ ਮੁਲਜ਼ਮ ਅਮਰੀਕਾ ਸਥਿਤ ਗੈਂਗਸਟਰ ਬਲਜਿੰਦਰ ਸਿੰਘ ਉਰਫ ਡੌਨੀ ਬੱਲ, ਪ੍ਰਭ ਦਾਸੂਵਾਲ ਅਤੇ ਪੁਰਤਗਾਲ ਬੈਠੇ ਖਤਰਨਾਕ ਗੈਂਗਸਟਰ ਫਿਰੌਤੀ, ਕਤਲ ਦੀ ਕੋਸ਼ਿਸ਼ ਅਤੇ ਕੁੱਟਮਾਰ ਵਰਗੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ।

# ਲਖੀਮਪੁਰ ਖੀਰੀ ਹਿੰਸਾ ਦੇ 12 ਮੁਲਜ਼ਮਾਂ ਨੂੰ ਜ਼ਮਾਨਤ

**ਲਖਨਊ, (ਪੰਜਾਬ ਮੇਲ)-** ਅਲਾਹਾਬਾਦ ਹਾਈ ਕੋਰਟ ਨੇ 2021 ਦੀ ਲਖੀਮਪੁਰ ਖੀਰੀ ਹਿੰਸਾ ਦੇ 12 ਮੁਲਜ਼ਮਾਂ ਨੂੰ ਨਿਯਮਤ ਜ਼ਮਾਨਤ ਦੇ ਦਿੱਤੀ ਹੈ। ਇਸ ਹਿੰਸਾ ਵਿਚ ਘੱਟੋ-ਘੱਟ ਅੱਠ ਵਿਅਕਤੀਆਂ ਦੀ ਮੌਤ ਹੋ ਗਈ ਸੀ। ਸਾਬਕਾ ਕੇਂਦਰੀ ਮੰਤਰੀ ਅਜੈ ਮਿਸ਼ਰਾ ਟੈਨੀ ਦਾ ਪੁੱਤਰ ਆਸ਼ੀਸ਼ ਇਸ ਮਾਮਲੇ ਦਾ ਮੁੱਖ ਮੁਲਜ਼ਮ ਹੈ, ਜਿਸ ਨੂੰ ਸੁਪਰੀਮ ਕੋਰਟ ਨੇ ਇਸ ਸਾਲ ਦੇ ਸ਼ੁਰੂ ਵਿਚ ਪਹਿਲਾਂ ਹੀ ਨਿਯਮਤ ਜ਼ਮਾਨਤ ਦੇ ਦਿੱਤੀ ਸੀ। ਅਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਨੇ ਮੁਲਜ਼ਮਾਂ ਨੂੰ ਜ਼ਮਾਨਤ 'ਤੇ ਰਿਹਾਅ ਕਰਨ ਦੀ ਮਨਜ਼ੂਰੀ ਦਿੰਦਿਆਂ ਮਾਮਲੇ 'ਚ ਸਹਿਯੋਗ ਕਰਨ ਲਈ ਕਿਹਾ। ਅਜਿਹਾ ਨਾ ਕਰਨ 'ਤੇ ਉਨ੍ਹਾਂ ਦੀ ਜ਼ਮਾਨਤ ਰੱਦ ਕਰ ਦਿੱਤੀ ਜਾਵੇਗੀ। ਅਦਾਲਤ ਨੇ 18 ਅਕਤੂਬਰ ਨੂੰ ਮਾਮਲੇ ਦੀ ਪੂਰੀ ਸੁਣਵਾਈ ਤੋਂ ਬਾਅਦ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਸੀ ਅਤੇ ਵੀਡੀਓ ਕਾਨਫਰੰਸਿੰਗ ਰਾਹੀਂ ਇਹ ਫ਼ੈਸਲਾ ਸੁਣਾਇਆ।

# ਐੱਸ.ਐੱਫ.ਜੇ. ਵੱਲੋਂ ਕ੍ਰਿਪਾਨ ਪਾਬੰਦੀ ਦੇ ਹੁਕਮਾਂ ਦੇ ਵਿਰੋਧ 'ਚ 17 ਨਵੰਬਰ ਨੂੰ ਅੰਮ੍ਰਿਤਸਰ ਤੇ ਚੰਡੀਗੜ੍ਹ ਹਵਾਈ ਅੱਡੇ ਬੰਦ ਕਰਨ ਦੀ ਧਮਕੀ

**ਅੰਮ੍ਰਿਤਸਰ, (ਪੰਜਾਬ ਮੇਲ)-** ਵੱਖਵਾਦੀ ਸੰਗਠਨ ਸਿੱਖਸ ਫਾਰ ਜਸਟਿਸ (ਐੱਸ.ਐੱਫ.ਜੇ.) ਨੇ ਭਾਰਤ ਸਰਕਾਰ ਦੇ ਕ੍ਰਿਪਾਨ ਪਾਬੰਦੀ ਦੇ ਹੁਕਮਾਂ ਦੇ ਵਿਰੋਧ ਵਿਚ 17 ਨਵੰਬਰ ਨੂੰ ਅੰਮ੍ਰਿਤਸਰ ਅਤੇ ਚੰਡੀਗੜ੍ਹ ਹਵਾਈ ਅੱਡੇ ਬੰਦ ਕਰਨ ਦੀ ਧਮਕੀ ਦਿੱਤੀ ਹੈ। ਇਸ ਦੇ ਨਾਲ ਹੀ ਨੌਜਵਾਨਾਂ ਨੂੰ ਵੀ ਇਸ ਵਿਚ ਸ਼ਾਮਲ ਹੋਣ ਲਈ ਉਕਸਾਇਆ ਗਿਆ ਹੈ। ਜਥੇਬੰਦੀ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਨੇ ਪੰਜਾਬ ਦੇ ਲੋਕਾਂ ਨੂੰ 17 ਨਵੰਬਰ ਨੂੰ ਅੰਮ੍ਰਿਤਸਰ ਅਤੇ ਚੰਡੀਗੜ੍ਹ ਹਵਾਈ ਅੱਡਿਆਂ 'ਤੇ ਨਾ ਜਾਣ ਲਈ ਕਿਹਾ ਹੈ। ਉਸ ਨੇ ਕਿਹਾ ਹੈ ਕਿ ਐੱਸ.ਐੱਫ.ਜੇ. ਦੇ ਜਨਰਲ ਕੌਂਸਲ ਨੇ ਪੰਜਾਬ ਦੇ ਨੌਜਵਾਨਾਂ ਨੂੰ ਹਵਾਈ ਅੱਡਿਆਂ ਨੂੰ ਬੰਦ ਕਰਨ ਲਈ ਸੜਕਾਂ 'ਤੇ ਟਰੈਕਟਰਾਂ ਅਤੇ ਹਵਾ ਵਿਚ ਡਰੋਨਾਂ ਦੀ ਵਰਤੋਂ ਕਰਨ ਲਈ ਕਿਹਾ ਹੈ। ਉਸ ਨੇ ਕਿਹਾ ਕਿ ਇਹ ਇਸ ਲਈ ਕੀਤਾ ਜਾ ਰਿਹਾ ਹੈ, ਤਾਂ ਕਿ ਭਾਰਤ ਸਰਕਾਰ ਦੇ ਤਹਿਤ ਸਿੱਖ ਭਾਈਚਾਰੇ ਲਈ ਕੌਮ ਦੀ ਹੋਂਦ ਨੂੰ ਖਤਰੇ ਦਾ ਕੌਮਾਂਤਰੀਕਰਨ ਕੀਤਾ ਜਾ ਸਕੇ। ਇਸ ਦੇ ਨਾਲ ਹੀ ਇਕ ਵੀਡੀਓ ਵੀ ਵਾਇਰਲ ਹੋ ਰਹੀ ਹੈ, ਜਿਸ ਵਿਚ ਪੰਨੂ ਨੇ ਕਿਹਾ ਹੈ ਕਿ ਅੱਜ ਸਰਕਾਰ ਕ੍ਰਿਪਾਨ 'ਤੇ ਪਾਬੰਦੀ ਲਗਾ ਰਹੀ ਹੈ, ਕੱਲ੍ਹ ਦਸਤਾਰ 'ਤੇ ਪਾਬੰਦੀ ਲਗਾਵੇਗੀ, ਫਿਰ ਸਿਰੀ ਸਾਹਿਬ 'ਤੇ ਪਾਬੰਦੀ ਲਗਾਵੇਗੀ। ਇਸ ਪੂਰੇ ਮਾਮਲੇ ਨੂੰ ਲੈ ਕੇ ਪੰਜਾਬ ਦੇ ਅੰਮ੍ਰਿਤਸਰ ਅਤੇ ਚੰਡੀਗੜ੍ਹ ਸਮੇਤ ਆਦਮਪੁਰ ਹਵਾਈ ਅੱਡਿਆਂ ਦੀ ਸੁਰੱਖਿਆ ਨੂੰ ਲੈ ਕੇ ਪ੍ਰਸ਼ਾਸਨ ਚੌਕਸ ਹੋ ਗਿਆ ਹੈ। ਸੰਬੰਧਤ ਵਿਭਾਗ ਦੇ ਅਧਿਕਾਰੀਆਂ ਨੇ ਸੁਰੱਖਿਆ ਏਜੰਸੀਆਂ ਨਾਲ ਮੀਟਿੰਗ ਕਰਕੇ ਯਾਤਰੀਆਂ ਅਤੇ ਹਵਾਈ ਅੱਡਿਆਂ ਦੀ ਸੁਰੱਖਿਆ ਨੂੰ ਹੋਰ ਸਖ਼ਤ ਕਰਨ ਦੇ ਪ੍ਰਬੰਧ ਕੀਤੇ ਹਨ। ਇਸ ਸਬੰਧੀ ਵਿਚ ਏਅਰਪੋਰਟ ਡਾਇਰੈਕਟਰ ਸੰਦੀਪ ਅਗਰਵਾਲ ਨੇ ਕਿਹਾ ਕਿ ਏਅਰਪੋਰਟ 'ਤੇ ਵਿਆਪਕ ਸੁਰੱਖਿਆ ਪ੍ਰਬੰਧ ਹਨ। ਸਾਰੇ ਪਾਸੇ ਹਾਈ ਅਲਰਟ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸੀ.ਆਈ.ਐੱਸ.ਐੱਫ. ਦੇ ਜਵਾਨਾਂ ਦੀ ਤਾਇਨਾਤੀ ਵਧਾ ਦਿੱਤੀ ਗਈ ਹੈ। ਦੂਜੇ ਪਾਸੇ ਜਲੰਧਰ ਦੇ ਆਦਮਪੁਰ ਹਵਾਈ ਅੱਡੇ ਦੀ ਸੁਰੱਖਿਆ ਨੂੰ ਵੀ ਲੈ ਕੇ ਪ੍ਰਸ਼ਾਸਨ ਗੰਭੀਰ ਦਿਖਾਈ ਦੇ ਰਿਹਾ ਹੈ। ਹਵਾਈ ਅੱਡੇ ਦੇ ਡਾਇਰੈਕਟਰ ਪੁਸ਼ਪੇਂਦਰ ਕੁਮਾਰ ਨਿਰਾਲਾ ਨੇ ਕਿਹਾ ਕਿ ਯਾਤਰੀਆਂ ਦੀ ਸੁਰੱਖਿਆ ਸਭ ਤੋਂ ਮਹੱਤਵਪੂਰਨ ਹੈ। ਉਨ੍ਹਾਂ ਦੱਸਿਆ ਕਿ ਹਵਾਈ ਅੱਡੇ 'ਤੇ ਪੰਜਾਬ ਪੁਲਿਸ ਦੇ 100 ਤੋਂ ਵੱਧ ਸੁਰੱਖਿਆ ਮੁਲਾਜ਼ਮ ਤਾਇਨਾਤ ਹਨ, ਜੋ ਹਰ ਸਮੇਂ ਚੌਕਸ ਰਹਿੰਦੇ ਹਨ ਅਤੇ ਹਰ ਯਾਤਰੀ ਅਤੇ ਉਨ੍ਹਾਂ ਦੇ ਸਾਮਾਨ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਂਦੀ ਹੈ।




# ਗੁਰੂ ਨਾਨਕ ਜਯੰਤੀ ਮੌਕੇ ਪਾਕਿਸਤਾਨ ਵੱਲੋਂ 3000 ਤੋਂ ਵੱਧ ਭਾਰਤੀ ਸਿੱਖਾਂ ਨੂੰ ਵੀਜ਼ੇ ਜਾਰੀ

ਨਵੀਂ ਦਿੱਲੀ, (ਪੰਜਾਬ ਮੇਲ)- ਨਵੀਂ ਦਿੱਲੀ ਵਿਚ ਪਾਕਿਸਤਾਨ ਹਾਈ ਕਮਿਸ਼ਨ ਨੇ 14 ਤੋਂ 23 ਨਵੰਬਰ ਤੱਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਭਾਰਤ ਦੇ 3,000 ਤੋਂ ਵੱਧ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਹਨ। ਭਾਰਤ ਵਿਚ ਪਾਕਿਸਤਾਨ ਹਾਈ ਕਮਿਸ਼ਨ ਨੇ ਐਕਸ 'ਤੇ ਇੱਕ ਪੋਸਟ ਸਾਂਝੀ ਕਰਦੇ ਹੋਏ ਕਿਹਾ, "ਨਵੀਂ ਦਿੱਲੀ ਵਿਚ ਪਾਕਿਸਤਾਨ ਹਾਈ ਕਮਿਸ਼ਨ ਨੇ ਪਾਕਿਸਤਾਨ ਵਿਚ 14-23 ਨਵੰਬਰ 2024 ਤੱਕ ਆਯੋਜਿਤ ਹੋਣ ਵਾਲੇ ਬਾਬਾ ਗੁਰੂ ਨਾਨਕ ਦੇਵ




ਜੀ ਦੇ ਪ੍ਰਕਾਸ਼ ਪੁਰਬ ਦੇ ਜਸ਼ਨਾਂ ਵਿਚ ਹਿੱਸਾ ਲੈਣ ਲਈ ਭਾਰਤ ਤੋਂ 3000 ਤੋਂ ਵੱਧ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਹਨ।"

ਇਸ ਮੌਕੇ 'ਤੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ, ਪਾਕਿਸਤਾਨ ਦੇ ਚਾਰਜ ਡੀ' ਅਫੇਅਰਜ਼, ਸ੍ਰੀ ਸਾਦ ਅਹਿਮਦ ਵੜੈਚ ਨੇ ਆਪਣੀ ਦਿਲੀ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਸ਼ਰਧਾਲੂਆਂ ਨੂੰ ਇੱਕ ਸੰਪੂਰਨ ਯਾਤਰਾ ਦੀ ਕਾਮਨਾ ਕੀਤੀ। ਭਾਰਤੀ ਸ਼ਰਧਾਲੂ ਨਨਕਾਣਾ ਸਾਹਿਬ ਦੇ ਗੁਰਦੁਆਰਾ 'ਜਨਮ ਅਸਥਾਨ' ਸਮੇਤ ਡੇਰਾ ਸਾਹਿਬ, ਪੰਜਾ ਸਾਹਿਬ ਅਤੇ ਪਾਕਿਸਤਾਨ 'ਚ ਗੁਰੂ ਨਾਨਕ ਦੇਵ ਜੀ ਦੇ ਅੰਤਿਮ ਵਿਸ਼ਰਾਮ ਅਸਥਾਨ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨਗੇ। ਗੁਰੂ ਨਾਨਕ ਜਯੰਤੀ, ਜਿਸ ਨੂੰ ਗੁਰਪੁਰਬ ਵੀ ਕਿਹਾ ਜਾਂਦਾ ਹੈ, ਇੱਕ ਪਵਿੱਤਰ ਤਿਉਹਾਰ ਹੈ ਜੋ ਸਿੱਖ ਧਰਮ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਦਰਸਾਉਂਦਾ ਹੈ।

## ਦਿੱਲੀ ਅਦਾਲਤ ਵੱਲੋਂ ਜਗਦੀਸ਼ ਟਾਈਟਲਰ ਤੇ ਅਭਿਸ਼ੇਕ ਵਰਮਾ ਜਾਅਲਸਾਜ਼ੀ ਕੇਸ 'ਚੋਂ ਬਰੀ

ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਕੋਰਟ ਨੇ ਕਾਂਗਰਸ ਆਗੂ ਜਗਦੀਸ਼ ਟਾਈਟਲਰ ਤੇ ਹਥਿਆਰਾਂ ਦੇ ਵਿਵਾਦਿਤ ਡੀਲਰ ਅਭਿਸ਼ੇਕ ਵਰਮਾ ਨੂੰ 2009 ਵਿਚ ਤੱਤਕਾਲੀ ਗ੍ਰਹਿ ਰਾਜ ਮੰਤਰੀ ਅਜੈ ਮਾਕਨ ਦਾ ਕਥਿਤ ਲੈਟਰਹੈੱਡ ਵਰਤਣ ਨਾਲ ਜੁੜੇ ਜਾਅਲਸਾਜ਼ੀ ਕੇਸ ਵਿਚ ਬਰੀ ਕਰ ਦਿੱਤਾ ਹੈ। ਇਹ ਦਾਅਵਾ ਉਨ੍ਹਾਂ ਦੇ ਵਕੀਲ ਨੇ ਕੀਤਾ ਹੈ। ਵਰਮਾ ਵੱਲੋਂ ਪੇਸ਼ ਐਡਵੋਕੇਟ ਮਨਿੰਦਰ ਸਿੰਘ ਨੇ ਕਿਹਾ ਕਿ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਇਹ ਕਹਿੰਦਿਆਂ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਕਿ ਇਸਤਗਾਸਾ ਧਿਰ ਦੋਸ਼ਾਂ ਨੂੰ ਸਾਬਤ ਕਰਨ ਵਿਚ ਨਾਕਾਮ ਰਹੀ ਹੈ।

# ਫਰਿਜ਼ਨੋ ਏਰੀਏ 'ਚ ਦੋ ਪੰਜਾਬੀ ਜਿੱਤੇ ਸਕੂਲ ਬੋਰਡ ਦੀਆਂ ਚੋਣਾਂ

ਫਰਿਜ਼ਨੋ, (ਪੰਜਾਬ ਮੇਲ)- ਫਰਿਜ਼ਨੋ ਵਿਚ ਚੋਣਾਂ ਹੋ ਕੇ ਹਟੀਆਂ ਹਨ। ਇਨ੍ਹਾਂ ਚੋਣਾਂ ਵਿਚ ਫਰਿਜ਼ਨੋ ਏਰੀਏ ਦੇ ਦੋ ਪੰਜਾਬੀ ਨੌਜਵਾਨਾਂ ਨੇ ਸਕੂਲ ਬੋਰਡ ਦੀਆਂ ਚੋਣਾਂ ਜਿੱਤਕੇ ਇਤਿਹਾਸ ਸਿਰਜਿਆ ਹੈ। ਫਰਿਜ਼ਨੋ ਦੇ ਸੈਂਟਰਲ ਸਕੂਲ ਬੋਰਡ ਏਰੀਆ 5 ਦੀ ਟਰੱਸਟੀ ਦੀ ਚੋਣ ਜਸਪ੍ਰੀਤ ਸਿੱਧੂ ਨੇ ਵੱਡੇ ਫਰਕ ਨਾਲ ਜਿੱਤਕੇ ਭਾਈਚਾਰੇ ਨੂੰ ਮਾਣ ਬਖ਼ਸ਼ਿਆ। ਜਸਪ੍ਰੀਤ ਸਿੰਘ ਸਿੱਧੂ ਜਿਸਦਾ ਪਿਛਲਾ ਪਿੰਡ ਬੱਧਨੀ ਜ਼ਿਲ੍ਹਾ ਮੋਗਾ ਵਿਚ ਪੈਂਦਾ ਹੈ। ਜਸਪ੍ਰੀਤ ਅਮੈਰਕਿਨ ਬੌਰਨ, ਇੱਕ ਰਜਿਸਟਰਡ ਨਰਸ ਦੇ ਤੌਰ 'ਤੇ ਸੇਵਾਵਾਂ ਨਿਭਾ ਰਿਹਾ ਹੈ। ਉਹ ਜੀ.ਐੱਚ.ਜੀ. ਡਾਂਸ ਐਂਡ ਸੰਗੀਤ ਅਕੈਡਮੀ ਲਈ ਭੰਗੜਾ ਕੋਚ ਵੀ ਹੈ। ਇਸੇ ਤਰੀਕੇ ਨਰਿੰਦਰ ਸਿੰਘ ਸਹੋਤਾ ਇੱਕ ਇੰਜੀਨੀਅਰ ਦੇ ਤੌਰ



ਜਸਪ੍ਰੀਤ ਸਿੱਧੂ ਅਤੇ ਨਰਿੰਦਰ ਸਹੋਤਾ।

'ਤੇ ਕੰਮ ਕਰ ਰਿਹਾ ਹੈ, ਉਸਨੇ ਦੂਸਰੀ ਵਾਰ ਸੈਲਮਾ ਸਕੂਲ ਬੋਰਡ ਏਰੀਆ 2 ਤੋਂ ਸਕੂਲ ਟਰੱਸਟੀ ਦੀ ਚੋਣ ਜਿੱਤਕੇ ਇਤਿਹਾਸ ਸਿਰਜਿਆ ਹੈ। ਉਹ ਪੰਜਾਬ ਤੋਂ ਬੜਾ ਪਿੰਡ ਜ਼ਿਲ੍ਹਾ ਜਲੰਧਰ ਨਾਲ ਸਬੰਧਤ ਹਨ। ਦੋਵਾਂ ਪੰਜਾਬੀ ਮੁੰਡਿਆਂ ਦੀ ਜਿੱਤ ਕਾਰਨ ਫਰਿਜ਼ਨੋ ਏਰੀਏ ਦੇ ਪੰਜਾਬੀ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ ਹੈ।

# 84 ਸਿੱਖ ਦੰਗਾ ਕੇਸ: ਪੀੜਤ ਦੀ ਪਤਨੀ ਵੱਲੋਂ ਟਾਈਟਲਰ ਖ਼ਿਲਾਫ਼ ਬਿਆਨ ਦਰਜ

ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਕੋਰਟ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਉੱਤਰੀ ਦਿੱਲੀ ਦੇ ਪੁਲ ਬੰਗਸ਼ ਗੁਰਦੁਆਰਾ ਕੇਸ ਵਿਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਖਿਲਾਫ਼ ਪੀੜਤ ਦੀ ਪਤਨੀ ਦੇ ਬਿਆਨ ਦਰਜ ਕਰਨ ਦਾ ਅਮਲ ਪੂਰਾ ਕਰ ਲਿਆ ਹੈ। ਵਿਸ਼ੇਸ਼ ਜੱਜ ਜਿਤੇਂਦਰ ਸਿੰਘ ਨੇ ਬਾਦਲ ਸਿੰਘ, ਜਿਸ ਦੀ ਹਿੰਸਕ ਹਜੂਮ ਨੇ ਗੁਰਦੁਆਰੇ ਨੂੰ ਅੱਗ ਲਾਉਣ ਮਗਰੋਂ ਤਿੰਨ ਹੋਰਨਾਂ ਨਾਲ ਹੱਤਿਆ ਕਰ ਦਿੱਤੀ ਸੀ, ਦੀ ਪਤਨੀ ਲਖਵਿੰਦਰ ਕੌਰ ਦੇ ਬਿਆਨ ਕਲਮਬੱਧ ਕੀਤੇ। ਕੌਰ ਨੇ ਆਪਣੇ ਬਿਆਨ ਵਿਚ



ਕਿਹਾ ਕਿ ਇਕ ਚਸ਼ਮਦੀਦ ਨੇ ਉਸ ਨੂੰ ਦੱਸਿਆ ਸੀ ਕਿ ਟਾਈਟਲਰ ਇਕ ਵਾਹਨ ਵਿਚ ਉਥੇ ਆਇਆ ਤੇ ਹਜੂਮ ਨੂੰ ਉਕਸਾਇਆ। ਕੌਰ ਨੇ ਕੋਰਟ ਨੂੰ ਦੱਸਿਆ ਕਿ ਉਹ ਸੁਰਿੰਦਰ ਸਿੰਘ, ਜੋ 2008 'ਚ ਗੁਰਦੁਆਰੇ ਦੇ ਗ੍ਰੰਥੀ ਵਜੋਂ ਸੇਵਾਵਾਂ ਨਿਭਾ ਰਿਹਾ ਸੀ, ਨੂੰ ਮਿਲੀ ਤੇ ਜਿਸ ਨੇ ਉਸ ਨੂੰ ਇਸ ਘਟਨਾ ਬਾਰੇ ਤਫ਼ਸੀਲ ਵਿਚ ਜਾਣਕਾਰੀ ਦਿੱਤੀ। ਜੱਜ ਵੱਲੋਂ ਹੁਣ ਇਸ ਮਾਮਲੇ 'ਤੇ 23 ਨਵੰਬਰ ਨੂੰ ਸੁਣਵਾਈ ਕੀਤੀ ਜਾਵੇਗੀ ਤੇ ਉਸ ਦਿਨ ਇਕ ਹੋਰ ਪੀੜਤ ਮਨਮੋਹਨ ਕੌਰ ਦੇ ਬਿਆਨ ਦਰਜ ਕੀਤੇ ਜਾ ਸਕਦੇ ਹਨ। ਟਾਈਟਲਰ, ਜਿਸ ਨੂੰ ਅਜੇ ਤੱਕ ਗ੍ਰਿਫ਼ਤਾਰ ਨਹੀਂ ਕੀਤਾ ਗਿਆ, ਮੌਜੂਦਾ ਸਮੇਂ ਜ਼ਮਾਨਤ ਉੱਤੇ ਹੈ। ਸੈਸ਼ਨਜ਼ ਕੋਰਟ ਨੇ ਪਿਛਲੇ ਸਾਲ ਅਗਸਤ ਵਿਚ ਕਾਂਗਰਸ ਆਗੂ ਨੂੰ ਇਸ ਕੇਸ ਵਿਚ ਪੇਸ਼ਗੀ ਜ਼ਮਾਨਤ ਦੇ ਦਿੱਤੀ ਸੀ। ਲਖਵਿੰਦਰ ਕੌਰ ਨੇ ਕੋਰਟ ਨੂੰ ਦੱਸਿਆ, "ਸੁਰਿੰਦਰ ਸਿੰਘ ਨੇ ਉਸ ਨੂੰ ਦੱਸਿਆ ਕਿ ਉਸ ਨੇ ਗੁਰਦੁਆਰੇ ਦੀ ਛੱਤ ਤੋਂ ਇਹ ਪੂਰਾ ਵਾਕਿਆ ਦੇਖਿਆ।" ਉਸ ਨੇ ਮੈਨੂੰ ਦੱਸਿਆ ਕਿ ਉਸ ਨੇ ਮੇਰੇ ਪਤੀ ਨੂੰ ਗੁਰਦੁਆਰੇ 'ਚੋਂ ਜਾਂਦੇ ਦੇਖਿਆ ਤੇ ਹਜੂਮ ਵੱਲੋਂ ਉਸ ਉੱਤੇ ਹਮਲਾ ਕਰਦਾ ਦੇਖਿਆ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

## ਆਸਟਰੇਲੀਆ 'ਚ ਬੱਚਿਆਂ ਲਈ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਲੱਗੇਗੀ ਪਾਬੰਦੀ

ਮੈਲਬਰਨ, (ਪੰਜਾਬ ਮੇਲ)- ਆਸਟਰੇਲੀਆ ਨੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸੋਸ਼ਲ ਮੀਡੀਆ ਦੇ ਮਾੜੇ ਪ੍ਰਭਾਵ ਤੋਂ ਬਚਾਉਣ ਲਈ ਸਖ਼ਤ ਕਾਨੂੰਨ ਲਿਆਉਣ ਦੀ ਤਿਆਰੀ ਖਿੱਚ ਲਈ ਹੈ। ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਨੇ ਅੱਜ ਕਿਹਾ ਕਿ ਇਸ ਸਬੰਧੀ ਬਿੱਲ ਤਿਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਮਾਪਿਆਂ ਦੀਆਂ ਡਿਜੀਟਲ ਯੁੱਗ 'ਚ ਵੱਧ ਰਹੀਆਂ ਚਿੰਤਾਵਾਂ ਜਾਇਜ਼ ਹਨ ਅਤੇ ਸਰਕਾਰ ਬੱਚਿਆਂ ਨੂੰ ਇਨ੍ਹਾਂ ਆਨਲਾਈਨ ਖ਼ਤਰਿਆਂ ਤੋਂ ਬਚਾਉਣ ਲਈ ਵਚਨਬੱਧ ਹੈ। ਇਸ ਬਿੱਲ ਬਾਰੇ ਵਿਸਥਾਰ 'ਚ ਰਿਪੋਰਟ ਹਾਲੇ ਆਉਣੀ ਬਾਕੀ ਹੈ ਪਰ ਆਸਟਰੇਲੀਆ ਦੁਨੀਆ 'ਚ ਅਜਿਹਾ ਪਹਿਲਾ ਮੁਲਕ ਹੋਵੇਗਾ, ਜਿੱਥੇ ਬੱਚਿਆਂ ਦੇ ਸੋਸ਼ਲ ਮੀਡੀਆ ਚਲਾਉਣ 'ਤੇ ਪਾਬੰਦੀ ਹੋਵੇਗੀ ਅਤੇ ਮਾਪਿਆਂ ਦੀ ਇਜ਼ਾਜਤ ਮਗਰੋਂ ਹੀ 16 ਸਾਲ ਤੋਂ ਘੱਟ ਉਮਰ ਦੇ ਬੱਚੇ ਸ਼ੋਸਲ ਮੀਡੀਆ 'ਤੇ ਆ ਸਕਣਗੇ।




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ ਦਿੱਤੀ ਵਿੱਤੀ ਸਹਾਇਤਾ




ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਵਲੋਂ ਡਾਕਟਰ ਓਬਰਾਏ ਵਲੋਂ ਲੋੜਵੰਦ ਮਰੀਜ਼ਾਂ ਲਈ ਭੇਜੀ ਰਾਸ਼ੀ ਤਕਸੀਮ ਕੀਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਕਾਫੀ ਸਮੇਂ ਤੋਂ ਵੱਖ-ਵੱਖ ਬੀਮਾਰੀਆਂ ਤੋਂ ਪੀੜਤ ਮਰੀਜ਼, ਜੋ ਕਿ ਦਵਾਈਆਂ ਖਰੀਦਣ ਤੋਂ ਅਸਮਰਥ ਹਨ, ਇਨ੍ਹਾਂ ਦੀ ਆਰਥਿਕ ਹਾਲਤ ਬਹੁਤ ਹੀ ਕਮਜ਼ੋਰ ਹੈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਮਰੀਜ਼ਾਂ ਨੇ ਡਾਕਟਰ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਇਸ ਵਿੱਤੀ ਸਹਾਇਤਾ ਨਾਲ ਅਸੀਂ ਦਵਾਈਆਂ ਖਰੀਦਣ ਤੋਂ ਬਾਅਦ ਅਪਣੀ ਜ਼ਿੰਦਗੀ ਆਮ ਵਾਂਗ ਜਿਊਣ ਦੇ ਸਮਰੱਥ ਹੋ ਗਏ ਹਾਂ। ਇਸ ਮੌਕੇ ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ ਮੀਤ ਪ੍ਰਧਾਨ, ਬਲਜੀਤ ਸਿੰਘ ਮਾਨ ਰਿਟਾਇਰਡ ਪ੍ਰਿੰਸੀਪਲ, ਮਾਸਟਰ ਰਜਿੰਦਰ ਸਿੰਘ, ਚਰਨਜੀਤ ਸਿੰਘ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਜਸਵਿੰਦਰ ਸਿੰਘ ਮਣਕੂ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ. ਆਦਿ ਹਾਜ਼ਰ ਸਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੜਕੀਆਂ ਲਈ ਖੋਲ੍ਹਿਆ ਮੁਫ਼ਤ ਸਿਲਾਈ ਸਿਖਲਾਈ ਸੈਂਟਰ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿਚ ਨੌਜਵਾਨ ਲੜਕੇ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਮੁਫ਼ਤ ਸਿਖਲਾਈ ਸੈਂਟਰ (ਸਿਲਾਈ, ਬਿਊਟੀ ਪਾਰਲਰ, ਕੰਪਿਊਟਰ ਸੈਂਟਰ) ਖੋਲ੍ਹ ਕੇ ਆਤਮ ਨਿਰਭਰ ਬਣਾਇਆ ਜਾ ਰਿਹਾ ਹੈ, ਤਾਂ ਜੋ ਇਹ ਨੌਜਵਾਨ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਆਪਣੇ ਪਰਿਵਾਰਾਂ ਦਾ ਵਧੀਆ ਪਾਲਣ-ਪੋਸ਼ਣ ਕਰ ਸਕਣ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਪਿੰਡ ਮਾਹੂਆਣਾ 'ਚ ਮੁਫ਼ਤ ਸਿਖਲਾਈ ਸੈਂਟਰ ਖੋਲ੍ਹਿਆ ਗਿਆ ਹੈ, ਜਿਸ ਵਿਚ 35 ਲੜਕੀਆਂ ਨੇ ਦਾਖਲਾ ਲਿਆ ਹੈ ਅਤੇ ਟਰੱਸਟ ਵੱਲੋਂ ਸਿਖਲਾਈ ਦੌਰਾਨ ਕੋਈ ਵੀ ਫੀਸ ਨਹੀਂ ਲਈ ਜਾਂਦੀ। 6 ਮਹੀਨੇ ਦਾ ਕੋਰਸ ਪੂਰਾ ਹੋਣ ਉਪਰੰਤ ਪੇਪਰਾਂ ਤੋਂ ਬਾਅਦ ਆਈ.ਐੱਸ.ਓ. ਸਰਟੀਫਿਕੇਟ ਦਿੱਤੇ ਜਾਂਦੇ ਹਨ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿਚ ਅਜਿਹੇ 8 ਮੁਫ਼ਤ ਸਿਖਲਾਈ ਸੈਂਟਰ ਚੱਲ ਰਹੇ ਹਨ। ਇਹ ਲੜੀ ਪਿਛਲੇ 8 ਸਾਲਾਂ ਤੋਂ ਲਗਾਤਾਰ ਜਾਰੀ ਹੈ। ਇਸ ਮੌਕੇ ਲੜਕੀਆਂ ਦੇ ਪਰਿਵਾਰਾਂ ਵੱਲੋਂ ਡਾ. ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਲੜਕੀਆਂ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।







# ਸੰਜੀਵ ਖੰਨਾ ਨੇ ਭਾਰਤ ਦੇ 51ਵੇਂ ਚੀਫ ਜਸਟਿਸ ਵਜੋਂ ਚੁੱਕੀ ਸਹੁੰ

ਨਵੀਂ ਦਿੱਲੀ, (ਪੰਜਾਬ ਮੇਲ)- ਜਸਟਿਸ ਸੰਜੀਵ ਖੰਨਾ ਨੇ ਸੋਮਵਾਰ ਨੂੰ ਰਾਸ਼ਟਰਪਤੀ ਭਵਨ 'ਚ ਭਾਰਤ ਦੇ 51ਵੇਂ ਚੀਫ ਜਸਟਿਸ ਵਜੋਂ ਸਹੁੰ ਚੁੱਕ ਲਈ ਹੈ। ਇਸ ਤੋਂ ਪਹਿਲਾਂ ਜਸਟਿਸ ਡੀ. ਵਾਈ ਚੰਦਰਚੂੜ ਸੇਵਾਮੁਕਤ ਹੋ ਚੁੱਕੇ ਹਨ। ਜਸਟਿਸ ਖੰਨਾ ਦੇ ਨਾਮ ਦੀ ਸਿਫਾਰਸ਼ ਜਸਟਿਸ ਚੰਦਰਚੂੜ ਨੇ ਕੀਤੀ ਸੀ। ਚੰਦਰਚੂੜ 10 ਨਵੰਬਰ ਨੂੰ 65 ਸਾਲ ਦੀ ਉਮਰ ਵਿਚ ਇਸ ਅਹੁਦੇ ਤੋਂ ਸੇਵਾਮੁਕਤ ਹੋਏ ਸਨ।



14 ਮਈ 1960 ਨੂੰ ਜਨਮੇ ਜਸਟਿਸ ਸੰਜੀਵ ਖੰਨਾ ਨੇ ਦਿੱਲੀ ਯੂਨੀਵਰਸਿਟੀ ਦੇ ਕੈਂਪਸ ਲਾਅ ਸੈਂਟਰ ਤੋਂ ਕਾਨੂੰਨ ਦੀ ਪੜ੍ਹਾਈ ਕੀਤੀ। ਦਿੱਲੀ ਹਾਈ ਕੋਰਟ ਦੇ ਜੱਜ ਨਿਯੁਕਤ ਹੋਣ ਤੋਂ ਪਹਿਲਾਂ ਉਹ ਤੀਜੀ ਪੀੜ੍ਹੀ ਦੇ ਵਕੀਲ ਸਨ। ਉਨ੍ਹਾਂ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ (ਐੱਨ.ਏ.ਐੱਲ.ਐੱਸ.ਏ.) ਦੇ ਕਾਰਜਕਾਰੀ ਚੇਅਰਮੈਨ ਵਜੋਂ ਵੀ ਕੰਮ ਕੀਤਾ। ਜਸਟਿਸ ਖੰਨਾ ਜਨਵਰੀ 2019 ਤੋਂ ਸੁਪਰੀਮ ਕੋਰਟ ਦੇ ਜੱਜ ਵਜੋਂ ਸੇਵਾ ਨਿਭਾਅ ਰਹੇ, ਕਈ ਇਤਿਹਾਸਕ ਫੈਸਲਿਆਂ ਦਾ ਹਿੱਸਾ ਰਹੇ ਹਨ, ਜਿਵੇਂ ਕਿ ਈ.ਵੀ.ਐੱਮ. ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣਾ, ਚੋਣ ਬਾਂਡ ਸਕੀਮ ਨੂੰ ਰੱਦ ਕਰਨਾ, ਧਾਰਾ 370 ਨੂੰ ਰੱਦ ਕਰਨਾ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ ਦੇਣਾ।

ਜਸਟਿਸ ਖੰਨਾ, ਜੋ ਦਿੱਲੀ ਦੇ ਇੱਕ ਉੱਘੇ ਪਰਿਵਾਰ ਨਾਲ ਸਬੰਧਤ ਹਨ, ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਦੇਵ ਰਾਜ ਖੰਨਾ ਦੇ ਪੁੱਤਰ ਅਤੇ ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਐੱਚ.ਆਰ. ਖੰਨਾ ਦੇ ਭਤੀਜੇ ਹਨ। ਜਸਟਿਸ ਸੰਜੀਵ ਖੰਨਾ, ਜਿਨ੍ਹਾਂ ਨੂੰ 18 ਜਨਵਰੀ, 2019 ਨੂੰ ਸੁਪਰੀਮ ਕੋਰਟ ਦਾ ਜੱਜ ਬਣਾਇਆ ਗਿਆ ਸੀ, ਹਾਈ ਕੋਰਟ ਦੇ ਜੱਜ ਵਜੋਂ ਨਿਯੁਕਤ ਹੋਣ ਤੋਂ ਪਹਿਲਾਂ ਤੀਜੀ ਪੀੜ੍ਹੀ ਦੇ ਵਕੀਲ ਸਨ। ਉਹ ਕੇਸਾਂ ਦੀ ਪੈਂਡੈਂਸੀ ਨੂੰ ਘਟਾਉਣ ਅਤੇ ਨਿਆਂ ਦਿਵਾਉਣ ਵਿਚ ਤੇਜ਼ੀ ਲਿਆਉਣ ਲਈ ਉਤਸ਼ਾਹ ਨਾਲ ਪ੍ਰੇਰਿਤ ਹਨ।

ਜਸਟਿਸ ਖੰਨਾ ਦੇ ਚਾਚਾ ਜਸਟਿਸ ਐੱਚ.ਆਰ. ਖੰਨਾ 1976 'ਚ ਐਮਰਜੈਂਸੀ ਦੌਰਾਨ ਬਦਨਾਮ ਏ.ਡੀ.ਐੱਮ. ਜਬਲਪੁਰ ਕੇਸ ਵਿਚ ਅਸਹਿਮਤੀ ਵਾਲਾ ਫੈਸਲਾ ਲਿਖਣ ਤੋਂ ਬਾਅਦ ਅਸਤੀਫਾ ਦੇ ਕੇ ਸੁਰਖੀਆਂ ਵਿਚ ਆਏ ਸਨ। ਐਮਰਜੈਂਸੀ ਦੌਰਾਨ ਮੌਲਿਕ ਅਧਿਕਾਰਾਂ ਦੀ ਉਲੰਘਣਾ ਨੂੰ ਬਰਕਰਾਰ ਰੱਖਣ ਵਾਲੇ ਸੰਵਿਧਾਨਕ ਬੈਂਚ ਦੇ ਬਹੁਮਤ ਦੇ ਫੈਸਲੇ ਨੂੰ ਨਿਆਂਪਾਲਿਕਾ 'ਤੇ 'ਕਾਲਾ ਧੱਬਾ' ਮੰਨਿਆ ਗਿਆ ਸੀ। ਹਾਲਾਂਕਿ, ਜਸਟਿਸ ਐੱਚ.ਆਰ. ਖੰਨਾ ਨੇ ਇਸ ਕਦਮ ਨੂੰ ਗੈਰ-ਸੰਵਿਧਾਨਕ ਅਤੇ ਕਾਨੂੰਨ ਦੇ ਸ਼ਾਸਨ ਦੇ ਵਿਰੁੱਧ ਕਰਾਰ ਦਿੱਤਾ ਅਤੇ ਕੀਮਤ ਅਦਾ ਕੀਤੀ ਕਿਉਂਕਿ ਤਤਕਾਲੀ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਹਟਾ ਦਿੱਤਾ ਅਤੇ ਜਸਟਿਸ ਐੱਮ.ਐੱਚ. ਬੇਗ ਨੂੰ ਅਗਲਾ ਸੀ.ਜੇ.ਆਈ. ਬਣਾਇਆ। ਜਸਟਿਸ ਐੱਚ.ਆਰ. ਖੰਨਾ 1973 ਦੇ ਕੇਸ਼ਵਾਨੰਦ ਭਾਰਤੀ ਕੇਸ ਦੇ ਇਤਿਹਾਸਕ ਫੈਸਲੇ ਦਾ ਹਿੱਸਾ ਸੀ, ਜਿਸ ਨੇ ਬੁਨਿਆਦੀ ਢਾਂਚੇ ਦੇ ਸਿਧਾਂਤ ਨੂੰ ਪੇਸ਼ ਕੀਤਾ ਸੀ।

# ਕੈਨੇਡਾ ਵੱਲੋਂ ਫਾਸਟ ਟਰੈਕ ਸਟੂਡੈਂਟ ਵੀਜ਼ਾ ਬੰਦ

- **ਸਟੂਡੈਂਟ ਡਾਇਰੈਕਟ ਸਟ੍ਰੀਮ (ਐੱਸ.ਡੀ.ਐੱਸ.) ਪ੍ਰੋਗਰਾਮ 'ਤੇ ਲਾਈ ਰੋਕ**
- **ਅਗਲੇ ਸਾਲ ਸਿਰਫ 4.37 ਲੱਖ ਸਟੱਡੀ ਪਰਮਿਟ ਦੇਣ ਦਾ ਫੈਸਲਾ**

ਅੰਮ੍ਰਿਤਸਰ, (ਪੰਜਾਬ ਮੇਲ)- ਕੈਨੇਡਾ ਨੇ ਆਪਣੀ ਇਮੀਗ੍ਰੇਸ਼ਨ ਨੀਤੀ ਵਿਚ ਹੋਰ ਵੱਡਾ ਬਦਲਾਅ ਕਰਦਿਆਂ ਫਾਸਟ ਟਰੈਕ ਸਟੂਡੈਂਟ ਵੀਜ਼ਾ, ਜਿਸ ਨੂੰ ਸਟੂਡੈਂਟ ਡਾਇਰੈਕਟ ਸਟ੍ਰੀਮ (ਐੱਸ.ਡੀ.ਐੱਸ.) ਪ੍ਰੋਗਰਾਮ ਵੀ ਕਿਹਾ ਜਾਂਦਾ ਹੈ, ਨੂੰ ਤੁਰੰਤ ਬੰਦ ਕਰ ਦਿੱਤਾ ਹੈ। ਕੈਨੇਡਾ ਦੇ ਇਸ ਫੈਸਲੇ ਨਾਲ ਹਜ਼ਾਰਾਂ ਕੌਮਾਂਤਰੀ ਵਿਦਿਆਰਥੀਆਂ, ਖਾਸ ਕਰਕੇ ਕੈਨੇਡਾ ਵਿਚ ਪੜ੍ਹਾਈ ਕਰਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ 'ਤੇ ਸਿੱਧਾ ਅਸਰ ਪਏਗਾ। ਐੱਸ.ਡੀ.ਐੱਸ. ਪ੍ਰੋਗਰਾਮ 2018 ਵਿਚ ਸ਼ੁਰੂ ਕੀਤਾ ਗਿਆ ਸੀ ਤੇ ਇਸ ਦਾ ਮੁੱਖ ਮੰਤਵ ਭਾਰਤ, ਚੀਨ, ਪਾਕਿਸਤਾਨ ਤੇ ਫਿਲਪੀਨਜ਼ ਸਣੇ 14 ਮੁਲਕਾਂ ਦੇ ਉਮੀਦਵਾਰਾਂ, ਜੋ ਨਿਰਧਾਰਿਤ ਮਾਪਦੰਡਾਂ ਨੂੰ ਪੂਰਾ ਕਰਦੇ ਹਨ, ਲਈ ਸਟੱਡੀ ਪਰਮਿਟ ਦੇ ਅਮਲ ਨੂੰ ਸਟ੍ਰੀਮਲਾਈਨ ਕਰਨਾ ਸੀ।

ਐੱਸ.ਡੀ.ਐੱਸ. ਪ੍ਰੋਗਰਾਮ ਵਿਸ਼ੇਸ਼ ਕਰਕੇ ਕੌਮਾਂਤਰੀ ਵਿਦਿਆਰਥੀਆਂ ਵਿਚ ਬਹੁਤ ਮਕਬੂਲ ਸੀ, ਕਿਉਂਕਿ ਸਟੈਂਡਰਡ ਅਮਲ ਦੇ ਮੁਕਾਬਲੇ ਇਸ ਵਿਚ ਪਰਮਿਟ ਦੀ ਪ੍ਰਵਾਨਗੀ ਬਹੁਤ ਤੇਜ਼ (ਕਈ ਵਾਰ ਤਾਂ ਤਿੰਨ ਹਫ਼ਤਿਆਂ ਵਿਚ ਮਿਲ ਜਾਂਦੀ) ਸੀ। ਐੱਸ.ਡੀ.ਐੱਸ. ਵੀਜ਼ਾ ਅਰਜ਼ੀ ਦੇ ਅਮਲ ਨੂੰ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਦੀ ਸੂਰਤ 'ਚ ਆਮ ਕਰਕੇ ਤਿੰਨ ਤੋਂ ਚਾਰ ਹਫ਼ਤੇ ਲੱਗਦੇ ਹਨ, ਜਦੋਂਕਿ ਸਾਧਾਰਨ ਅਮਲ ਵਿਚ ਅੱਠ ਤੋਂ 12 ਹਫ਼ਤੇ ਅਤੇ ਕਈ ਵਾਰ ਇਸ ਤੋਂ ਵੀ ਵੱਧ ਸਮਾਂ ਲੱਗਦਾ ਹੈ। ਅੰਕੜਿਆਂ ਮੁਤਾਬਕ 2023 ਵਿਚ ਐੱਸ.ਡੀ.ਐੱਸ. ਬਿਨੈਕਾਰਾਂ ਲਈ ਵੀਜ਼ੇ ਦੀ ਪ੍ਰਵਾਨਗੀ ਦਰ 73 ਫੀਸਦੀ ਸੀ, ਜਦੋਂਕਿ ਨਾਨ-ਐੱਸ.ਡੀ.ਐੱਸ. ਬਿਨੈਕਾਰਾਂ ਲਈ ਇਹ ਦਰ 10 ਫੀਸਦੀ ਸੀ।

ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੇ ਨਾਇਜੀਰੀਆ ਸਟੂਡੈਂਟ ਐਕਸਪ੍ਰੈੱਸ (ਐੱਨ.ਐੱਸ.ਈ.) ਪ੍ਰੋਗਰਾਮ ਵੀ ਬੰਦ ਕਰ ਦਿੱਤਾ ਹੈ। ਨਾਇਜੀਰੀਅਨ ਉਮੀਦਵਾਰਾਂ ਨੂੰ ਹੁਣ ਸਟੈਂਡਰਡ ਸਟੱਡੀ ਪਰਮਿਟ ਐਪਲੀਕੇਸ਼ਨ ਰੂਟ ਅਪਣਾਉਣਾ ਹੋਵੇਗਾ। ਕੈਨੇਡੀਅਨ ਸਰਕਾਰ ਨੇ ਸਾਲ 2025 ਵਿਚ 4.37 ਲੱਖ ਨਵੇਂ ਸਟੱਡੀ ਪਰਮਿਟ, ਜਿਸ ਵਿਚ ਪੋਸਟ-ਗਰੈਜੂਏਟ ਪ੍ਰੋਗਰਾਮਾਂ ਸਣੇ ਸਿੱਖਿਆ ਦੇ ਸਾਰੇ ਪੱਧਰ ਕਵਰ ਹੋਣਗੇ, ਦੇਣ ਦਾ ਹੀ ਫੈਸਲਾ ਕੀਤਾ ਹੈ। ਟਰੂਡੋ ਸਰਕਾਰ ਦੀ ਇਹ ਪੇਸ਼ਕਦਮੀ ਉੱਚ ਸਿੱਖਿਆ ਲਈ ਕੈਨੇਡਾ ਜਾਣ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਲਈ ਇਕ ਹੋਰ ਝਟਕਾ ਹੈ। ਇਸ ਤੋਂ ਪਹਿਲਾਂ ਇਸ ਸਾਲ ਦੀ ਸ਼ੁਰੂਆਤ ਵਿਚ ਕੈਨੇਡਾ ਨੇ 2024 ਵਿਚ ਕੌਮਾਂਤਰੀ ਵਿਦਿਆਰਥੀਆਂ ਲਈ ਨਵੇਂ ਨੇਮ ਲਾਗੂ ਕੀਤੇ ਸਨ। ਇਸ ਵਿਚ ਸਟੱਡੀ ਪਰਮਿਟਾਂ ਦੀ ਗਿਣਤੀ ਦੋ ਸਾਲਾਂ ਵਿਚ 35 ਫੀਸਦ ਘਟਾਉਣਾ ਵੀ ਸ਼ਾਮਲ ਸੀ।

### ਨਵੇਂ ਪ੍ਰਬੰਧ ਵਿਚ 6 ਮਹੀਨਿਆਂ ਦੀ ਫੀਸ ਅਦਾ ਕਰਨ ਦਾ ਬਦਲ ਮਿਲੇਗਾ

ਇਮੀਗ੍ਰੇਸ਼ਨ ਮਾਹਿਰ ਤੇ ਐਸੋਸੀਏਸ਼ਨ ਆਫ ਵੀਜ਼ਾ ਤੇ ਆਇਲਟਸ ਸੈਂਟਰਜ਼ ਦੇ ਪ੍ਰਧਾਨ ਬਿਕਰਮ ਝਬਾਲ ਨੇ ਕਿਹਾ, "ਮੌਜੂਦਾ ਸ਼ਰਤਾਂ ਤਹਿਤ ਐੱਸ.ਡੀ.ਐੱਸ. ਵਰਗ 'ਚ ਅਰਜ਼ੀ ਦੀ ਪ੍ਰੋਸੈਸਿੰਗ ਨੂੰ ਸੱਤ ਤੋਂ 20 ਦਿਨ ਲੱਗਦੇ ਹਨ ਅਤੇ ਕਈ ਸ਼ਰਤਾਂ ਤਹਿਤ ਵੀਜ਼ੇ ਦੀ ਪ੍ਰਵਾਨਗੀ ਮਿਲਦੀ ਹੈ। ਵਿਦਿਆਰਥੀ ਹਾਇਰ ਗਾਰੰਟਿਡ ਆਮਦਨ ਸਰਟੀਫਿਕੇਟ ਦੇ ਨਾਲ ਇਕ ਸਾਲ ਫੀਸ ਦੀ ਅਗਾਊਂ ਅਦਾਇਗੀ ਕਰਦੇ ਹਨ, ਜਿਸ ਨਾਲ ਉਨ੍ਹਾਂ ਦਾ ਮਾਈਗਰੇਸ਼ਨ ਬਜਟ 20-25 ਲੱਖ ਨੂੰ ਪਹੁੰਚ ਜਾਂਦਾ ਹੈ। ਹੁਣ ਐੱਸਡੀਐੱਸ ਦੀ ਗੈਰਮੌਜੂਦਗੀ 'ਚ ਵਿਦਿਆਰਥੀਆਂ ਨੂੰ ਸਿਰਫ 6 ਮਹੀਨਿਆਂ ਦੀ ਫੀਸ ਅਦਾ ਕਰਨ ਦਾ ਵਿਕਲਪ ਮਿਲੇਗਾ, ਮੈਡੀਕਲ ਸਰਟੀਫਿਕੇਟ ਜਮ੍ਹਾਂ ਕਰਵਾਉਣ ਤੇ ਘਟੋ ਆਇਲਟਸ ਬੈਂਡ ਦੀ ਕੋਈ ਸ਼ਰਤ ਨਹੀਂ ਹੋਵੇਗੀ, ਕਿਉਂਕਿ ਬਹੁਤੇ ਵਿਦਿਆਰਥੀ ਸੱਤ ਜਾਂ ਇਸ ਤੋਂ ਵੱਧ ਬੈਂਡ, ਜੋ ਐੱਸ.ਡੀ.ਐੱਸ. ਵੀਜ਼ਾ ਅਰਜ਼ੀ ਲਈ ਜ਼ਰੂਰੀ ਹਨ, ਲੈਣ ਵਿਚ ਨਾਕਾਮ ਰਹਿੰਦੇ ਹਨ। ਦੂਜੇ ਪਾਸੇ ਵੀਜ਼ਾ ਅਰਜ਼ੀਆਂ ਨੂੰ ਹੁਣ ਵੱਧ ਸਮਾਂ ਲੱਗੇਗਾ। ਵੀਜ਼ਾ ਪ੍ਰਵਾਨਗੀ ਦੀ ਸਫ਼ਲਤਾ ਦਰ ਬਾਰੇ ਵੀ ਤਸਵੀਰ ਸਾਫ਼ ਨਹੀਂ ਹੈ।"

# ਡਾਲਰ ਦੇ ਮੁਕਾਬਲੇ ਰੁਪਿਆ ਨਵੇਂ ਹੇਠਲੇ ਪੱਧਰ 'ਤੇ ਪੁੱਜਾ

ਮੁੰਬਈ, (ਪੰਜਾਬ ਮੇਲ)- ਲਗਾਤਾਰ ਚੌਥੇ ਸੈਸ਼ਨ 'ਚ ਗਿਰਾਵਟ ਨਾਲ ਅਮਰੀਕੀ ਡਾਲਰ ਮੁਕਾਬਲੇ ਰੁਪਿਆ 2 ਪੈਸੇ ਡਿੱਗ ਕੇ 84.39 (ਪ੍ਰੋਵਿਜ਼ਨਲ) ਦੇ ਨਵੇਂ ਹੇਠਲੇ ਪੱਧਰ 'ਤੇ ਪਹੁੰਚ ਗਿਆ ਹੈ। ਵਿਦੇਸ਼ੀ ਮੁਦਰਾ ਵਪਾਰੀਆਂ ਨੇ ਕਿਹਾ ਕਿ ਜਦੋਂ ਤੱਕ ਡਾਲਰ ਇੰਡੈਕਸ 'ਚ ਨਰਮੀ ਨਹੀਂ ਆਉਂਦੀ ਜਾਂ ਵਿਦੇਸ਼ੀ ਫੰਡ ਦੀ ਵੇਚ-ਵੱਟ 'ਚ ਮੰਦੀ ਨਹੀਂ ਹੁੰਦੀ,




ਉਦੋਂ ਤੱਕ ਰੁਪਏ 'ਤੇ ਦਬਾਅ ਬਣੇ ਰਹਿਣ ਦੀ ਸੰਭਾਵਨਾ ਹੈ। ਅੰਤਰਬੈਂਕ ਵਿਦੇਸ਼ੀ ਮੁਦਰਾ ਬਾਜ਼ਾਰ 'ਚ ਰੁਪਿਆ ਅਮਰੀਕੀ ਡਾਲਰ ਮੁਕਾਬਲੇ 84.38 'ਤੇ ਖੁੱਲ੍ਹਿਆ। ਸੈਸ਼ਨ ਦੌਰਾਨ ਰੁਪਿਆ ਇੱਕ ਸਮੇਂ 84.37 ਦੇ ਸਭ ਤੋਂ ਉੱਪਰਲੇ ਪੱਧਰ ਅਤੇ 84.39 ਦੇ ਸਭ ਤੋਂ ਹੇਠਲੇ ਪੱਧਰ 'ਤੇ ਪੁੱਜਾ ਅਤੇ ਅਖੀਰ ਇਹ 84.39 (ਪ੍ਰੋਵਿਜ਼ਨਲ) 'ਤੇ ਬੰਦ ਹੋਇਆ।

# ਵਿਆਹ ਸੀਜ਼ਨ ਦੇ ਸ਼ੁਰੂਆਤੀ 35 ਦਿਨਾਂ 'ਚ 48 ਲੱਖ ਘਰਾਂ 'ਚ ਵੱਜਣ ਜਾ ਰਹੀਆਂ ਨੇ ਸ਼ਹਿਨਾਈਆਂ

ਬਠਿੰਡਾ, (ਪੰਜਾਬ ਮੇਲ)-ਭਾਰਤ ਵਿਚ 2024 ਦੇ ਵਿਆਹ-ਸ਼ਾਦੀਆਂ ਸੀਜ਼ਨ ਦੇ ਸ਼ੁਰੂਆਤੀ 35 ਦਿਨਾਂ ਵਿਚ 48 ਲੱਖ ਘਰਾਂ ਵਿਚ ਸ਼ਹਿਨਾਈਆਂ ਵੱਜਣ ਜਾ ਰਹੀਆਂ ਹਨ। ਜਾਣਕਾਰੀ ਅਨੁਸਾਰ 15 ਦਸੰਬਰ ਤੋਂ 15 ਜਨਵਰੀ ਤੱਕ ਪੋਹ ਦਾ ਮਹੀਨਾ ਖ਼ਤਮ ਹੋਣ ਤੋਂ ਬਾਅਦ ਦੇਸ਼ ਵਿਚ ਹੋਣ ਵਾਲੇ ਵਿਆਹ ਸ਼ਾਦੀਆਂ ਦੀ ਰਫ਼ਤਾਰ ਇਕ ਦਮ ਵੱਧ ਜਾਵੇਗੀ। 16 ਦਸੰਬਰ ਤੋਂ ਬਾਅਦ 35 ਦਿਨਾਂ ਵਿਚ 48 ਲੱਖ ਜੋੜੇ ਵਿਆਹ ਦੇ ਬੰਧਨ ਵਿਚ ਬੱਝਣ ਜਾ ਰਹੇ ਹਨ। ਦਿਨ-ਬ-ਦਿਨ ਵਧ ਰਹੀ ਮਹਿੰਗਾਈ ਕਾਰਨ ਇਨ੍ਹਾਂ ਸ਼ਾਦੀਆਂ ਵਿਚ ਲੋਕਾਂ ਦੀਆਂ ਜੇਬਾਂ 'ਚੋਂ 6 ਲੱਖ ਕਰੋੜ ਰੁਪਏ ਖਰਚੇ ਕੀਤੇ ਜਾਣ ਦਾ ਅੰਦਾਜ਼ਾ ਹੈ। ਇਨ੍ਹਾਂ ਖਰਚਿਆਂ ਵਿਚ ਸਭ ਤੋਂ ਵੱਧ ਖਰਚਾ 15 ਫ਼ੀਸਦੀ ਸੋਨੇ, ਚਾਂਦੀ ਦੇ ਗਹਿਣਿਆਂ 'ਤੇ ਖਰਚ ਕੀਤਾ ਜਾਵੇਗਾ। 10 ਫ਼ੀਸਦੀ ਪੈਸਾ ਕੱਪੜਿਆਂ ਅਤੇ 10 ਫ਼ੀਸਦੀ ਟੈਂਟਾਂ, ਪੈਲੇਸਾਂ ਅਤੇ ਹੋਰ ਸਜਾਵਟਾਂ ਲਈ ਅਤੇ 15 ਫ਼ੀਸਦੀ ਖਾਣ-ਪੀਣ ਲਈ ਮਿਠਾਈਆਂ, ਦਾਰੂ, ਸ਼ਰਾਬ, ਮੀਟ ਦੇ ਨਾਲ ਪੂਰੇ ਕੈਟਰਿੰਗ ਦੇ ਪ੍ਰਬੰਧਾਂ ਲਈ ਖਰਚ ਕੀਤਾ ਜਾਵੇਗਾ। ਇਸ ਦੇ ਨਾਲ 10 ਫ਼ੀਸਦੀ ਪੈਸਾ ਇਲੈਕਟ੍ਰਿਕ ਮਾਰਕੀਟ 'ਚ ਟੀ.ਵੀ., ਏ.ਸੀ. ਅਤੇ ਹੋਰ ਘਰੇਲੂ ਇਲੈਕਟ੍ਰਿਕ ਸਾਮਾਨ 'ਤੇ ਖਰਚ ਕੀਤੇ ਜਾ ਰਿਹਾ। 4 ਫ਼ੀਸਦੀ ਪੈਸਾ ਸ਼ਾਦੀਆਂ ਕਰਵਾਉਣ ਵਾਲੇ ਜੋੜਿਆਂ ਦੇ ਰਿਸ਼ਤੇਦਾਰਾਂ ਅਤੇ



ਦੋਸਤਾਂ ਵੱਲੋਂ ਜੋੜੀਆਂ ਨੂੰ ਵੱਖ-ਵੱਖ ਤਰ੍ਹਾਂ ਦੇ ਤੋਹਫ਼ੇ ਦੇਣ ਲਈ ਖਰਚ ਕੀਤੇ ਜਾਣ ਦਾ ਅੰਦਾਜ਼ਾ ਹੈ। 2 ਫ਼ੀਸਦੀ ਪੈਸਾ ਵਿਆਹ-ਸ਼ਾਦੀਆਂ ਦੇ ਸਮਾਗਮਾਂ ਦੀ ਫੋਟੋਗ੍ਰਾਫੀ ਅਤੇ ਪ੍ਰੀ-ਵੈਡਿੰਗ ਸ਼ੂਟ ਕਰਨ ਵਾਲੇ ਫੋਟੋਗ੍ਰਾਫ਼ਰਾਂ ਦੇ ਹਿੱਸੇ ਆਵੇਗਾ।

ਇਹ ਵੀ ਦੱਸਣਯੋਗ ਭਾਰਤ ਦੁਨੀਆਂ ਦਾ ਪਹਿਲਾ ਅਜਿਹਾ ਦੇਸ਼ ਹੈ, ਜਿਸ ਦੀਆਂ ਸੱਭਿਅਤਾ ਇੰਨੀ ਮਜ਼ਬੂਤ ਹੈ ਕਿ ਇਥੇ ਦੀ 98 ਫ਼ੀਸਦੀ ਸ਼ਾਦੀਆਂ ਸਥਾਈ ਹੁੰਦੀਆਂ ਹਨ। 98 ਫ਼ੀਸਦੀ ਜੋੜੇ ਆਪਣੇ ਵਿਆਹ ਬੰਧਨ ਨੂੰ ਆਖ਼ਰੀ ਸਾਹਾਂ ਤੱਕ ਨਿਭਾਉਣ ਨੂੰ ਪਹਿਲ ਦਿੰਦੇ ਹਨ। ਜੇਕਰ ਪੱਛਮੀ ਦੇਸ਼ਾਂ ਦੀ ਗੱਲ ਕੀਤੀ ਜਾਵੇ, ਤਾਂ ਉਥੋਂ ਦੇ 50 ਫ਼ੀਸਦੀ ਜੋੜੇ ਬਿਨ੍ਹਾਂ ਵਿਆਹ ਕਰਵਾਏ 'ਰਿਲੇਸ਼ਨਸ਼ਿਪ' ਵਿਚ ਰਹਿਣ ਨੂੰ ਪਹਿਲ ਦਿੰਦੇ ਹਨ। ਇਨ੍ਹਾਂ ਦੇਸ਼ਾਂ ਵਿਚ 50 ਫ਼ੀਸਦੀ ਘੱਟ ਸ਼ਾਦੀਆਂ ਸਥਾਈ ਹੁੰਦੀਆਂ ਹਨ। ਇਸੇ ਤਰ੍ਹਾਂ ਦੁਨੀਆਂ ਦੀ ਦੂਜੀ ਸਭ ਤੋਂ ਵੱਧ ਆਬਾਦੀ ਵਾਲੇ ਭਾਰਤ ਦੇ ਗੁਆਂਢੀ ਦੇਸ਼ ਚੀਨ ਵਿਚ 2023 ਅਤੇ 2024 ਵਿਚ 9 ਲੱਖ 43 ਹਜ਼ਾਰ ਨੌਜਵਾਨ ਜੋੜਿਆਂ ਵੱਲੋਂ ਵਿਆਹ ਕਰਵਾਏ ਗਏ ਸਨ। ਭਾਰਤ ਵਿਚ 50 ਲੱਖ ਦੇ ਕਰੀਬ ਸ਼ਾਦੀਆਂ ਸਿਰਫ਼ 35 ਦਿਨਾਂ ਵਿਚ ਹੋਣ ਜਾ ਰਹੀਆਂ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਸਾਡੇ ਦੇਸ਼ ਦਾ ਸੱਭਿਆਚਾਰ ਦੂਜੇ ਦੇਸ਼ਾਂ ਨਾਲ ਬਹੁਤ ਅੱਗੇ ਹੈ। ਇਥੋਂ ਦੀ ਨੌਜਵਾਨ ਪੀੜ੍ਹੀ 21ਵੀਂ ਸਦੀ ਵਿਚ ਆਪਣੇ ਮਾਪਿਆਂ ਦੇ ਸੰਸਕਾਰਾਂ ਤੇ ਦੇਸ਼ ਦੀਆਂ ਪ੍ਰੰਪਰਾਵਾਂ ਨਾਲ ਬੱਝੀ ਹੋਈ ਹੈ। ਇਹ ਵੀ ਦੱਸਣਯੋਗ ਹੈ ਕਿ ਪੱਛਮੀ ਦੇਸ਼ਾਂ ਦੇ ਵੱਧ ਰਹੇ ਪ੍ਰਭਾਵ ਦੇ ਬਾਵਜੂਦ ਵੀ 60 ਫ਼ੀਸਦੀ ਜੋੜੇ ਮਾਪਿਆਂ ਦੀ ਰਜ਼ਾ ਤੋਂ ਬਿਨ੍ਹਾਂ ਵਿਆਹ ਨਹੀਂ ਕਰਵਾ ਰਹੇ। ਭਾਰਤ ਵਿਚ ਬਹੁਗਿਣਤੀ ਸ਼ਾਦੀਆਂ ਹਿੰਦੂ ਵਿਆਹ ਐਕਟ ਅਧੀਨ ਰਜਿਸਟਰ ਹੁੰਦੀਆਂ ਹਨ।




ਪੰਜਾਬ ਮੇਲ USA

# ਕੈਨੇਡਾ ਵੱਲੋਂ ਵੀਜ਼ਾ ਦਿਸ਼ਾ-ਨਿਰਦੇਸ਼ਾਂ 'ਚ ਸਖ਼ਤ ਬਦਲਾਅ

- **ਹੁਣ ਨਹੀਂ ਮਿਲੇਗਾ 10 ਸਾਲ ਦਾ ਕੈਨੇਡਾ ਦਾ ਵਿਜ਼ਟਰ ਵੀਜ਼ਾ**
- **ਸਿੰਗਲ ਐਂਟਰੀ ਵਾਲੇ ਵੀਜ਼ੇ ਦੇਣ ਦਾ ਐਲਾਨ**
- **ਭਾਰਤੀਆਂ ਖਾਸ ਕਰਕੇ ਪੰਜਾਬੀਆਂ ਦੇ ਕੈਨੇਡਾ ਦੀ ਫੇਰੀ ਔਖੀ ਹੋਈ**



ਵਿਨੀਪੈੱਗ, (ਪੰਜਾਬ ਮੇਲ)- ਭਾਰਤ ਨਾਲ ਜਾਰੀ ਤਣਾਅ ਵਿਚਕਾਰ ਕੈਨੇਡਾ ਨੇ ਭਾਰਤੀਆਂ ਖਾਸ ਕਰ ਪੰਜਾਬੀਆਂ ਨੂੰ ਇਕ ਹੋਰ ਵੱਡਾ ਝਟਕਾ ਦਿੱਤਾ ਹੈ। ਕੈਨੇਡਾ ਨੇ ਵੀਜ਼ਾ ਦਿਸ਼ਾ-ਨਿਰਦੇਸ਼ਾਂ 'ਚ ਸਖ਼ਤ ਬਦਲਾਅ ਕੀਤੇ ਹਨ। ਕੈਨੇਡਾ ਸਰਕਾਰ ਦੇ ਨਵੇਂ ਫ਼ੈਸਲੇ ਮੁਤਾਬਕ ਹੁਣ 10 ਸਾਲ ਦਾ ਵਿਜ਼ਟਰ ਵੀਜ਼ਾ ਨਹੀਂ ਮਿਲੇਗਾ। ਨਵੇਂ ਨਿਯਮਾਂ ਮੁਤਾਬਿਕ ਲਾਜ਼ਮੀ ਨਹੀਂ ਹੈ ਕਿ ਹਰ ਬਿਨੈਕਾਰ ਨੂੰ ਪਾਸਪੋਰਟ ਦੀ ਮਿਆਦ ਤੱਕ ਕੈਨੇਡਾ ਦਾ ਵਿਜ਼ਟਰ ਵੀਜ਼ਾ ਮਿਲੇ, ਕੈਨੇਡਾ ਸਰਕਾਰ ਵੱਲੋਂ ਵਿਜ਼ਟਰ ਵੀਜ਼ਾ ਦੇ ਨਿਯਮਾਂ ਵਿਚ ਵੱਡੀ ਤਬਦੀਲੀ ਕਰਦਿਆਂ ਮਲਟੀਪਲ ਐਂਟਰੀ ਦੀ ਬਜਾਏ ਸਿੰਗਲ ਐਂਟਰੀ ਵਾਲੇ ਵੀਜ਼ੇ ਦੇਣ ਦਾ ਐਲਾਨ ਕੀਤਾ ਗਿਆ ਹੈ।

ਇਮੀਗ੍ਰੇਸ਼ਨ ਵਿਭਾਗ ਵੱਲੋਂ ਜਾਰੀ ਤਾਜ਼ਾ ਅਪਡੇਟ ਮੁਤਾਬਕ ਹੁਣ 10 ਸਾਲ ਦੀ ਮਿਆਦ ਵਾਲੇ ਮਲਟੀਪਲ ਐਂਟਰੀ ਵੀਜ਼ੇ ਚੋਣਵੇਂ ਲੋਕਾਂ ਨੂੰ ਹੀ ਮਿਲ ਸਕਣਗੇ ਅਤੇ ਇਹ ਫ਼ੈਸਲਾ ਕਰਨ ਦਾ ਹੱਕ ਮੌਕੇ 'ਤੇ ਮੌਜੂਦ ਇਮੀਗ੍ਰੇਸ਼ਨ ਅਫ਼ਸਰਾਂ ਨੂੰ ਹੋਵੇਗਾ। ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਵਿਭਾਗ ਵੱਲੋਂ ਵਿਜ਼ਟਰ ਵੀਜ਼ਾ ਦੀ ਮਿਆਦ ਉੱਤੇ ਖ਼ਾਸ ਜ਼ੋਰ ਦਿੱਤਾ ਗਿਆ ਹੈ। ਜ਼ਿਆਦਾਤਰ ਵੀਜ਼ੇ ਸਿੰਗਲ ਐਂਟਰੀ ਵਾਲੇ ਹੋਣ ਦੇ ਮੱਦੇਨਜ਼ਰ ਇਨ੍ਹਾਂ ਦੀ ਮਿਆਦ 6 ਮਹੀਨੇ ਤੋਂ ਇਕ ਸਾਲ ਤੱਕ ਹੀ ਹੋਵੇਗੀ।

ਸਭ ਤੋਂ ਪਹਿਲਾਂ ਸਬੰਧਿਤ ਬਿਨੈਕਾਰ ਵੱਲੋਂ ਕੈਨੇਡਾ ਆਉਣ ਦਾ ਮਕਸਦ ਦੇਖਿਆ ਜਾਵੇਗਾ ਅਤੇ ਜੇ ਇਹ ਮਕਸਦ ਕਿਸੇ ਵਿਆਹ ਸਮਾਗਮ, ਕਾਨਫ਼ਰੰਸ ਜਾਂ ਟ੍ਰੇਨਿੰਗ ਸੈਸ਼ਨ ਨਾਲ ਸਬੰਧਿਤ ਹੋਵੇ, ਤਾਂ ਸਿੰਗਲ ਐਂਟਰੀ ਵਾਲਾ ਵੀਜ਼ਾ ਹੀ ਮਿਲ ਸਕੇਗਾ। ਬਿਨੈਕਾਰ ਦੀ ਆਰਥਿਕ ਹਾਲਤ ਬਾਰੇ ਪਹਿਲਾਂ ਵੀ ਡੂੰਘਾਈ ਨਾਲ ਘੋਖਿਆ ਜਾਂਦਾ ਸੀ, ਪਰ ਹੁਣ ਇਹ ਵੀ ਤੈਅ ਕੀਤਾ ਜਾਵੇਗਾ ਕਿ ਬਿਨੈਕਾਰ ਨੂੰ ਕੈਨੇਡਾ ਸੱਦਣ ਵਾਲਾ ਮੇਜ਼ਬਾਨ ਉਸ ਦੇ ਖ਼ਰਚੇ ਬਰਦਾਸ਼ਤ ਕਰਨ ਦੀ ਤਾਕਤ ਰੱਖਦਾ ਹੈ ਜਾਂ ਨਹੀਂ। ਮੇਜ਼ਬਾਨ ਵੱਲੋਂ ਅਤੀਤ ਵਿਚ ਕਿੰਨੇ ਜਣਿਆਂ ਨੂੰ ਕੈਨੇਡਾ ਸੱਦਿਆ ਗਿਆ ਅਤੇ ਉਨ੍ਹਾਂ ਦੀ ਆਰਥਿਕ ਹਾਲਤ ਕਿਹੋ ਜਿਹੀ ਸੀ, ਇਨ੍ਹਾਂ ਤੱਥਾਂ ਉੱਤੇ ਵੀ ਬਾਰੀਕੀ ਨਾਲ ਗ਼ੌਰ ਕੀਤੀ ਜਾਵੇਗੀ।

ਆਰਥਿਕ ਹਾਲਾਤ ਤੋਂ ਇਲਾਵਾ ਬਿਨੈਕਾਰ ਦਾ ਸਰੀਰਕ ਪੱਖੋਂ ਵੀ ਤੰਦਰੁਸਤ ਹੋਣਾ ਲਾਜ਼ਮੀ ਹੈ। ਬਿਨੈਕਾਰ ਵੱਲੋਂ ਕੈਨੇਡਾ ਆਉਣ ਦਾ ਮਕਸਦ ਇਲਾਜ ਕਰਵਾਉਣਾ ਹੋਣ ਦੀ ਸੂਰਤ 'ਚ ਉਸ ਦੇ ਮੇਜ਼ਬਾਨ ਦੀ ਆਰਥਿਕ ਹਾਲਤ ਬੇਹੱਦ ਮਜ਼ਬੂਤ ਹੋਣੀ ਲਾਜ਼ਮੀ ਹੈ। ਮੰਤਰਾਲੇ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਿਕ ਅਫ਼ਸਰ ਇਹ ਦੇਖੇਗਾ ਕਿ ਕਿ ਬਿਨੈਕਾਰ ਕੋਲ ਵਾਰ-ਵਾਰ ਕੈਨੇਡਾ ਆਉਣ ਲਈ ਲੋੜੀਂਦੇ ਵਿੱਤੀ ਵਸੀਲੇ ਹਨ ਜਾਂ ਨਹੀਂ। ਜਿਹੜੇ ਬਿਨੈਕਾਰ ਕੋਈ ਕਾਨਫ਼ਰੰਸ ਆਦਿ ਲਈ ਅਰਜ਼ੀ ਦੇਣਗੇ, ਉਨ੍ਹਾਂ ਬਾਬਤ ਰੋਜ਼ਗਾਰਦਾਤੇ ਤੋਂ ਸੰਬੰਧਿਤ ਦਸਤਾਵੇਜ਼ ਅਤੇ ਫ਼ੰਡ ਦੀ ਸ਼ਰਤ ਦੇਖੀ ਜਾਵੇਗੀ। ਰਾਹਦਾਰੀ ਭੇਜਣ ਵਾਲੇ ਵਿਅਕਤੀਆਂ, ਜੋ ਬਿਨੈਕਾਰ ਦਾ ਖ਼ਰਚਾ ਚੁੱਕਣ ਲਈ ਬੇਨਤੀ ਕਰਨਗੇ, ਦੇ ਰੋਜ਼ਗਾਰ ਦੇ ਸਾਧਨਾਂ ਅਤੇ ਵਿੱਤੀ ਹਾਲਾਤ ਨੂੰ ਵੀ ਦੇਖਿਆ ਜਾਵੇਗਾ। ਭਾਵੇਂ ਕੈਨੇਡਾ ਸਰਕਾਰ ਵੱਲੋਂ ਵਿਜ਼ਿਟਰ ਵੀਜ਼ਾ ਦੇ ਨਵੇਂ ਨਿਯਮ ਹਰ ਮੁਲਕ ਵਾਸਤੇ ਜਾਰੀ ਕੀਤੇ ਗਏ ਹਨ ਪਰ ਇਨ੍ਹਾਂ ਨੂੰ ਸਿੱਧੇ ਤੌਰ 'ਤੇ ਭਾਰਤ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਇਹ ਤਬਦੀਲੀ ਉਨ੍ਹਾਂ ਭਾਰਤੀਆਂ ਲਈ ਖ਼ਾਸ ਤੌਰ 'ਤੇ ਮੁਸ਼ਕਲ ਸਾਬਤ ਹੋ ਸਕਦੀ ਹੈ, ਜੋ ਪਰਿਵਾਰ ਅਤੇ ਦੋਸਤਾਂ ਨੂੰ ਮਿਲਣ ਜਾਂ ਹੋਰ ਕੰਮ ਲਈ ਲੰਬੇ ਸਮੇਂ ਲਈ ਕੈਨੇਡਾ ਵਿਚ ਰਹਿਣਾ ਚਾਹੁੰਦੇ ਸਨ। ਇਮੀਗ੍ਰੇਸ਼ਨ ਮੰਤਰਾਲੇ ਦੇ ਇਸ ਐਲਾਨ ਤੋਂ ਬਾਅਦ ਰਲੀ ਮਿਲੀ ਪ੍ਰਤੀਕਿਰਿਆ ਦੇਖਣ ਨੂੰ ਮਿਲ ਰਹੀ ਹੈ। ਭਾਵੇਂ ਕਿ ਕੁਝ ਲੋਕ ਇਸ ਨੂੰ ਕੈਨੇਡਾ ਵਿਚ ਟੈਂਪਰੇਰੀ ਰੈਜ਼ੀਡੈਂਸੀ ਗਿਣਤੀ ਘਟਾਉਣ ਦਾ ਤਰੀਕਾ ਆਖ ਰਹੇ ਹਨ, ਭਾਰਤ ਬੈਠੇ ਕੁਝ ਬਿਨੈਕਾਰ ਇਸ ਨਵੇਂ ਐਲਾਨ ਤੋਂ ਬੇਹੱਦ ਪ੍ਰੇਸ਼ਾਨ ਹਨ।

ਕੈਨੇਡਾ ਸਰਕਾਰ ਦਾ ਇਹ ਫ਼ੈਸਲਾ ਫੈਡਰਲ ਇਮੀਗ੍ਰੇਸ਼ਨ ਮਨਿਸਟਰ ਮਾਰਕ ਮਿੱਲਰ ਵੱਲੋਂ ਵਿਜ਼ਟਰ ਵੀਜ਼ਿਆਂ ਦੀ ਦੁਰਵਰਤੋਂ ਰੋਕਣ ਦੇ ਐਲਾਨ ਤੋਂ ਬਾਅਦ ਆਇਆ ਹੈ। ਮਾਰਕ ਮਿੱਲਰ ਨੇ ਸਤੰਬਰ ਮਹੀਨੇ ਦੌਰਾਨ ਕਿਹਾ ਕਿ ਕੈਨੇਡਾ ਆਉਣ ਵਾਲੇ ਲੋਕਾਂ ਵੱਲੋਂ ਵਿਜ਼ਟਰ ਵੀਜ਼ਿਆਂ ਦੀ ਦੁਰਵਰਤੋਂ ਨੂੰ ਰੋਕਣ ਲਈ ਫੈਡਰਲ ਸਰਕਾਰ ਨੂੰ ਹੋਰ ਕੰਮ ਕਰਨ ਦੀ ਲੋੜ ਹੈ।

ਮਿੱਲਰ ਨੇ ਕਿਹਾ ਸੀ ਕਿ ਸਾਨੂੰ ਇਹ ਯਕੀਨੀ ਬਣਾਉਣ ਲਈ ਇੱਕ ਮਜ਼ਬੂਤ ਕੰਮ ਕਰਨ ਦੀ ਲੋੜ ਹੈ ਕਿ ਜੋ ਲੋਕ ਇੱਥੇ ਆ ਰਹੇ ਹਨ, ਉਦਾਹਰਨ ਵਜੋਂ ਵਿਜ਼ਿਟਰ ਵੀਜ਼ਿਆਂ 'ਤੇ, ਉਹ ਇਸੇ ਉਦੇਸ਼ ਲਈ ਇੱਥੇ ਆਉਣ, ਨਾ ਕਿ ਸ਼ਰਨ ਦਾ ਦਾਅਵਾ ਕਰਨ ਜਾਂ ਅਮਰੀਕਾ ਜਾਣ ਦਾ ਰਾਹ ਲੱਭਣ ਲਈ। ਮਿੱਲਰ ਨੇ ਭਾਰਤ ਤੋਂ ਵੀਜ਼ਾ ਅਰਜ਼ੀਆਂ 'ਤੇ ਭਵਿੱਖ ਵਿਚ ਹੋਰ ਨਜ਼ਰ ਰੱਖੀ ਜਾਣ ਦੀ ਗੱਲ ਆਖੀ ਸੀ।

# ਬਰੈਂਪਟਨ ਹਿੰਸਾ: ਪੁਲਿਸ ਵੱਲੋਂ ਇੱਕ ਹੋਰ ਵਿਅਕਤੀ ਗ੍ਰਿਫਤਾਰ

**ਬਰੈਂਪਟਨ, (ਪੰਜਾਬ ਮੇਲ)**- ਪੀਲ ਰੀਜਨਲ ਪੁਲਿਸ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਬਰੈਂਪਟਨ ਵਿਚ ਪਿਛਲੇ ਹਫਤੇ ਹੋਈਆਂ ਹਿੰਸਕ ਘਟਨਾਵਾਂ ਨਾਲ ਸਬੰਧਤ ਕਈ ਵੀਡੀਓਜ਼ ਦੀ ਜਾਂਚ ਕਰਦੇ ਹੋਏ ਇੱਕ ਹੋਰ ਗ੍ਰਿਫਤਾਰੀ ਕੀਤੀ ਹੈ।

ਇਨ੍ਹਾਂ ਵਿਅਕਤੀਆਂ ਵਿਚੋਂ ਇੱਕ ਦੀ ਪਛਾਣ ਬਰੈਂਪਟਨ ਦੇ 35 ਸਾਲਾ ਇੰਦਰਜੀਤ ਗੋਸਲ ਵਜੋਂ ਹੋਈ ਹੈ। ਉਸ 'ਤੇ ਹਥਿਆਰ ਨਾਲ ਹਮਲੇ ਦਾ ਦੋਸ਼ ਲੱਗਿਆ ਸੀ। ਉਸ ਨੂੰ ਸ਼ਰਤਾਂ ਨਾਲ ਰਿਹਾਅ ਕਰ ਦਿੱਤਾ ਗਿਆ ਹੈ ਅਤੇ ਉਹ ਬਾਅਦ ਵਿਚ ਬਰੈਂਪਟਨ ਵਿਚ ਓਨਟਾਰੀਓ ਕੋਰਟ ਆਫ਼ ਜਸਟਿਸ ਵਿਚ ਪੇਸ਼ ਹੋਵੇਗਾ।

ਇਸ ਤੋਂ ਪਹਿਲਾਂ ਪੁਲਿਸ ਨੇ ਟੋਰਾਂਟੋ ਨਿਵਾਸੀ ਰੌਨ ਬੈਨਰਜੀ ਨੂੰ ਲਾਊਡਸਪੀਕਰ ਦੀ ਵਰਤੋਂ ਕਰਕੇ ਹਿੰਸਾ ਭੜਕਾਉਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਸੀ। ਇਸ ਮਾਮਲੇ ਵਿਚ ਲੋੜੀਂਦੇ ਦੋ ਹੋਰ ਵਿਅਕਤੀਆਂ ਦੇ ਵੀ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਹਨ।

ਪੁਲਿਸ ਨੇ ਸਪੱਸ਼ਟ ਕੀਤਾ ਕਿ ਸੈਂਕੜੇ ਵੀਡੀਓਜ਼ ਦੀ ਜਾਂਚ ਕਰਨ ਵਿਚ ਸਮਾਂ ਲੱਗਦਾ ਹੈ ਅਤੇ ਜੇਕਰ ਉਨ੍ਹਾਂ ਦੀ ਪਛਾਣ ਹੋ ਜਾਂਦੀ ਹੈ, ਤਾਂ ਹੋਰ ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ।

ਪੀਲ ਰੀਜਨਲ ਪੁਲਿਸ ਨੇ ਇੱਕ ਬਿਆਨ ਵਿਚ ਕਿਹਾ ਕਿ 21 ਡਿਵੀਜ਼ਨ ਕ੍ਰਿਮੀਨਲ ਇਨਵੈਸਟੀਗੇਸ਼ਨ ਬਿਊਰੋ ਅਤੇ ਰਣਨੀਤਕ ਜਾਂਚ ਟੀਮ (ਐੱਸ.ਆਈ.ਟੀ.) ਦੇ ਜਾਂਚਕਰਤਾਵਾਂ ਨੇ ਬਰੈਂਪਟਨ ਵਿਚ ਇੱਕ ਮੰਦਰ ਵਿਚ ਹਿੰਸਕ ਝੜਪ ਵਿਚ ਦੋਸ਼ ਲੱਗੇ ਹਨ। 3 ਨਵੰਬਰ ਨੂੰ, ਪੀਲ ਰੀਜਨਲ ਪੁਲਿਸ ਨੂੰ ਬਰੈਂਪਟਨ ਦੇ ਦ ਗੋਰ ਰੋਡ 'ਤੇ ਇੱਕ ਮੰਦਰ ਵਿਚ ਪ੍ਰਦਰਸ਼ਨ ਦੌਰਾਨ ਝੜਪ ਦੀ ਰਿਪੋਰਟ ਮਿਲੀ ਸੀ। ਵਿਰੋਧੀ ਧਿਰਾਂ ਵਿਚਕਾਰ ਤਣਾਅ ਵਧਣ ਕਾਰਨ ਪ੍ਰਦਰਸ਼ਨ ਹਿੰਸਕ ਅਤੇ ਹਮਲਾਵਰ ਹੋ ਗਏ।

ਪੁਲਿਸ ਨੇ ਪ੍ਰਦਰਸ਼ਨ ਦੌਰਾਨ ਹੋਏ ਕਈ ਅਪਰਾਧਾਂ ਦੀ ਜਾਂਚ ਸ਼ੁਰੂ ਕੀਤੀ ਅਤੇ ਜਿਨ੍ਹਾਂ ਵਿਚੋਂ ਬਹੁਤ ਸਾਰੇ ਵੀਡੀਓ 'ਤੇ ਕੈਪਚਰ ਕੀਤੇ ਗਏ ਸਨ; ਇਨ੍ਹਾਂ ਵਿਚ ਝੰਡਿਆਂ ਅਤੇ ਲਾਠੀਆਂ ਦੀ ਵਰਤੋਂ ਕਰਕੇ ਲੋਕਾਂ 'ਤੇ ਹਮਲਾ ਕਰਨਾ ਸ਼ਾਮਲ ਸੀ। ਪੁਲਿਸ ਨੇ ਕਿਹਾ, "3 ਅਤੇ 4 ਨਵੰਬਰ ਦੀਆਂ ਘਟਨਾਵਾਂ ਦੌਰਾਨ ਅਪਰਾਧਿਕਤਾ ਦੀ ਜਾਂਚ ਕਰਨ ਲਈ ਇੱਕ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਹੈ।"

# ਬਰੈਂਪਟਨ ਦੇ ਮੰਦਰ 'ਚ ਸ਼ਰਧਾਲੂਆਂ 'ਤੇ ਹਮਲੇ ਤੋਂ ਬਾਅਦ ਭਾਰਤ ਵੱਲੋਂ ਟੋਰਾਂਟੋ 'ਚ ਕੌਂਸਲਰ ਕੈਂਪ ਰੱਦ

- **ਸੁਰੱਖਿਆ ਏਜੰਸੀਆਂ ਦੁਆਰਾ ਉਨ੍ਹਾਂ ਨੂੰ ਘੱਟੋ-ਘੱਟ ਸੁਰੱਖਿਆ ਪ੍ਰਦਾਨ ਕਰਨ ਵਿਚ ਅਸਮਰੱਥ ਮੰਨਿਆ**



**ਚੰਡੀਗੜ੍ਹ, (ਪੰਜਾਬ ਮੇਲ)**- ਬਰੈਂਪਟਨ ਦੇ ਹਿੰਦੂ ਸਭਾ ਮੰਦਿਰ ਵਿਚ ਖਾਲਿਸਤਾਨੀ ਝੰਡਿਆਂ ਸਮੇਤ ਪ੍ਰਦਰਸ਼ਨਕਾਰੀਆਂ ਅਤੇ ਲੋਕਾਂ ਵਿਚਕਾਰ ਝੜਪਾਂ ਤੋਂ ਬਾਅਦ ਟੋਰਾਂਟੋ ਵਿਚ ਭਾਰਤ ਦੇ ਕੌਂਸਲੇਟ ਜਨਰਲ ਨੇ ਕਈ ਕੌਂਸਲਰ ਕੈਂਪਾਂ ਨੂੰ ਰੱਦ ਕਰ ਦਿੱਤਾ ਹੈ। 'ਐਕਸ' 'ਤੇ ਕੌਂਸਲੇਟ ਜਨਰਲ ਦੀ ਇਕ ਪੋਸਟ ਅਨੁਸਾਰ ਸੁਰੱਖਿਆ ਏਜੰਸੀਆਂ ਵੱਲੋਂ ਕਮਿਊਨਿਟੀ ਕੈਂਪ ਦੇ ਪ੍ਰਬੰਧਕਾਂ ਨੂੰ ਘੱਟੋ-ਘੱਟ ਸੁਰੱਖਿਆ ਪ੍ਰਦਾਨ ਕਰਨ ਵਿਚ ਅਸਮਰੱਥਾ ਪ੍ਰਗਟਾਉਣ ਦੇ ਮੱਦੇਨਜ਼ਰ ਕੌਂਸਲੇਟ ਨੇ ਕੁਝ ਅਨੁਸੂਚਿਤ ਕੌਂਸਲਰ ਕੈਂਪਾਂ ਨੂੰ ਰੱਦ ਕਰਨ ਦਾ ਫੈਸਲਾ ਕੀਤਾ ਹੈ।

ਝੜਪਾਂ ਕਾਰਨ ਮੰਦਰ ਦੇ ਅਧਿਕਾਰੀਆਂ ਅਤੇ ਭਾਰਤੀ ਕੌਂਸਲੇਟ ਦੁਆਰਾ ਸਹਿ-ਸੰਗਠਿਤ ਇੱਕ ਕੌਂਸਲਰ ਸਮਾਗਮ ਵਿਚ ਵਿਘਨ ਪਿਆ ਸੀ। ਇਨ੍ਹਾਂ ਘਟਨਾਵਾਂ ਤੋਂ ਬਾਅਦ 4 ਨਵੰਬਰ ਨੂੰ ਭਾਰਤ ਨੇ ਕੈਨੇਡਾ ਵਿੱਚ ਆਪਣੇ ਨਾਗਰਿਕਾਂ ਦੀ ਸੁਰੱਖਿਆ ਨੂੰ ਲੈ ਕੇ ਚੱਲ ਰਹੀ ਚਿੰਤਾ ਦਾ ਪ੍ਰਗਟਾਵਾ ਕੀਤਾ ਸੀ।

ਵਿਦੇਸ਼ ਮੰਤਰਾਲੇ (ਐੱਮ.ਈ.ਏ.) ਦੇ ਬੁਲਾਰੇ ਰਣਧੀਰ ਜੈਸਵਾਲ ਨੇ ਹਿੰਦੂ ਸਭਾ ਮੰਦਰ 'ਤੇ ਹਿੰਸਾ ਦੀ ਨਿੰਦਾ ਕਰਦਿਆਂ ਕੈਨੇਡੀਅਨ ਸਰਕਾਰ ਨੂੰ ਹਮਲਿਆਂ ਤੋਂ ਧਾਰਮਿਕ ਸਥਾਨਾਂ ਦੀ ਰੱਖਿਆ ਕਰਨ ਅਤੇ ਜ਼ਿੰਮੇਵਾਰ ਲੋਕਾਂ 'ਤੇ ਮੁਕੱਦਮਾ ਚਲਾਉਣ ਦੀ ਮੰਗ ਵੀ ਕੀਤੀ।

ਜੈਸਵਾਲ ਨੇ ਕਿਹਾ ਕਿ ਅਸੀਂ ਕੈਨੇਡਾ ਵਿਚ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਨੂੰ ਲੈ ਕੇ ਡੂੰਘੀ ਚਿੰਤਾ ਕਰਦੇ ਹਾਂ। ਭਾਰਤੀਆਂ ਅਤੇ ਕੈਨੇਡੀਅਨ ਨਾਗਰਿਕਾਂ ਨੂੰ ਇੱਕੋ ਜਿਹੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਸਾਡੇ ਕੌਂਸਲਰ ਅਫਸਰਾਂ ਦੀ ਪਹੁੰਚ ਨੂੰ ਡਰਾਉਣ, ਪਰੇਸ਼ਾਨੀ ਅਤੇ ਹਿੰਸਾ ਨਾਲ ਨਹੀਂ ਰੋਕਿਆ ਜਾਵੇਗਾ।

ਓਟਵਾ ਵਿਚ ਭਾਰਤੀ ਹਾਈ ਕਮਿਸ਼ਨ ਨੇ ਵੀ ਬਰੈਂਪਟਨ ਵਿਚ ਇੱਕ ਹੋਰ ਕੌਂਸਲਰ ਕੈਂਪ ਵਿਚ ਭਾਰਤ ਵਿਰੋਧੀ ਰੁਕਾਵਟਾਂ 'ਤੇ ਨਿਰਾਸ਼ਾ ਪ੍ਰਗਟ ਕੀਤੀ ਹੈ। ਬਿਆਨ ਵਿਚ ਕਿਹਾ ਕਿ ਰੁਟੀਨ ਕੌਂਸਲਰ ਕੰਮ ਲਈ ਅਜਿਹੀਆਂ ਰੁਕਾਵਟਾਂ ਨੂੰ ਦੇਖਣਾ ਬਹੁਤ ਨਿਰਾਸ਼ਾਜਨਕ ਹੈ, ਪਰ ਰੁਕਾਵਟਾਂ ਦੇ ਬਾਵਜੂਦ ਬਿਨੈਕਾਰਾਂ ਨੂੰ 1,000 ਤੋਂ ਵੱਧ ਜੀਵਨ ਸਰਟੀਫਿਕੇਟ ਸਫਲਤਾਪੂਰਵਕ ਜਾਰੀ ਕੀਤੇ ਗਏ ਸਨ। ਵਧਦੇ ਹਮਲਿਆਂ ਤੋਂ ਚਿੰਤਾਂ ਵਿਚ ਕੈਨੇਡੀਅਨ ਨੈਸ਼ਨਲ ਕਾਊਂਸਿਲ ਆਫ਼ ਹਿੰਦੂਜ਼ (ਸੀ.ਐੱਨ.ਸੀ.ਐੱਚ.), ਹਿੰਦੂ ਫੈਡਰੇਸ਼ਨ, ਮੰਦਰ ਦੇ ਆਗੂਆਂ ਅਤੇ ਹੋਰ ਵਕਾਲਤ ਸਮੂਹਾਂ ਨੇ ਇੱਕ ਨਿਰਦੇਸ਼ ਜਾਰੀ ਕੀਤਾ ਹੈ ਕਿ ਰਾਜਨੇਤਾਵਾਂ ਨੂੰ ਰਾਜਨੀਤਿਕ ਉਦੇਸ਼ਾਂ ਲਈ ਮੰਦਰ ਦੀਆਂ ਸਹੂਲਤਾਂ ਦੀ ਵਰਤੋਂ ਕਰਨ ਤੋਂ ਰੋਕ ਦਿੱਤਾ ਗਿਆ ਹੈ, ਜਦੋਂ ਤੱਕ ਉਹ ਹੱਲ ਕਰਨ ਲਈ ਠੋਸ ਯਤਨ ਨਹੀਂ ਦਿਖਾਉਂਦੇ। ਉਧਰ ਕੈਨੇਡਾ 'ਚ ਧਾਰਮਿਕ ਅਸਹਿਣਸ਼ੀਲਤਾ ਦੀਆਂ ਘਟਨਾਵਾਂ ਲਗਾਤਾਰ ਵਧਣ ਕਾਰਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਸ਼ਾਸਨ 'ਤੇ ਵੀ ਸਵਾਲ ਉੱਠੇ ਹਨ।

## ਸ਼ੋਕ ਸਮਾਚਾਰ

# ਗਿੱਲ ਪਰਿਵਾਰ ਨੂੰ ਸਦਮਾ: ਮਾਤਾ ਜਗੀਰ ਕੌਰ ਗਿੱਲ ਸਵਰਗਵਾਸ



ਮਾਤਾ ਜਗੀਰ ਕੌਰ ਗਿੱਲ

ਸਰੀ, (ਹਰਦਮ ਮਾਨ/ਪੰਜਾਬ ਮੇਲ)-ਸਰੀ ਵਿਚ ਰਹਿੰਦੇ ਪਿੰਡ ਤਾਰੇਵਾਲਾ ਜ਼ਿਲ੍ਹਾ ਮੋਗਾ ਦੇ ਗਿੱਲ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਿਆ, ਜਦੋਂ ਉਨ੍ਹਾਂ ਦੇ ਮਾਤਾ ਜਗੀਰ ਕੌਰ ਗਿੱਲ ਧਰਮ ਪਤਨੀ ਸਵ. ਹਜੂਰਾ ਸਿੰਘ ਗਿੱਲ, 7 ਨਵੰਬਰ 2024 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਸਦੀਵੀ ਵਿਛੋੜਾ ਦੇ ਗਏ। ਉਹ 99 ਸਾਲਾਂ ਦੇ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ 15 ਨਵੰਬਰ 2024 ਦਿਨ ਸ਼ੁੱਕਰਵਾਰ ਨੂੰ ਰਿਵਰਸਾਈਡ ਫਿਊਨਰਲ ਹੋਮ (7410 ਹੌਪਕੌਟ ਰੋਡ) ਡੈਲਟਾ ਵਿਚ ਬਾਅਦ ਦੁਪਹਿਰ ਇਕ ਵਜੇ ਹੋਵੇਗਾ ਅਤੇ ਉਪਰੰਤ ਸਹਿਜ ਪਾਠ ਭੋਗ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਸ਼ਾਮ 3 ਵਜੇ ਪਾਇਆ ਜਾਵੇਗਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਸਪੁੱਤਰ ਜਸਵਿੰਦਰ ਸਿੰਘ ਗਿੱਲ ਨਾਲ ਫੋਨ ਨੰਬਰ 604-366-4447 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕੈਨੇਡਾ 'ਚ ਨੀਗਰੋ ਨੇ ਪੰਜਾਬੀ ਨੌਜਵਾਨ ਨੂੰ ਗੋਲੀਆਂ ਨਾਲ ਭੁੰਨਿਆ



ਟੋਰਾਂਟੋ, (ਪੰਜਾਬ ਮੇਲ)- ਕੈਨੇਡਾ 'ਚ ਪੰਜਾਬੀ ਨੌਜਵਾਨ ਨਾਲ ਵੱਡੀ ਵਾਰਦਾਤ ਵਾਪਰੀ ਹੈ। ਜਾਣਕਾਰੀ ਮੁਤਾਬਕ ਇਕ ਨੀਗਰੋ ਵੱਲੋਂ ਨੌਜਵਾਨ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਨਾਲ ਭੁੰਨ ਦਿੱਤਾ। ਦੱਸ ਦੇਈਏ ਇਹ ਪੰਜਾਬੀ ਨੌਜਵਾਨ ਪਰਮਬੀਰ ਸਿੰਘ ਔਲਖ (29) ਤਰਨਤਾਰਨ ਜ਼ਿਲ੍ਹੇ ਦੇ ਪਿੰਡ ਭਾਗੂਪੁਰ ਦੇ ਰਹਿਣ ਵਾਲਾ ਹੈ।

ਪਰਮਬੀਰ ਸਿੰਘ ਔਲਖ ਬਾਕੀ ਨੌਜਵਾਨਾਂ ਵਾਂਗ ਆਪਣੇ ਸੁਫ਼ਨੇ ਪੂਰੇ ਕਰਨ ਲਈ ਕੈਨੇਡਾ ਕੰਮਕਾਜ ਕਰਨ ਲਈ ਆਇਆ ਸੀ ਅਤੇ ਮੌਜੂਦਾ ਟੋਰਾਂਟੋ 'ਚ ਰਹਿ ਰਿਹਾ ਸੀ। ਉੱਥੇ ਹੀ ਕਿਸੇ ਨੀਗਰੋ ਨੇ ਪਰਮਬੀਰ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਅਤੇ ਹਾਲਤ ਕਾਫ਼ੀ ਨਾਜ਼ੁਕ ਹੋਣ ਕਾਰਨ ਹਸਪਤਾਲ ਦਾਖ਼ਲ ਹੈ। ਦੱਸਿਆ ਜਾ ਰਿਹਾ ਹੈ ਕਿ ਨੌਜਵਾਨ ਦੇ 8 ਗੋਲੀਆਂ ਮਾਰੀਆਂ ਗਈਆਂ ਹਨ। ਫਿਲਹਾਲ ਗੋਲੀਆਂ ਮਾਰਨ ਦੀ ਵਜ੍ਹਾ ਸਾਹਮਣੇ ਨਹੀਂ ਆਈ। ਨੌਜਵਾਨ ਪੁੱਤ ਦੀ ਖ਼ਬਰ ਮਿਲਦਿਆਂ ਹੀ ਪੂਰੇ ਪਰਿਵਾਰ ਸਦਮੇ 'ਚ ਹੈ ਅਤੇ ਅਰਦਾਸ ਕਰ ਰਿਹਾ ਹੈ ਕਿ ਉਨ੍ਹਾਂ ਦਾ ਪੁੱਤ ਜਲਦੀ ਠੀਕ ਹੋ ਜਾਵੇ।

# ਕੈਨੇਡੀਅਨ ਪੁਲਿਸ ਵੱਲੋਂ ਅਰਸ਼ ਡੱਲਾ ਗ੍ਰਿਫਤਾਰ !

- **ਪਤਨੀ ਨਾਲ ਰਹਿ ਰਿਹਾ ਸੀ ਕੈਨੇਡਾ**

ਟੋਰਾਂਟੋ, (ਪੰਜਾਬ ਮੇਲ)- ਕੈਨੇਡੀਅਨ ਪੁਲਿਸ ਨੇ ਪਿਛਲੇ ਮਹੀਨੇ ਗੁਆਂਢੀ ਦੇਸ਼ 'ਚ ਇੱਕ ਤਾਜ਼ਾ ਗੋਲੀਬਾਰੀ ਦੇ ਸਬੰਧ 'ਚ ਅਰਸ਼ਦੀਪ ਸਿੰਘ, ਜਿਸਨੂੰ ਅਰਸ਼ ਡੱਲਾ, ਜੋ ਕਿ ਇੱਕ ਖਾਲਿਸਤਾਨੀ ਵੱਖਵਾਦੀ ਅਤੇ ਭਾਰਤ ਦੇ ਸਭ ਤੋਂ ਵੱਧ ਲੋੜੀਂਦੇ ਅਪਰਾਧੀਆਂ ਵਿਚੋਂ ਇੱਕ ਹੈ, ਨੂੰ ਗ੍ਰਿਫਤਾਰ ਕੀਤਾ ਹੈ।

ਭਾਰਤੀ ਸੁਰੱਖਿਆ ਏਜੰਸੀਆਂ ਦੇ ਸੂਤਰਾਂ ਨੇ ਡੱਲਾ ਦੀ ਗ੍ਰਿਫਤਾਰੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਪੁਸ਼ਟੀ ਕੀਤੀ ਹੈ, ਜੋ ਕਿ ਮਿਲਟਨ ਕਸਬੇ ਵਿਚ 27 ਜਾਂ 28 ਅਕਤੂਬਰ ਨੂੰ ਹਥਿਆਰਬੰਦ ਟਕਰਾਅ 'ਚ ਉਸਦੀ ਸ਼ਮੂਲੀਅਤ ਦੇ ਸ਼ੱਕ ਤੋਂ ਬਾਅਦ ਹੋਈ ਸੀ।

ਭਾਰਤੀ ਖੁਫੀਆ ਏਜੰਸੀਆਂ ਮੁਤਾਬਕ ਅਰਸ਼ ਡੱਲਾ ਜੋ ਕਿ ਭਾਰਤ ਵਿਚ ਵੱਖ-ਵੱਖ ਅਪਰਾਧਿਕ ਗਤੀਵਿਧੀਆਂ ਲਈ ਲੋੜੀਂਦਾ ਹੈ, ਆਪਣੀ ਪਤਨੀ ਨਾਲ ਕੈਨੇਡਾ ਵਿਚ ਰਹਿ ਰਿਹਾ ਹੈ। ਕੈਨੇਡੀਅਨ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਖਾਸ ਤੌਰ 'ਤੇ ਹਾਲਟਨ ਰੀਜਨਲ ਪੁਲਿਸ ਸਰਵਿਸ (ਐੱਚ.ਆਰ. ਪੀ.ਐੱਸ.), ਹਾਲੀਆ ਗੋਲੀਬਾਰੀ ਦੀ ਜਾਂਚ ਕਰ ਰਹੀਆਂ ਹਨ। ਭਾਰਤੀ ਅਧਿਕਾਰੀ ਘਟਨਾਕ੍ਰਮ ਦੀ ਨੇੜਿਓਂ ਨਿਗਰਾਨੀ ਕਰ ਰਹੇ ਹਨ ਅਤੇ ਹੋਰ ਵੇਰਵਿਆਂ ਲਈ ਕੈਨੇਡੀਅਨ ਅਧਿਕਾਰੀਆਂ ਨਾਲ ਤਾਲਮੇਲ ਕਰ ਰਹੇ ਹਨ। ਡੱਲਾ ਖਾਲਿਸਤਾਨੀ ਟਾਈਗਰ ਫੋਰਸ ਦਾ ਕਾਰਜਕਾਰੀ ਮੁਖੀ ਸੀ ਅਤੇ ਉਸ ਨੂੰ ਮਾਰੇ ਗਏ ਹਰਦੀਪ ਸਿੰਘ ਨਿੱਝਰ ਦੇ ਵਾਰਿਸ ਵਜੋਂ ਦੇਖਿਆ ਜਾਂਦਾ ਸੀ। ਹਾਲਾਂਕਿ ਕੈਨੇਡਾ ਸਰਕਾਰ ਨੇ ਇਸ ਦੀ ਅਜੇ ਅਧਿਕਾਰਿਤ ਪੁਸ਼ਟੀ ਨਹੀਂ ਕੀਤੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :

www.punjabmailusa.com

# ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਇਕਵਾਕ ਸਿੰਘ ਪੱਟੀ ਦੀ ਪੁਸਤਕ 'ਨਿੱਕ-ਸੁੱਕ' ਲੋਕ ਅਰਪਣ ਹੋਈ



**ਲੁਧਿਆਣਾ, (ਪੰਜਾਬ ਮੇਲ)**- 10 ਨਵੰਬਰ, ਦਿਨ ਐਤਵਾਰ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਹਿਯੋਗ ਨਾਲ ਕਰਵਾਏ ਗਏ ਸਾਲਾਨਾ ਸਮਾਗਮ ਅਤੇ ਕਵੀ ਦਰਬਾਰ ਦੌਰਾਨ ਮਸ਼ਹੂਰ ਲੇਖਕ ਇਕਵਾਕ ਸਿੰਘ ਪੱਟੀ ਦੀ 9ਵੀਂ ਪੁਸਤਕ 'ਨਿੱਕ-ਸੁੱਕ' ਲੋਕ ਅਰਪਣ ਕੀਤੀ ਗਈ। ਲੋਕ ਅਰਪਣ ਕਰਨ ਦੀ ਰਸਮ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਮੁੱਖ ਮਹਿਮਾਨ ਡਾ. ਸੁਰਜੀਤ ਸਿੰਘ, ਚੇਅਰਮੈਨ ਡਾ. ਹਰਜਿੰਦਰ ਸਿੰਘ ਦਿਲਗੀਰ, ਤ੍ਰੈਲੋਚਨ ਲੋਚੀ, ਦਵਿੰਦਰ ਸੈਫ਼ੀ ਅਤੇ ਹੋਰ ਅਹਿਮ ਸ਼ਖਸੀਅਤਾਂ ਨੇ ਨਿਭਾਈ।

ਇਸ ਮੌਕੇ ਵਿਸ਼ੇਸ਼ ਗੱਲਬਾਤ ਦੌਰਾਨ ਪੁਸਤਕ ਦੇ ਲੇਖਕ ਇਕਵਾਕ ਸਿੰਘ ਪੱਟੀ ਨੇ ਦੱਸਿਆ ਕਿ ਇਹ ਪੁਸਤਕ ਉਨ੍ਹਾਂ ਲੋਕਾਂ ਨੂੰ ਸਮਰਪਿਤ ਕੀਤੀ ਗਈ ਹੈ, ਜੋ ਮਨੁੱਖਤਾ ਦੇ ਰਾਹ ਰੁਸ਼ਨਾਉਣ ਲਈ ਯਤਨਸ਼ੀਲ ਹਨ। ਉਨ੍ਹਾਂ ਦੱਸਿਆ ਕਿ ਇਹ ਪੁਸਤਕ ਮਾਝਾ ਵਰਲਡਵਾਈਡ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਲਘੂ ਕਹਾਣੀਆਂ ਦੀ ਇਸ ਕਿਤਾਬ ਵਿਚ 40 ਤੋਂ ਵੱਧ ਕਹਾਣੀਆਂ ਹਨ, ਜਿਸ ਬਾਰੇ ਪੜਚੋਲ ਵੀ ਨਾਲੋਂ-ਨਾਲ ਲਿਖੀ ਗਈ ਤਾਂ ਕਿ ਪਾਠਕ ਸਮਝ ਸਕਣ ਕਿ ਇਹ ਕਹਾਣੀਆਂ ਕਿਸ ਸੰਦਰਭ ਅਤੇ ਕਿਸ ਮਾਹੌਲ ਵਿਚ ਕਿਉਂ ਸਿਰਜੀ ਗਈ ਹੈ।

ਲੇਖਕ ਪੱਟੀ ਨੇ ਆਓ ਨਾਨਕਵਾਦ ਦੇ ਧਾਰਨੀ ਬਣੀਏ (ਲੇਖ ਸੰਗ੍ਰਿਹ 2009), ਗੁਰ ਮੂਰਤਿ ਗੁਰ ਸਬਦ ਹੈ (ਲੇਖ ਸੰਗ੍ਰਿਹ 2011), ਨਸੀਬ (ਕਹਾਣੀ ਸੰਗ੍ਰਿਹ-ਸੰਪਾਦਿਤ 2013), ਤਬਲਾ-ਸਿਧਾਂਤਕ ਪੱਖ (ਸੰਗੀਤ 2013), ਕਾਗਜ਼ (ਕਹਾਣੀ ਸੰਗ੍ਰਿਹ 2014), ਜਰੀਦਾ (ਵਾਰਤਕ 2019, 2023), ਤਾਣਾ-ਬਾਣਾ (ਕਹਾਣੀ ਸੰਗ੍ਰਿਹ 2020) ਅਤੇ ਬੇ-ਮੰਜ਼ਿਲਾ ਸਫ਼ਰ (ਛੋਟਾ ਨਾਵਲ 2022) ਨੂੰ ਭਰਵਾਂ ਹੁੰਗਾਰਾ ਦੇਣ ਲਈ ਪਾਠਕਾਂ ਦਾ ਧੰਨਵਾਦ ਕਰਦੇ ਹੋਏ ਉਮੀਦ ਪ੍ਰਗਟਾਈ ਕਿ ਪਾਠਕ ਉਨ੍ਹਾਂ ਦੀ 9ਵੀਂ ਪੁਸਤਕ 'ਨਿੱਕ-ਸੁੱਕ' ਨੂੰ ਵੀ ਪਸੰਦ ਕਰਨਗੇ। ਇਸ ਮੌਕੇ ਜਗਦੀਸ਼ ਕੌਰ, ਗੁਰਪ੍ਰੀਤ ਸਿੰਘ ਟੋਰਾਂਟੋ, ਤਰਲੋਚਨ ਲੋਚੀ, ਲਾਡੀ ਭੁੱਲਰ, ਡਾਕਟਰ ਦਵਿੰਦਰ ਸਿੰਗਲਾ, ਪ੍ਰੋ. ਕੇਵਲਜੀਤ ਕੰਵਲ, ਡਾ. ਹਰਦੀਪ ਸਿੰਘ ਸੱਧਰ, ਡਾਕਟਰ ਅਮਨਪ੍ਰੀਤ ਕੌਰ ਕੰਗ, ਗੁਰਦਰਸ਼ਨ ਸਿੰਘ ਮਾਵੀ, ਜੀ.ਐੱਸ. ਸਿੱਧੂ, ਪ੍ਰੋ. ਮਨੀਸ਼ ਸਿੰਘ, ਰਚਨਾ ਸੈਣੀ, ਕੋਮਲਪ੍ਰੀਤ ਕੌਰ, ਹਰਜਿੰਦਰ ਕੌਰ ਸਰਦਲ, ਰਵਿੰਦਰ ਰਵੀ, ਜਸਲੀਨ ਕੌਰ, ਸੁਰਜੀਤ ਸਿੰਘ ਨਾਰਵੇ ਆਦਿ ਹਾਜ਼ਰ ਸਨ।

# ਯੂ.ਐੱਸ. 'ਚ ਜਨਮ ਦੇ ਆਧਾਰ 'ਤੇ ਨਹੀਂ ਮਿਲੇਗੀ ਸਿਟੀਜ਼ਨਸ਼ਿਪ!

**■ ਰਾਸ਼ਟਰਪਤੀ ਬਣਦਿਆਂ ਹੀ ਟਰੰਪ ਲੈਣਗੇ ਫ਼ੈਸਲਾ; ਲੱਖਾਂ ਭਾਰਤੀ ਹੋਣਗੇ ਪ੍ਰਭਾਵਿਤ**

**ਵਾਸ਼ਿੰਗਟਨ, (ਪੰਜਾਬ ਮੇਲ)**- ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਅਮਰੀਕਾ ਵਿਚ ਚੋਣਾਂ ਜਿੱਤ ਲਈਆਂ ਹਨ। ਉਹ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣ ਦੀ ਗੱਲ ਕਰਦਾ ਰਿਹਾ ਹੈ। ਇਸ ਤੋਂ ਇਲਾਵਾ ਅਮਰੀਕਾ ਵਿਚ ਜਨਮ ਤੋਂ ਬਾਅਦ ਬੱਚਿਆਂ ਨੂੰ ਦਿੱਤੀ ਜਾਂਦੀ ਆਟੋਮੈਟਿਕ ਨਾਗਰਿਕਤਾ ਨੂੰ ਖ਼ਤਮ ਕਰਨਾ ਵੀ ਉਸ ਦੀ ਤਰਜੀਹ ਹੈ। ਇਸ ਫ਼ੈਸਲੇ ਤੋਂ ਵੱਡੀ ਗਿਣਤੀ 'ਚ ਭਾਰਤੀ ਵੀ ਪ੍ਰਭਾਵਿਤ ਹੋਣਗੇ। ਟਰੰਪ ਨੇ ਪਹਿਲੇ ਦਿਨ ਹੀ ਇਸ ਨਾਲ ਜੁੜੇ ਆਦੇਸ਼ 'ਤੇ ਦਸਤਖ਼ਤ ਕਰਨ ਦੀ ਯੋਜਨਾ ਬਣਾਈ ਹੈ। ਇਹ ਹੁਕਮ ਸਿਰਫ਼ ਉਨ੍ਹਾਂ ਬੱਚਿਆਂ 'ਤੇ ਲਾਗੂ ਨਹੀਂ ਹੋਵੇਗਾ, ਜਿਨ੍ਹਾਂ ਦੇ ਮਾਪੇ ਗ਼ੈਰ-ਕਾਨੂੰਨੀ ਪ੍ਰਵਾਸੀ ਹਨ। ਸਗੋਂ ਇਹ ਉਸ ਤੋਂ ਵੀ ਅੱਗੇ ਜਾਵੇਗਾ।

ਡਰਾਫਟ ਵਿਚ ਕਿਹਾ ਗਿਆ ਹੈ ਕਿ ਬੱਚੇ ਨੂੰ ਨਾਗਰਿਕਤਾ ਲਈ ਮਾਤਾ ਜਾਂ ਪਿਤਾ ਵਿਚੋਂ ਕਿਸ ਇਕ ਕੋਲ ਅਮਰੀਕੀ ਨਾਗਰਿਕਤਾ ਜਾਂ ਸਥਾਈ ਨਿਵਾਸ ਪਰਮਿਟ ਹੋਣਾ ਜ਼ਰੂਰੀ ਹੈ। ਡਰਾਫਟ ਕਾਰਜਕਾਰੀ ਆਦੇਸ਼ ਵਿਚ ਕਿਹਾ ਗਿਆ ਹੈ ਕਿ ਇਹ ਅਮਰੀਕੀ ਸੰਵਿਧਾਨ ਦੇ 14ਵੇਂ ਸੋਧ ਦੀ ਸਹੀ ਵਿਆਖਿਆ ਕਰ ਰਿਹਾ ਹੈ। ਇਮੀਗ੍ਰੇਸ਼ਨ ਵਕੀਲਾਂ ਦਾ ਮੰਨਣਾ ਹੈ ਕਿ ਅਜਿਹਾ ਨਹੀਂ ਹੈ ਅਤੇ ਜੇਕਰ ਕਾਰਜਕਾਰੀ ਆਦੇਸ਼ ਪਾਸ ਕੀਤਾ ਜਾਂਦਾ ਹੈ, ਤਾਂ ਇਸ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਜਾਵੇਗੀ। ਟਾਈਮਜ਼ ਆਫ ਇੰਡੀਆ ਦੀ ਰਿਪੋਰਟ ਮੁਤਾਬਕ ਇਮੀਗ੍ਰੇਸ਼ਨ ਅਟਾਰਨੀ ਰਾਜੀਵ ਖੰਨਾ ਨੇ ਕਿਹਾ, 'ਟਰੰਪ ਦੀ ਯੋਜਨਾ ਅਮਰੀਕਾ 'ਚ ਪੈਦਾ ਹੋਏ ਬੱਚਿਆਂ ਨੂੰ ਆਟੋਮੈਟਿਕ ਨਾਗਰਿਕਤਾ ਨਾ ਦੇਣ ਦੀ ਹੈ। ਇਹ ਅਮਰੀਕੀ ਸੰਵਿਧਾਨ ਦੀ 14ਵੀਂ ਸੋਧ ਦੀ ਸਪੱਸ਼ਟ ਉਲੰਘਣਾ ਹੈ। ਟਰੰਪ ਦੀ ਗ਼ਲਤ ਵਿਆਖਿਆ ਖ਼ਿਲਾਫ਼ ਸੁਪਰੀਮ ਕੋਰਟ ਦੇ ਫ਼ੈਸਲੇ ਹਨ।

ਇਮੀਗ੍ਰੇਸ਼ਨ ਅਟਾਰਨੀ ਗ੍ਰੇਗ ਸਿਸਕਿੰਡ ਨੇ ਕਿਹਾ, "ਇਸ ਫ਼ੈਸਲੇ 'ਤੇ ਨਿਸ਼ਚਤ ਤੌਰ 'ਤੇ ਮੁਕੱਦਮਾ ਚਲਾਇਆ ਜਾਵੇਗਾ ਕਿਉਂਕਿ ਇਹ 14ਵੀਂ ਸੋਧ ਦੀ ਉਲੰਘਣਾ ਕਰਦਾ ਹੈ। ਸਾਨੂੰ ਇਹ ਦੇਖਣਾ ਹੋਵੇਗਾ ਕਿ ਉਹ ਅਮਰੀਕਾ ਵਿਚ ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਦੇ ਬੱਚਿਆਂ ਨੂੰ ਬਾਹਰ ਕੱਢਣ ਲਈ ਕਿਸ ਹੱਦ ਤੱਕ ਜਾਂਦੇ ਹਨ। ਇਹ ਫ਼ੈਸਲਾ ਭਾਰਤੀ ਪ੍ਰਵਾਸੀਆਂ ਲਈ ਵੱਡਾ ਝਟਕਾ ਹੋਵੇਗਾ। ਪਿਊ ਰਿਸਰਚ ਮੁਤਾਬਕ ਅਮਰੀਕਾ 'ਚ ਲਗਭਗ 48 ਲੱਖ ਭਾਰਤੀ ਅਮਰੀਕੀ ਰਹਿੰਦੇ ਹਨ, ਜਿਨ੍ਹਾਂ 'ਚੋਂ 16 ਲੱਖ ਦਾ ਜਨਮ ਅਮਰੀਕਾ 'ਚ ਹੋਇਆ ਸੀ।

ਇਸ ਹੁਕਮ ਦੇ ਪਾਸ ਹੋਣ ਤੋਂ ਬਾਅਦ, ਅੱਗੇ ਜਾ ਕੇ, ਭਾਰਤੀ ਜੋੜਿਆਂ ਦੇ ਬੱਚੇ, ਜਿਨ੍ਹਾਂ ਵਿਚੋਂ ਨਾ ਤਾਂ ਅਮਰੀਕੀ ਨਾਗਰਿਕਤਾ ਹੈ ਅਤੇ ਨਾ ਹੀ ਗ੍ਰੀਨ ਕਾਰਡ, ਆਟੋਮੈਟਿਕ ਨਾਗਰਿਕਤਾ ਲਈ ਯੋਗ ਨਹੀਂ ਹੋਣਗੇ।

ਜਦੋਂ ਵੀ ਗ੍ਰੀਨ ਕਾਰਡ ਅਲਾਟ ਕਰਨ ਦੀ ਗੱਲ ਆਉਂਦੀ ਹੈ, ਤਾਂ ਭਾਰਤੀਆਂ ਨੂੰ ਘੱਟ ਤਰਜੀਹ ਮਿਲਦੀ ਹੈ। ਐੱਚ-1ਬੀ ਵੀਜ਼ਾ 'ਤੇ ਅਮਰੀਕਾ 'ਚ ਕੰਮ ਕਰਨ ਵਾਲੇ ਬਹੁਤ ਸਾਰੇ ਲੋਕਾਂ ਦੀ ਅਲਾਟਮੈਂਟ ਦਹਾਕਿਆਂ ਤੋਂ ਲਟਕ ਰਹੀ ਹੈ। ਉਦਾਹਰਨ ਲਈ ਜਦੋਂ ਰੁਜ਼ਗਾਰ-ਸਬੰਧਤ ਗ੍ਰੀਨ ਕਾਰਡਾਂ ਦੀ ਗੱਲ ਆਉਂਦੀ ਹੈ, ਤਾਂ ਸਮੁੱਚੀ ਸੀਮਾ 140,000 ਡਾਲਰ ਪ੍ਰਤੀ ਸਾਲ ਹੈ। ਇਸ ਤੋਂ ਇਲਾਵਾ ਕਿਸੇ ਵੀ ਦੇਸ਼ ਦੇ ਲੋਕਾਂ ਨੂੰ ਸੱਤ ਫੀਸਦੀ ਤੋਂ ਵੱਧ ਗ੍ਰੀਨ ਕਾਰਡ ਨਹੀਂ ਮਿਲ ਸਕਦਾ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਟਰੰਪ ਦੀ ਜਿੱਤ ਤੋਂ ਬਾਅਦ ਕੈਨੇਡੀਅਨ ਸਰਕਾਰ ਹਾਈ ਅਲਰਟ 'ਤੇ!

**■ ਕੈਨੇਡਾ ਨੂੰ ਡਰ; ਵੱਡੀ ਗਿਣਤੀ 'ਚ ਸ਼ਰਨਾਰਥੀ ਅਮਰੀਕਾ ਛੱਡ ਆ ਸਕਦੇ ਨੇ ਕੈਨੇਡਾ**



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਡੋਨਾਲਡ ਟਰੰਪ ਦੀ ਜਿੱਤ ਤੋਂ ਬਾਅਦ ਕੈਨੇਡੀਅਨ ਸਰਕਾਰ ਹਾਈ ਅਲਰਟ 'ਤੇ ਹੈ। ਦਰਅਸਲ ਟਰੰਪ ਦੀ ਜਿੱਤ ਤੋਂ ਬਾਅਦ ਕੈਨੇਡਾ ਨੂੰ ਡਰ ਹੈ ਕਿ ਵੱਡੀ ਗਿਣਤੀ ਵਿਚ ਸ਼ਰਨਾਰਥੀ ਅਮਰੀਕਾ ਛੱਡ ਕੇ ਕੈਨੇਡਾ ਆ ਸਕਦੇ ਹਨ। ਇਹੀ ਕਾਰਨ ਹੈ ਕਿ ਕੈਨੇਡਾ ਸਰਕਾਰ ਨੇ ਆਪਣੀਆਂ ਸਰਹੱਦਾਂ 'ਤੇ ਨਿਗਰਾਨੀ ਵਧਾ ਦਿੱਤੀ ਹੈ ਅਤੇ ਸਥਿਤੀ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਆਪਣੀ ਚੋਣ ਮੁਹਿੰਮ ਦੌਰਾਨ ਡੋਨਾਲਡ ਟਰੰਪ ਨੇ ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ ਸੀ ਅਤੇ ਉਨ੍ਹਾਂ ਨੇ ਰਾਸ਼ਟਰਪਤੀ ਚੁਣੇ ਜਾਣ 'ਤੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ 'ਚੋਂ ਕੱਢਣ ਦਾ ਵਾਅਦਾ ਵੀ ਕੀਤਾ ਸੀ।

ਹੁਣ ਜਦੋਂ ਟਰੰਪ ਨੇ ਰਾਸ਼ਟਰਪਤੀ ਚੋਣ ਜਿੱਤ ਲਈ ਹੈ, ਤਾਂ ਕੈਨੇਡਾ ਨੂੰ ਡਰ ਹੈ ਕਿ ਟਰੰਪ ਦੇ ਡਰ ਕਾਰਨ ਵੱਡੀ ਗਿਣਤੀ ਵਿਚ ਗੈਰ-ਕਾਨੂੰਨੀ ਪ੍ਰਵਾਸੀ ਅਮਰੀਕਾ ਛੱਡ ਕੇ ਕੈਨੇਡਾ ਆ ਸਕਦੇ ਹਨ। ਕੈਨੇਡੀਅਨ ਸਰਕਾਰ ਨੂੰ ਡਰ ਹੈ ਕਿ ਅਮਰੀਕਾ ਵਿਚ ਪ੍ਰਵਾਸੀ ਵਿਰੋਧੀ ਮਾਹੌਲ ਕਾਰਨ ਉਨ੍ਹਾਂ ਦੇ ਦੇਸ਼ ਵਿਚ ਸ਼ਰਨ ਲੈਣ ਵਾਲੇ ਸ਼ਰਨਾਰਥੀਆਂ ਦੀ ਗਿਣਤੀ ਵਧ ਸਕਦੀ ਹੈ। ਕੈਨੇਡੀਅਨ ਪੁਲਿਸ ਅਧਿਕਾਰੀ ਨੇ ਕਿਹਾ, 'ਅਸੀਂ ਹਾਈ ਅਲਰਟ 'ਤੇ ਹਾਂ। ਸਾਡੀ ਸਭ ਦੀਆਂ ਨਜ਼ਰਾਂ ਸਰਹੱਦ 'ਤੇ ਹਨ ਕਿ ਕੀ ਹੋਣ ਜਾ ਰਿਹਾ ਹੈ... ਕਿਉਂਕਿ ਅਸੀਂ ਜਾਣਦੇ ਹਾਂ ਕਿ ਇਮੀਗ੍ਰੇਸ਼ਨ 'ਤੇ ਟਰੰਪ ਦੇ ਸਖ਼ਤ ਰੁਖ਼ ਕਾਰਨ ਕੈਨੇਡਾ ਵਿਚ ਗੈਰ-ਕਾਨੂੰਨੀ ਅਤੇ ਅਨਿਯਮਿਤ ਪ੍ਰਵਾਸ ਵਿਚ ਵਾਧਾ ਹੋ ਸਕਦਾ ਹੈ।"

ਕੈਨੇਡਾ ਲਈ ਸਮੱਸਿਆ ਇਹ ਹੈ ਕਿ ਅਮਰੀਕਾ ਅਤੇ ਕੈਨੇਡਾ ਦੀਆਂ ਸਰਹੱਦਾਂ ਬਹੁਤ ਵੱਡੇ ਖੇਤਰ ਨੂੰ ਕਵਰ ਕਰਦੀਆਂ ਹਨ। ਅਜਿਹੇ 'ਚ ਪੂਰੀ ਸਰਹੱਦ 'ਤੇ ਨਜ਼ਰ ਰੱਖਣੀ ਅਤੇ ਗੈਰ-ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਨ ਵਾਲੇ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕਰਨਾ ਕੈਨੇਡਾ ਸਰਕਾਰ ਲਈ ਕਾਫੀ ਮੁਸ਼ਕਿਲ ਕੰਮ ਹੋਣ ਵਾਲਾ ਹੈ। ਕੈਨੇਡਾ ਦੀ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਵੀ ਸ਼ੁੱਕਰਵਾਰ ਨੂੰ ਇਸ ਮੁੱਦੇ 'ਤੇ ਮੰਤਰੀਆਂ ਨਾਲ ਮੀਟਿੰਗ ਕੀਤੀ। ਮੰਤਰੀਆਂ ਦੇ ਇਸ ਸਮੂਹ ਨੂੰ ਅਮਰੀਕਾ 'ਚ ਟਰੰਪ ਪ੍ਰਸ਼ਾਸਨ ਨਾਲ ਤਾਲਮੇਲ ਕਰਨ ਅਤੇ ਦੋਹਾਂ ਦੇਸ਼ਾਂ ਵਿਚਾਲੇ ਵੱਖ-ਵੱਖ ਮੁੱਦਿਆਂ 'ਤੇ ਸਹਿਮਤੀ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਸਰਹੱਦ ਪਾਰ ਤੋਂ ਪ੍ਰਵਾਸੀਆਂ ਦੀ ਆਮਦ 'ਤੇ ਕੈਨੇਡਾ ਦੇ ਉਪ ਪ੍ਰਧਾਨ ਮੰਤਰੀ ਨੇ ਕਿਹਾ ਕਿ ਕੈਨੇਡਾ ਸਥਿਤੀ ਦਾ ਸਾਹਮਣਾ ਕਰਨ ਲਈ ਤਿਆਰ ਹੈ।

# ਸੁਪਰੀਮ ਕੋਰਟ ਤੋਂ ਭਰਤ ਇੰਦਰ ਸਿੰਘ ਚਾਹਲ ਨੂੰ ਮਿਲੀ ਰਾਹਤ



ਚੰਡੀਗੜ੍ਹ, (ਪੰਜਾਬ ਮੇਲ)- ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਲਾਹਕਾਰ ਰਹੇ ਭਰਤ ਇੰਦਰ ਸਿੰਘ ਚਾਹਲ ਨੂੰ ਸੁਪਰੀਮ ਕੋਰਟ ਤੋਂ ਰਾਹਤ ਮਿਲੀ ਹੈ। ਸੁਪਰੀਮ ਕੋਰਟ ਨੇ ਉਸ ਦੀ ਗ੍ਰਿਫਤਾਰੀ 'ਤੇ ਰੋਕ ਲਗਾ ਦਿੱਤੀ ਹੈ। ਸੁਪਰੀਮ ਕੋਰਟ ਨੇ ਹੁਕਮ 'ਚ ਕਿਹਾ ਹੈ ਕਿ ਪਟੀਸ਼ਨਕਰਤਾ ਦੇ ਖਿਲਾਫ ਦੰਡਕਾਰੀ ਕਾਰਵਾਈ ਨਹੀਂ ਕੀਤੀ ਜਾਣੀ ਚਾਹੀਦੀ। ਚਾਹਲ ਨੂੰ ਵੀ ਜਾਂਚ ਵਿਚ ਪੂਰਾ ਸਹਿਯੋਗ ਦੇਣ ਲਈ ਕਿਹਾ ਗਿਆ ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਤੋਂ ਚਾਰ ਹਫ਼ਤਿਆਂ ਵਿਚ ਜਵਾਬ ਮੰਗਿਆ ਗਿਆ ਹੈ। 25 ਅਕਤੂਬਰ ਨੂੰ ਪਟਿਆਲਾ ਅਦਾਲਤ ਵੱਲੋਂ ਉਸ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਗਏ ਸਨ। ਚਾਹਲ ਦੇ ਵਕੀਲ ਵੱਲੋਂ ਸੁਪਰੀਮ ਕੋਰਟ ਵਿਚ ਦਾਇਰ ਪਟੀਸ਼ਨ ਵਿਚ ਕਿਹਾ ਗਿਆ ਸੀ ਕਿ 76 ਸਾਲਾ ਚਾਹਲ ਕਈ ਬਿਮਾਰੀਆਂ ਤੋਂ ਪੀੜਤ ਹਨ। ਨਾਲ ਹੀ ਜਾਂਚ 'ਚ ਸਹਿਯੋਗ ਕਰਨ ਲਈ ਤਿਆਰ ਹਨ। ਹਾਲਾਂਕਿ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 4 ਅਕਤੂਬਰ ਨੂੰ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਸੀ। ਇਸ ਦੌਰਾਨ ਅਦਾਲਤ ਨੇ ਕਿਹਾ ਸੀ ਕਿ ਆਰਥਿਕ ਅਪਰਾਧਾਂ ਵਿਚ ਅਦਾਲਤ ਨੂੰ ਅਗਾਊਂ ਜ਼ਮਾਨਤ ਦੇਣ ਤੋਂ ਪਹਿਲਾਂ ਜਲਦਬਾਜ਼ੀ ਨਹੀਂ ਕਰਨੀ ਚਾਹੀਦੀ। ਕਿਉਂਕਿ ਇਸ ਨਾਲ ਰਾਜ ਦੀ ਆਰਥਿਕਤਾ ਨੂੰ ਗੰਭੀਰ ਨੁਕਸਾਨ ਹੋ ਸਕਦਾ ਹੈ ਅਤੇ ਜਨਤਾ ਦੇ ਵਿਸ਼ਵਾਸ 'ਤੇ ਮਾੜਾ ਅਸਰ ਪੈ ਸਕਦਾ ਹੈ। ਜਸਟਿਸ ਸਿੱਧੂ ਨੇ ਸਪੱਸ਼ਟ ਕੀਤਾ ਸੀ ਕਿ "ਚਹਿਲ 'ਤੇ ਲੱਗੇ ਦੋਸ਼ ਬਹੁਤ ਗੰਭੀਰ ਹਨ, ਇਸ ਲਈ ਮਾਮਲੇ ਦੀ ਨਿਰਪੱਖ ਜਾਂਚ ਹੋਣੀ ਜ਼ਰੂਰੀ ਹੈ ਅਤੇ ਉਸ ਨੂੰ ਅਗਾਊਂ ਜ਼ਮਾਨਤ ਦੇਣ ਨਾਲ ਜਾਂਚ 'ਚ ਰੁਕਾਵਟ ਆ ਸਕਦੀ ਹੈ।"

# ਬਰਤਾਨੀਆ ਵੱਲੋਂ ਸਲਾਮਤੀ ਕੌਂਸਲ 'ਚ ਸਥਾਈ ਮੈਂਬਰਸ਼ਿਪ ਲਈ ਭਾਰਤ ਦੀ ਮੁੜ ਹਮਾਇਤ


**■ ਵਿਸ਼ਵ ਨੂੰ ਦਰਪੇਸ਼ ਚੁਣੌਤੀਆਂ ਦੇ ਟਾਕਰੇ ਲਈ ਆਲਮੀ ਸੰਸਥਾ ਵਿਚ ਸੁਧਾਰਾਂ ਦਾ ਸੱਦਾ**



ਲੰਡਨ, (ਪੰਜਾਬ ਮੇਲ)- ਬਰਤਾਨੀਆ ਨੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ (ਯੂ.ਐੱਨ.ਐੱਸ.ਸੀ.) ਵਿਚ ਭਾਰਤ ਦੀ ਸਥਾਈ ਮੈਂਬਰਸ਼ਿਪ ਲਈ ਮੁੜ ਹਮਾਇਤ ਕੀਤੀ ਹੈ। ਭਾਰਤ ਸਮੇਤ ਕਈ ਦੇਸ਼ ਸਲਾਮਤੀ ਕੌਂਸਲ ਦੇ ਵਿਸਤਾਰ ਦੀ ਮੰਗ ਕਰ ਰਹੇ ਹਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਸੰਸਥਾ ਵਿਸ਼ਵ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਸਮਰੱਥ ਹੈ। ਨਿਊਯਾਰਕ ਵਿਚ ਸੋਮਵਾਰ ਨੂੰ ਸੰਯੁਕਤ ਰਾਸ਼ਟਰ ਮਹਾਸਭਾ ਦੇ ਪਲੇਨਰੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਜਨਰਲ ਅਸੈਂਬਲੀ ਵਿਚ ਬਰਤਾਨੀਆ ਦੇ ਰਾਜਦੂਤ ਆਰਚੀ ਯੰਗ ਨੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇ ਸਤੰਬਰ ਵਿਚ ਯੂ.ਐੱਨ.ਜੀ.ਏ. (ਸੰਯੁਕਤ ਰਾਸ਼ਟਰ ਮਹਾਸਭਾ) ਵਿਚ ਦਿੱਤੇ ਬਿਆਨ ਨੂੰ ਦੁਹਰਾਇਆ, ਜਿਸ ਵਿਚ ਉਨ੍ਹਾਂ ਨੇ ਯੂ.ਐੱਨ.ਐੱਸ.ਸੀ. ਸੁਧਾਰਾਂ ਦਾ ਸੱਦਾ ਦਿੱਤਾ ਸੀ। ਯੰਗ ਨੇ ਕਿਹਾ ਕਿ ਬਰਤਾਨੀਆ ਚਾਹੁੰਦਾ ਹੈ ਕਿ ਭਾਰਤ ਦੇ ਨਾਲ ਅਫਰੀਕਾ, ਬ੍ਰਾਜ਼ੀਲ, ਜਰਮਨੀ ਅਤੇ ਜਾਪਾਨ ਨੂੰ ਵੀ ਪੱਕੀ ਨੁਮਾਇੰਦਗੀ ਮਿਲੇ। ਉਨ੍ਹਾਂ ਕਿਹਾ, "ਬਰਤਾਨੀਆ ਦਾ ਮੰਨਣਾ ਹੈ ਕਿ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿਚ ਸੁਧਾਰ ਸੰਸਥਾ ਨੂੰ ਮਜ਼ਬੂਤ ਬਣਾਏਗਾ।


# ਟਰੰਪ ਤੇ ਪੁਤਿਨ ਵਿਚਕਾਰ ਯੂਕਰੇਨ ਜੰਗ ਖਤਮ ਕਰਨ ਸਮੇਤ ਮਹੱਤਵਪੂਰਨ ਵਿਸ਼ਿਆਂ 'ਤੇ ਚਰਚਾ!





ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਫੋਨ 'ਤੇ ਗੱਲਬਾਤ ਕੀਤੀ ਅਤੇ ਯੂਕ੍ਰੇਨ ਵਿਚ ਜੰਗ ਖ਼ਤਮ ਕਰਨ ਸਮੇਤ ਕਈ ਹੋਰ ਮਹੱਤਵਪੂਰਨ ਵਿਸ਼ਿਆਂ 'ਤੇ ਚਰਚਾ ਕੀਤੀ। ਇਹ ਜਾਣਕਾਰੀ ਐਤਵਾਰ ਨੂੰ ਇਕ ਮੀਡੀਆ ਰਿਪੋਰਟ ਤੋਂ ਮਿਲੀ। ਹਾਲੀਆ ਰਾਸ਼ਟਰਪਤੀ ਚੋਣ ਜਿੱਤਣ ਤੋਂ ਬਾਅਦ ਟਰੰਪ ਨੇ ਦੁਨੀਆਂ ਦੇ 70 ਤੋਂ ਵੱਧ ਨੇਤਾਵਾਂ ਨਾਲ ਗੱਲਬਾਤ ਕੀਤੀ ਹੈ। ਇਨ੍ਹਾਂ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਸ਼ਾਮਲ ਹਨ। ਵਾਸ਼ਿੰਗਟਨ ਪੋਸਟ ਦੀ ਇਕ ਵਿਸ਼ੇਸ਼ ਰਿਪੋਰਟ 'ਚ ਕਿਹਾ ਗਿਆ ਹੈ, "ਦੋਵਾਂ ਨੇਤਾਵਾਂ ਨੇ ਮਹਾਂਦੀਪੀ ਯੂਰਪ ਵਿਚ ਸ਼ਾਂਤੀ ਦੇ ਟੀਚੇ 'ਤੇ ਚਰਚਾ ਕੀਤੀ ਅਤੇ ਟਰੰਪ ਨੇ ਯੂਕਰੇਨ ਯੁੱਧ ਦੇ ਛੇਤੀ ਹੱਲ ਬਾਰੇ ਚਰਚਾ ਕਰਨ ਲਈ ਆਉਣ ਵਾਲੀ ਗੱਲਬਾਤ ਵਿਚ ਸ਼ਾਮਲ ਹੋਣ ਵਿਚ ਆਪਣੀ ਦਿਲਚਸਪੀ ਜ਼ਾਹਰ ਕੀਤੀ।" ਅਖ਼ਬਾਰ ਨੇ ਦੱਸਿਆ ਕਿ "ਪੁਤਿਨ ਨਾਲ ਟਰੰਪ ਦੀ ਫ਼ੋਨ 'ਤੇ ਹੋਈ ਗੱਲਬਾਤ ਤੋਂ ਜਾਣੂ ਇਕ ਸਾਬਕਾ ਅਮਰੀਕੀ ਅਧਿਕਾਰੀ ਨੇ ਕਿਹਾ ਕਿ ਟਰੰਪ ਸੰਭਵ ਤੌਰ 'ਤੇ ਰੂਸ ਦੇ ਹਮਲੇ ਕਾਰਨ ਯੂਕਰੇਨ ਵਿਚ ਮੁੜ ਕਿਸੇ ਨਵੇਂ ਸੰਕਟ ਨਾਲ ਵ੍ਹਾਈਟ ਹਾਊਸ (ਅਮਰੀਕੀ ਰਾਸ਼ਟਰਪਤੀ ਦੇ ਅਧਿਕਾਰਤ ਦਫ਼ਤਰ) ਵਿਚ ਨਹੀਂ ਜਾਣਾ ਚਾਹੁੰਦੇ।" ਟਰੰਪ 20 ਜਨਵਰੀ, 2025 ਨੂੰ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਵਾਲੇ ਹਨ। ਯੂਕਰੇਨ ਨੂੰ ਟਰੰਪ-ਪੁਤਿਨ ਦੀ ਫੋਨ ਗੱਲਬਾਤ ਦੀ ਜਾਣਕਾਰੀ ਦਿੱਤੀ ਗਈ ਹੈ। 'ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਮੁਤਾਬਕ, "ਟਰੰਪ ਨੇ ਪੁਤਿਨ ਨਾਲ ਇਹ ਗੱਲਬਾਤ ਫਲੋਰੀਡਾ ਸਥਿਤ ਆਪਣੇ ਰਿਜ਼ੋਰਟ ਤੋਂ ਕੀਤੀ। ਦੋਵਾਂ ਨੇਤਾਵਾਂ ਵਿਚਾਲੇ ਹੋਈ ਗੱਲਬਾਤ ਤੋਂ ਜਾਣੂ ਇਕ ਵਿਅਕਤੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਗੱਲਬਾਤ ਦੌਰਾਨ ਟਰੰਪ ਨੇ ਰੂਸੀ ਰਾਸ਼ਟਰਪਤੀ ਨੂੰ ਯੂਕਰੇਨ 'ਚ ਜੰਗ ਨਾ ਵਧਾਉਣ ਦੀ ਸਲਾਹ ਦਿੱਤੀ ਅਤੇ ਉਨ੍ਹਾਂ ਨੂੰ ਯੂਰਪ 'ਚ ਵਾਸ਼ਿੰਗਟਨ ਦੀ ਵੱਡੀ ਫੌਜੀ ਮੌਜੂਦਗੀ ਦੀ ਯਾਦ ਦਿਵਾਈ। ਇਸ ਵਿਚਕਾਰ ਟਰੰਪ ਦੇ ਸੰਚਾਰ ਨਿਰਦੇਸ਼ਕ ਸਟੀਵਨ ਚੇਂਗ ਨੇ ਦੱਸਿਆ ਕਿ ਉਹ ਰਾਸ਼ਟਰਪਤੀ ਚੁਣੇ ਗਏ ਟਰੰਪ ਅਤੇ ਹੋਰ ਵਿਸ਼ਵ ਨੇਤਾਵਾਂ ਵਿਚਕਾਰ ਨਿੱਜੀ ਗੱਲਬਾਤ 'ਤੇ ਟਿੱਪਣੀ ਨਹੀਂ ਕਰਨਗੇ। ਚੇਅੰਗ ਨੇ ਕਿਹਾ, "ਰਾਸ਼ਟਰਪਤੀ ਚੁਣੇ ਗਏ ਟਰੰਪ ਨੇ ਇਤਿਹਾਸਕ ਚੋਣ ਵਿਚ ਨਿਰਣਾਇਕ ਜਿੱਤ ਪ੍ਰਾਪਤ ਕੀਤੀ ਹੈ, ਅਤੇ ਦੁਨੀਆਂ ਭਰ ਦੇ ਨੇਤਾ ਜਾਣਦੇ ਹਨ ਕਿ ਅਮਰੀਕਾ ਵਿਸ਼ਵ ਪੱਧਰ 'ਤੇ ਹਾਵੀ ਹੋਵੇਗਾ। ਇਹੀ ਕਾਰਨ ਹੈ ਕਿ ਨੇਤਾਵਾਂ ਨੇ 45ਵੇਂ ਅਤੇ 47ਵੇਂ ਰਾਸ਼ਟਰਪਤੀ ਨਾਲ ਮਜ਼ਬੂਤ ਸਬੰਧ ਵਿਕਸਿਤ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ, ਕਿਉਂਕਿ ਉਹ ਵਿਸ਼ਵ ਸ਼ਾਂਤੀ ਅਤੇ ਸਥਿਰਤਾ ਦੀ ਪ੍ਰਤੀਨਿਧਤਾ ਕਰਦੇ ਹਨ।

# ਟਰੰਪ ਨੂੰ ਵੋਟ ਦੇਣ ਵਾਲੇ ਮਰਦਾਂ ਖ਼ਿਲਾਫ਼ ਅਮਰੀਕੀ ਲਿਬਰਲ ਔਰਤਾਂ ਦਾ ਅਨੋਖਾ ਅੰਦੋਲਨ




ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ 'ਚ ਡੋਨਾਲਡ ਟਰੰਪ ਦੀ ਰਾਸ਼ਟਰਪਤੀ ਅਹੁਦੇ 'ਤੇ ਵਾਪਸੀ ਤੋਂ ਕਈ ਔਰਤਾਂ ਖੁਸ਼ ਨਹੀਂ ਹਨ। ਇਹੀ ਕਾਰਨ ਹੈ ਕਿ ਦੱਖਣੀ ਕੋਰੀਆ ਵਿਚ ਨਾਰੀਵਾਦੀ ਅੰਦੋਲਨ ਦੀ ਤਰਜ਼ 'ਤੇ ਇਨ੍ਹਾਂ ਔਰਤਾਂ ਨੇ ਚੋਣਾਂ ਵਿਚ ਟਰੰਪ ਨੂੰ ਵੋਟ ਦੇਣ ਵਾਲੇ ਮਰਦਾਂ ਦਾ ਬਾਈਕਾਟ ਕਰਨਾ ਸ਼ੁਰੂ ਕਰ ਦਿੱਤਾ ਹੈ। ਅਮਰੀਕਾ ਵਿਚ ਇਸਨੂੰ 4ਬੀ ਮੂਵਮੈਂਟ ਦਾ ਨਾਮ ਦਿੱਤਾ ਗਿਆ ਹੈ।

ਟੈਲੀਗ੍ਰਾਫ ਦੀ ਰਿਪੋਰਟ ਮੁਤਾਬਕ ਟਰੰਪ ਨੂੰ ਵ੍ਹਾਈਟ ਹਾਊਸ ਲੈ ਕੇ ਜਾਣ ਵਾਲੇ ਪੁਰਸ਼ਾਂ ਖ਼ਿਲਾਫ਼ ਅਮਰੀਕਾ ਦੀਆਂ ਕਈ ਔਰਤਾਂ ਨੇ ਆਵਾਜ਼ ਉਠਾਈ ਹੈ। ਇਸ 4ਬੀ ਅੰਦੋਲਨ ਵਿਚ ਸ਼ਾਮਲ ਔਰਤਾਂ ਨੇ ਅਗਲੇ ਚਾਰ ਸਾਲਾਂ ਲਈ ਟਰੰਪ ਨੂੰ ਵੋਟ ਪਾਉਣ ਵਾਲੇ ਪੁਰਸ਼ਾਂ ਦਾ ਬਾਈਕਾਟ ਕੀਤਾ ਹੈ। ਇਸ ਦਾ ਮਤਲਬ ਹੈ ਕਿ ਅਗਲੇ ਚਾਰ ਸਾਲਾਂ 'ਚ ਔਰਤਾਂ ਨਾ ਤਾਂ ਇਨ੍ਹਾਂ ਮਰਦਾਂ ਨੂੰ ਡੇਟ ਕਰਨਗੀਆਂ, ਨਾ ਹੀ ਉਨ੍ਹਾਂ ਨਾਲ ਵਿਆਹ ਕਰਨਗੀਆਂ, ਨਾ ਹੀ ਉਨ੍ਹਾਂ ਨਾਲ ਸੈਕਸ ਕਰਨਗੀਆਂ ਅਤੇ ਨਾ ਹੀ ਉਨ੍ਹਾਂ ਨਾਲ ਬੱਚੇ ਪੈਦਾ ਕਰਨਗੀਆਂ। ਇਸ ਅੰਦੋਲਨ ਦੇ ਤਹਿਤ ਔਰਤਾਂ ਨੂੰ ਡੇਟਿੰਗ ਐਪਸ ਨੂੰ ਡਿਲੀਟ ਕਰਨ ਲਈ ਵੀ ਕਿਹਾ ਜਾ ਰਿਹਾ ਹੈ।

ਅਮਰੀਕਾ ਦੀਆਂ ਇਨ੍ਹਾਂ ਔਰਤਾਂ ਨੇ ਦੱਖਣੀ ਕੋਰੀਆ ਦੇ 4ਬੀ ਮੂਵਮੈਂਟ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ 2010 ਦੇ ਦਹਾਕੇ ਵਿਚ ਮਰਦਾਂ ਦਾ ਬਾਈਕਾਟ ਕੀਤਾ ਹੈ। ਕੋਰੀਅਨ ਭਾਸ਼ਾ ਵਿਚ 'ਬੀ' ਦਾ ਮਤਲਬ ਹੈ ਨਹੀਂ। ਇਸ ਤਰ੍ਹਾਂ 4ਬੀ ਅਸਲ ਵਿਚ ਚਾਰ ਨੰਬਰ ਨੂੰ ਦਰਸਾਉਂਦਾ ਹੈ। ਇਨ੍ਹਾਂ ਚਾਰ ਨੰਬਰਾਂ ਵਿਚ ਪੁਰਸ਼ਾਂ ਨਾਲ ਡੇਟਿੰਗ, ਸੈਕਸ, ਵਿਆਹ ਅਤੇ ਬੱਚੇ ਵਰਜਿਤ ਹਨ।

ਅਮਰੀਕੀ ਔਰਤਾਂ ਦੇ ਅਜਿਹੇ ਕਈ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਹਨ, ਜਿਸ 'ਚ ਔਰਤਾਂ ਕਹਿ ਰਹੀਆਂ ਹਨ ਕਿ ਉਹ ਅਗਲੇ ਚਾਰ ਸਾਲਾਂ ਲਈ ਟਰੰਪ ਨੂੰ ਵੋਟ ਦੇਣ ਵਾਲੇ ਅਜਿਹੇ ਪੁਰਸ਼ਾਂ ਤੋਂ ਦੂਰ ਰਹਿਣਗੀਆਂ।

ਇਸ ਵਾਰ ਅਮਰੀਕਾ 'ਚ ਵੱਡੀ ਪੱਧਰ 'ਤੇ ਔਰਤਾਂ ਕਮਲਾ ਹੈਰਿਸ ਨੂੰ ਜਿੱਤਾਉਣਾ ਚਾਹੁੰਦੀਆਂ ਸਨ। ਪਰ ਅਜਿਹਾ ਨਹੀਂ ਹੋ ਸਕਿਆ। ਡੋਨਾਲਡ ਟਰੰਪ ਨੇ ਵ੍ਹਾਈਟ ਹਾਊਸ ਦੀ ਦੌੜ 'ਚ ਕਮਲਾ ਹੈਰਿਸ ਨੂੰ ਹਰਾਇਆ। ਟਰੰਪ ਦਾ ਅਕਸ ਅਮਰੀਕਾ ਸਮੇਤ ਪੂਰੀ ਦੁਨੀਆਂ 'ਚ ਔਰਤਾਂ ਵਿਰੋਧੀ ਹੈ। ਉਸ ਖ਼ਿਲਾਫ਼ ਔਰਤਾਂ ਦੇ ਸ਼ੋਸ਼ਣ ਦੇ ਦਰਜਨ ਤੋਂ ਵੱਧ ਕੇਸ ਅਦਾਲਤਾਂ ਵਿਚ ਵਿਚਾਰ ਅਧੀਨ ਹਨ। ਉਹ ਅਕਸਰ ਔਰਤਾਂ ਨੂੰ ਲੈ ਕੇ ਵਿਵਾਦਿਤ ਟਿੱਪਣੀਆਂ ਕਰਦਾ ਰਹਿੰਦਾ ਹੈ। ਇੰਨਾ ਹੀ ਨਹੀਂ, ਅਮਰੀਕਾ 'ਚ ਗਰਭਪਾਤ ਕਾਨੂੰਨ ਨੂੰ ਲੈ ਕੇ ਟਰੰਪ ਦੇ ਰੁਖ ਤੋਂ ਔਰਤਾਂ ਵੀ ਖੁਸ਼ ਨਹੀਂ ਹਨ। ਅਜਿਹੇ 'ਚ ਉਹ ਚਾਹੁੰਦੀ ਸੀ ਕਿ ਟਰੰਪ ਇਸ ਵਾਰ ਚੋਣਾਂ ਨਾ ਜਿੱਤਣ।

# ਕੇਂਦਰ ਸਰਕਾਰ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਜ਼ੈੱਡ ਪਲੱਸ ਸੁਰੱਖਿਆ ਲਈ ਵਾਪਸ



ਅੰਮ੍ਰਿਤਸਰ, (ਪੰਜਾਬ ਮੇਲ)- ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕੀਤੀ ਗਈ ਅਪੀਲ ਤੋਂ ਬਾਅਦ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਦਿੱਤੀ ਹੋਈ ਜ਼ੈੱਡ ਸ਼੍ਰੇਣੀ ਦੀ ਸੁਰੱਖਿਆ ਛਤਰੀ ਵਾਪਸ ਲੈ ਲਈ ਹੈ। ਹੁਣ ਉਨ੍ਹਾਂ ਕੋਲ ਪੰਜਾਬ ਸਰਕਾਰ ਵੱਲੋਂ ਦਿੱਤੀ ਹੋਈ ਸੁਰੱਖਿਆ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਮੁਹੱਈਆ ਕੀਤੇ ਸੁਰੱਖਿਆ ਕਰਮਚਾਰੀ ਮੌਜੂਦ ਹਨ।

ਇਸ ਦੀ ਪੁਸ਼ਟੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕੀਤੀ ਗਈ ਹੈ। ਕੇਂਦਰ ਸਰਕਾਰ ਵੱਲੋਂ ਇੱਕ-ਦੋ ਦਿਨ ਪਹਿਲਾਂ ਹੀ ਸੁਰੱਖਿਆ ਛੱਤਰੀ ਵਾਪਸ ਲੈਣ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਸਨ। ਜਿਸ ਤੋਂ ਬਾਅਦ ਬੀਤੇ ਦਿਨੀਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਹ ਜ਼ੈੱਡ ਸ਼੍ਰੇਣੀ ਦੀ ਸੁਰੱਖਿਆ ਵਾਪਸ ਭੇਜ ਦਿੱਤੀ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਜੋ ਇਸ ਤੋਂ ਪਹਿਲਾਂ ਗਿਆਨੀ ਹਰਪ੍ਰੀਤ ਸਿੰਘ ਦੇ ਨਾਲ ਨਿੱਜੀ ਸਹਾਇਕ ਰਹਿ ਚੁੱਕੇ ਹਨ, ਨੇ ਦੱਸਿਆ ਕਿ ਦੋ ਸਾਲ ਪਹਿਲਾਂ ਜਦੋਂ ਪੰਜਾਬ ਪੁਲਿਸ ਵੱਲੋਂ ਸੁਰੱਖਿਆ ਛੱਤਰੀ ਵਿਚ ਕਟੌਤੀ ਕੀਤੀ ਗਈ ਸੀ, ਤਾਂ ਉਸ ਵੇਲੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਕੇਂਦਰ ਸਰਕਾਰ ਵੱਲੋਂ ਜ਼ੈੱਡ ਸ਼੍ਰੇਣੀ ਦੀ ਸੁਰੱਖਿਆ ਮੁਹੱਈਆ ਕੀਤੀ ਗਈ ਸੀ।

## ਸਫਾ 1 ਦਾ ਬਾਕੀ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ ਪੁਰਬ...

ਨੇ ਦੱਸਿਆ ਕਿ 2244 ਸ਼ਰਧਾਲੂਆਂ ਦੇ ਪਾਸਪੋਰਟ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਨੂੰ ਭੇਜੇ ਗਏ ਸਨ, ਜਿਨ੍ਹਾਂ ਵਿਚੋਂ ਸਫ਼ਾਰਤਖ਼ਾਨੇ ਨੇ 763 ਸ਼ਰਧਾਲੂਆਂ ਨੂੰ ਵੀਜ਼ਾ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ 1481 ਸ਼ਰਧਾਲੂਆਂ ਨੂੰ ਦੂਤਾਵਾਸ ਨੇ ਵੀਜ਼ਾ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖ ਸ਼ਰਧਾਲੂਆਂ ਦੇ ਵੱਡੀ ਗਿਣਤੀ ਵਿਚ ਵੀਜ਼ੇ ਰੱਦ ਕਰਨਾ ਮੰਦਭਾਗਾ ਹੈ। ਉਨ੍ਹਾਂ ਦੱਸਿਆ ਕਿ ਜਥੇ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਗੁਰਨਾਮ ਸਿੰਘ ਜੱਸਲ ਕਰ ਰਹੇ ਹਨ, ਜਦਕਿ ਜਥੇ ਦੇ ਡਿਪਟੀ ਲੀਡਰ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਸ਼ਰਨਜੀਤ ਕੌਰ ਅਤੇ ਜਨਰਲ ਪ੍ਰਬੰਧਕ ਵਜੋਂ ਇੰਚਾਰਜ ਸ. ਪਲਵਿੰਦਰ ਸਿੰਘ ਤੇ ਸ. ਗੁਰਮੀਤ ਸਿੰਘ ਜਾਣਗੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ ਅਤੇ ਇੰਚਾਰਜ ਯਾਤਰਾ ਸ. ਪਲਵਿੰਦਰ ਸਿੰਘ ਵੀ ਮੌਜੂਦ ਸਨ।

## ਸਫਾ 1 ਦਾ ਬਾਕੀ ਮਸਕ ਨੇ 7 ਦਿਨਾਂ 'ਚ ਟਰੰਪ ਦੀ ਦੌਲਤ...

ਮਸਕ ਨੇ ਟਰੰਪ ਲਈ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ਦੀ ਪੂਰੀ ਵਰਤੋਂ ਕੀਤੀ। ਉਸਨੇ ਸੱਜੇ ਪਾਸੇ ਝੁਕਣ ਵਾਲੇ ਵੋਟਰਾਂ ਨੂੰ ਰਜਿਸਟਰ ਕਰਨ ਲਈ ਸਵਿੰਗ ਸਟੇਟ ਕਾਰਜਾਂ ਨੂੰ ਫੰਡ ਦਿੱਤਾ। ਮੀਡੀਆ ਰਿਪੋਰਟਾਂ ਵਿਚ ਦਾਅਵਾ ਕੀਤਾ ਗਿਆ ਹੈ ਕਿ ਉਹ ਹੁਣ ਟਰੰਪ ਦੀ ਜਿੱਤ ਵਿਚ ਕੀਤੇ ਗਏ ਨਿਵੇਸ਼ ਦਾ ਪੂਰਾ ਫਾਇਦਾ ਉਠਾਉਣਾ ਚਾਹੁੰਦਾ ਹੈ।

## ਸਫਾ 1 ਦਾ ਬਾਕੀ ਅਮਰੀਕੀ ਰਾਸ਼ਟਰਪਤੀ ਡੋਨਾਲਡ....

ਟਰੰਪ ਨੇ ਫੌਕਸ ਨਿਊਜ਼ ਦੇ ਹੋਸਟ ਪੀਟ ਹੈਗਸੇਥ ਨੂੰ ਵੀ ਆਪਣੀ ਕੈਬਨਿਟ ਵਿਚ ਜਗ੍ਹਾ ਦਿੱਤੀ ਹੈ। ਉਨ੍ਹਾਂ ਨੂੰ ਰੱਖਿਆ ਮੰਤਰੀ ਬਣਾਇਆ ਗਿਆ ਹੈ। ਪੀਟ ਹੈਗਸੇਥ ਨੂੰ ਫੌਜ ਵਿਚ ਕੰਮ ਕਰਨ ਦਾ ਵੀ ਤਜ਼ਰਬਾ ਹੈ।

ਟਰੰਪ ਨੇ ਫਲੋਰਿਡਾ ਦੇ ਸੰਸਦ ਮੈਂਬਰ ਮਾਈਕ ਵਾਲਟਜ਼ ਨੂੰ ਦੇਸ਼ ਦਾ ਰਾਸ਼ਟਰੀ ਸੁਰੱਖਿਆ ਸਲਾਹਕਾਰ ਨਿਯੁਕਤ ਕਰਨ ਦਾ ਫੈਸਲਾ ਕੀਤਾ ਹੈ। ਇਹ ਵੀ ਫੌਜ ਵਿਚ ਕਮਾਂਡੋਜ਼ ਰਹਿ ਚੁੱਕੇ ਹਨ।

ਟਰੰਪ ਨੇ ਫਲੋਰਿਡਾ ਤੋਂ ਸੈਨੇਟਰ ਮਾਰਕੋ ਰੂਬਿਓ ਨੂੰ ਵਿਦੇਸ਼ ਮੰਤਰੀ ਬਣਾਉਣ ਦਾ ਫੈਸਲਾ ਕੀਤਾ ਹੈ। ਪਰ ਇਸ ਦਾ ਅਧਿਕਾਰਤ ਤੌਰ 'ਤੇ ਐਲਾਨ ਨਹੀਂ ਕੀਤਾ ਗਿਆ।

ਭਾਰਤੀ ਮੂਲ ਦੇ ਕਸ਼ੱਯਪ ਪਟੇਲ ਟਰੰਪ ਸਰਕਾਰ ਵਿਚ ਸੀ.ਆਈ.ਏ. ਚੀਫ ਬਣ ਸਕਦੇ ਹਨ। ਉਹ ਟਰੰਪ ਦੇ ਵਫਾਦਾਰਾਂ ਵਿਚੋਂ ਗਿਣੇ ਜਾਂਦੇ ਹਨ। ਇਸ ਵਾਰ ਭਾਰਤੀ ਮੂਲ ਦੀ ਨਿੱਕੀ ਹੈਲੀ ਨੂੰ ਟਰੰਪ ਨੇ ਅੱਖੋਂ-ਪਰੋਖੇ ਕੀਤਾ ਹੈ, ਕਿਉਂਕਿ ਉਸ ਨੇ ਟਰੰਪ ਦੇ ਖਿਲਾਫ ਚੋਣਾਂ ਲੜੀਆਂ ਸਨ। ਚੋਣ ਤੋਂ ਹਟਣ ਤੋਂ ਬਾਅਦ ਟਰੰਪ ਦੀ ਹਮਾਇਤ ਵੀ ਨਹੀਂ ਕੀਤੀ ਸੀ। ਇਸੇ ਤਰ੍ਹਾਂ ਮਾਈਕ ਪੌਂਪੀਓ ਨੂੰ ਵੀ ਇਸ ਵਾਰ ਕੋਈ ਅਹੁਦਾ ਨਹੀਂ ਦਿੱਤਾ ਗਿਆ।

ਡੋਨਾਲਡ ਟਰੰਪ ਦੇ ਮੁੜ ਅਮਰੀਕਾ ਦਾ ਰਾਸ਼ਟਰਪਤੀ ਬਣਨ ਨਾਲ ਗੈਰ-ਕਾਨੂੰਨੀ ਤਰੀਕੇ ਨਾਲ ਉਥੇ ਦਾਖ਼ਲ ਹੋਏ ਭਾਰਤੀਆਂ ਪ੍ਰਵਾਸੀਆਂ ਦੀ ਮੁਸ਼ਕਲਾਂ ਵਧਣ ਵਾਲੀਆਂ ਹਨ। ਦਰਅਸਲ ਅਮਰੀਕਾ ਵਿਚ ਮੁੜ ਸਖ਼ਤ ਇਮੀਗ੍ਰੇਸ਼ਨ ਪਾਲਿਸੀ ਲਾਗੂ ਹੋਵੇਗੀ। ਟਰੰਪ ਵੱਲੋਂ ਦੂਜੇ ਕਾਰਜਕਾਲ ਦੀ ਤਿਆਰੀ ਵਿਚ ਹਾਲ ਹੀ ਵਿਚ ਕੀਤੀਆਂ ਗਈਆਂ ਨਿਯੁਕਤੀਆਂ ਇਮੀਗ੍ਰੇਸ਼ਨ 'ਤੇ ਸਖ਼ਤ ਰੁਖ਼ ਵੱਲ ਇਸ਼ਾਰਾ ਕਰ ਰਹੀਆਂ ਹਨ। ਟਰੰਪ ਦੀ ਇਸ ਸਖ਼ਤੀ ਦਾ ਅਸਰ ਵਰਕ ਵੀਜ਼ਾ 'ਤੇ ਅਮਰੀਕਾ 'ਚ ਕਾਨੂੰਨੀ ਤੌਰ 'ਤੇ ਰਹਿ ਰਹੇ ਭਾਰਤੀ ਪ੍ਰਵਾਸੀਆਂ 'ਤੇ ਵੀ ਪਵੇਗਾ।

## ਸਫਾ 1 ਦਾ ਬਾਕੀ ਪੰਜਾਬ 'ਚ ਧੁੰਦ ਕਾਰਨ ਫਲਾਇਟਾਂ 'ਤੇ...

ਵੱਧ ਏ.ਕਿਊ.ਆਈ. ਕਾਰਨ ਐਮਰਜੈਂਸੀ ਸੇਵਾਵਾਂ ਨੂੰ ਛੱਡ ਕੇ ਡੀਜ਼ਲ ਜਨਰੇਟਰ (ਡੀ.ਜੀ.) ਸੈੱਟਾਂ ਦੀ ਵਰਤੋਂ 'ਤੇ ਵੀ ਯੂ.ਟੀ. ਵਿਚ ਪਾਬੰਦੀ ਲਗਾਈ ਜਾ ਰਹੀ ਹੈ। ਇਸ ਦੀ ਵਰਤੋਂ ਦੀ ਇਜਾਜ਼ਤ ਹੁਣ ਚੰਡੀਗੜ੍ਹ ਪ੍ਰਦੂਸ਼ਣ ਕੰਟਰੋਲ ਕਮੇਟੀ ਵੱਲੋਂ ਦਿੱਤੀ ਜਾਵੇਗੀ। ਸ਼ਹਿਰ ਵਿਚ ਹਵਾ ਦੀ ਗੁਣਵੱਤਾ ਦਾ ਪ੍ਰਬੰਧਨ ਕਰਨ ਲਈ ਇੱਕ ਗ੍ਰੇਡਡ ਰਿਸਪਾਂਸ ਐਕਸ਼ਨ ਪਲਾਨ ਦੀ ਵੀ ਮੰਗ ਕੀਤੀ ਗਈ ਹੈ।

## ਸਫਾ 1 ਦਾ ਬਾਕੀ 3 ਸਾਲਾਂ 'ਚ ਅਮਰੀਕਾ 'ਚ ਸ਼ਰਣ ਮੰਗਣ...

ਸਮੂਹ ਬਣ ਗਿਆ ਅਤੇ ਹਾਂ-ਪੱਖੀ ਸ਼ਰਣ ਲਈ ਸੱਤਵਾਂ-ਸਭ ਤੋਂ ਵੱਡਾ ਸਮੂਹ (ਯੂ.ਐੱਸ. ਵਿਚ ਪਹਿਲਾਂ ਤੋਂ ਹੀ ਸੁਰੱਖਿਆ ਦੀ ਮੰਗ ਕਰ ਰਹੇ ਲੋਕਾਂ ਲਈ ਅਰਜ਼ੀਆਂ) ਬਣ ਗਿਆ। ਅਕਤੂਬਰ ਵਿਚ ਜਾਰੀ ਹੋਈ ਡੀ.ਐੱਚ.ਐੱਸ. ਦੀ 2023 ਰਿਪੋਰਟ ਵਿਚ ਕਿਹਾ ਗਿਆ ਹੈ ਕਿ ਉਸ ਸਾਲ 5,340 ਭਾਰਤੀਆਂ ਨੂੰ ਸ਼ਰਣ ਦਿੱਤੀ ਗਈ ਸੀ।

ਇਹ ਵਾਧਾ 2021 ਵਿਚ 4,330 ਭਾਰਤੀ ਪਨਾਹ ਮੰਗਣ ਵਾਲਿਆਂ ਨਾਲ ਸ਼ੁਰੂ ਹੋਇਆ, ਜਿਸ ਵਿਚ 2,090 ਹਾਂ-ਪੱਖੀ ਅਰਜ਼ੀਆਂ ਅਤੇ 2,240 ਰੱਖਿਆਤਮਕ ਅਰਜ਼ੀਆਂ ਸ਼ਾਮਲ ਹਨ। 2022 ਵਿਚ, 5,370 ਹਾਂ-ਪੱਖੀ ਅਤੇ 9,200 ਰੱਖਿਆਤਮਕ ਫਾਈਲਿੰਗ ਦੇ ਨਾਲ ਇਹ ਅਰਜ਼ੀਆਂ ਲਗਭਗ ਤਿੰਨ ਗੁਣਾ ਹੋ ਕੇ 14,570 ਹੋ ਗਈਆਂ। 2023 ਤੱਕ, ਕੁੱਲ 41,330 ਤੱਕ ਪਹੁੰਚ ਗਈ, ਜੋ ਪਿਛਲੇ ਸਾਲ ਦੀ ਗਿਣਤੀ ਨਾਲੋਂ ਲਗਭਗ ਤਿੰਨ ਗੁਣਾ ਹੈ। ਸ਼ਰਣ ਦੇਣ ਵਾਲੇ ਭਾਰਤੀਆਂ ਦੀ ਗਿਣਤੀ ਵੀ ਵਧੀ ਹੈ। 2021 ਵਿਚ, 1,330 ਭਾਰਤੀਆਂ ਨੂੰ ਸ਼ਰਣ ਦਿੱਤੀ ਗਈ ਸੀ (700 ਹਾਂ-ਪੱਖੀ ਅਤੇ 630 ਬਚਾਅ ਪੱਖ)। ਇਹ ਅੰਕੜਾ 2022 ਵਿਚ ਤਿੰਨ ਗੁਣਾ ਹੋ ਕੇ 4,260 ਹੋ ਗਿਆ, ਜਿਸ ਵਿਚ 2,180 ਹਾਂ-ਪੱਖੀ ਅਤੇ 2,080 ਬਚਾਅ ਪੱਖ ਸ਼ਾਮਲ ਹਨ। 2023 ਵਿਚ, 5,340 ਭਾਰਤੀਆਂ ਨੂੰ ਸ਼ਰਣ ਦਿੱਤੀ ਗਈ ਸੀ, ਜਿਸ ਨਾਲ ਭਾਰਤ ਰੱਖਿਆਤਮਕ ਸ਼ਰਣ ਗ੍ਰਾਂਟਾਂ ਲਈ ਪੰਜਵੀਂ ਸਭ ਤੋਂ ਵੱਡੀ ਰਾਸ਼ਟਰੀਅਤਾ ਬਣ ਗਿਆ ਸੀ।

## ਸਫਾ 1 ਦਾ ਬਾਕੀ 'ਪੰਜਾਬ ਸਰਕਾਰ 15 ਦਿਨਾਂ 'ਚ...

ਬੈਂਚ ਨੇ ਮਿਊਂਸਿਪਲ ਚੋਣਾਂ ਕਰਵਾਉਣ ਲਈ ਸਮਾਂ ਵਧਾਉਂਦਿਆਂ ਕਿਹਾ ਕਿ ਅਦਾਲਤੀ ਹੁਕਮਾਂ ਦੇ ਬਾਵਜੂਦ ਮਿਊਂਸਿਪਲ ਚੋਣਾਂ ਨੋਟੀਫਾਈ ਕਰਨ ਵਿਚ ਦੇਰੀ ਲਈ ਹੱਤਕ ਦੀ ਕਾਰਵਾਈ ਨੂੰ ਅੱਗੇ ਪਾਉਣ ਲਈ ਸੂਬਾ ਸਰਕਾਰ ਨੂੰ ਅਪੀਲ ਦਾਖ਼ਲ ਕਰਨ ਦੀ ਪੂਰੀ ਖੁੱਲ੍ਹ ਹੈ। ਹਾਈ ਕੋਰਟ ਨੇ 19 ਅਕਤੂਬਰ ਨੂੰ ਜਾਰੀ ਹੁਕਮਾਂ ਵਿਚ ਪੰਜਾਬ ਸਰਕਾਰ/ਐੱਸ.ਈ.ਸੀ. ਨੂੰ ਪੰਜ ਮਿਊਂਸਿਪਲ ਕਾਰਪੋਰੇਸ਼ਨਾਂ ਅਤੇ 42 ਮਿਊਂਸਿਪਲ ਕੌਂਸਲਾਂ/ਨਗਰ ਪੰਚਾਇਤਾਂ ਲਈ 15 ਦਿਨਾਂ ਅੰਦਰ ਚੋਣ ਪ੍ਰੋਗਰਾਮ ਨੋਟੀਫਾਈ ਕਰਨ ਲਈ ਕਿਹਾ ਸੀ। ਅੰਮ੍ਰਿਤਸਰ, ਪਟਿਆਲਾ, ਜਲੰਧਰ, ਫਗਵਾੜਾ ਤੇ ਲੁਧਿਆਣਾ ਨਗਰ ਨਿਗਮਾਂ ਦੀ ਚੋਣ ਪਿਛਲੇ ਦੋ ਸਾਲਾਂ ਤੋਂ ਬਕਾਇਆ ਹੈ। ਪੰਜਾਬ ਸਰਕਾਰ, ਜਿਸ ਵੱਲੋਂ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਤੇ ਪੰਜਾਬ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਪੇਸ਼ ਹੋਏ, ਕੁਝ ਵਾਰਡਾਂ ਦੀ ਹੱਦਬੰਦੀ ਦਾ ਅਮਲ ਬਕਾਇਆ ਹੋਣ (ਜਿਸ ਨੂੰ ਪੂਰਾ ਕਰਨ ਲਈ ਸੂਬਾ ਸਰਕਾਰ ਨੂੰ 16 ਹਫ਼ਤਿਆਂ ਦੀ ਲੋੜ ਹੈ) ਦੇ ਹਵਾਲੇ ਨਾਲ ਮਿਊਂਸਿਪੈਲਟੀਜ਼/ਨਗਰ ਨਿਗਮਾਂ/ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੀ ਚੋਣ ਨੂੰ ਅੱਗੇ ਪਾਉਣਾ ਚਾਹੁੰਦੀ ਸੀ। ਹਾਲਾਂਕਿ ਬੈਂਚ ਨੇ ਕਿਹਾ, "ਹੱਦਬੰਦੀ ਦਾ ਕੋਈ ਸਵਾਲ ਨਹੀਂ ਹੈ। ਅਸੀਂ ਅੱਜ ਇਸ ਬਾਰੇ ਕੁਝ ਵੀ ਕਹਿਣਾ ਨਹੀਂ ਚਾਹੁੰਦੇ; ਨਹੀਂ ਤਾਂ ਅਸੀਂ ਪੰਜਾਬ ਸਰਕਾਰ ਖ਼ਿਲਾਫ਼ ਸਖ਼ਤੀ ਲਈ ਵੀ ਕਹਾਂਗੇ। ਪਹਿਲਾਂ ਜਾਓ ਤੇ ਚੋਣਾਂ ਕਰਵਾਓ। ਤੁਹਾਡੇ ਖਿਲਾਫ਼ ਸੁਪਰੀਮ ਕੋਰਟ ਦੇ ਦੋ ਫੈਸਲੇ ਹਨ। ਕਾਨੂੰਨ ਮੁਤਾਬਕ ਤੁਹਾਨੂੰ ਮਿਊਂਸਿਪੈਲਟੀਜ਼ ਦੀ ਮਿਆਦ ਸਮਾਪਤ ਤੋਂ ਪਹਿਲਾਂ ਚੋਣ ਅਮਲ ਸ਼ੁਰੂ ਕਰਨਾ ਚਾਹੀਦਾ ਹੈ।" ਸੁਪਰੀਮ ਕੋਰਟ ਨੇ ਕਿਹਾ ਕਿ ਮਿਊਂਸਿਪਲ ਚੋਣਾਂ ਵਿਚ ਦੇਰੀ ਲਈ ਸੂਬਾ ਸਰਕਾਰ ਦੀ ਹੱਦਬੰਦੀ ਦੇ ਬਕਾਇਆ ਅਮਲ 'ਤੇ ਟੇਕ ਗ਼ਲਤ ਸੀ ਕਿਉਂਕਿ ਆਬਾਦੀ ਜਾਂ ਨਗਰਪਾਲਿਕਾ ਦੀਆਂ ਹੱਦਾਂ ਵਿਚ ਕੋਈ ਵੱਡਾ ਫੇਰਬਦਲ ਨਹੀਂ ਹੋਇਆ ਸੀ। ਇਸ ਤੋਂ ਪਹਿਲਾਂ ਹਾਈ ਕੋਰਟ ਨੇ ਵੀ ਪੰਜਾਬ ਸਰਕਾਰ ਦੀ ਝਾੜ ਝੰਬ ਕਰਦਿਆਂ ਪੰਦਰਾਂ ਦਿਨਾਂ ਅੰਦਰ ਮਿਊਂਸਿਪਲ ਚੋਣਾਂ ਨੋਟੀਫਾਈ ਕਰਨ ਦੀ ਹਦਾਇਤ ਕੀਤੀ ਸੀ।



# PUNJAB MAIL USA

TV Channel, Newspaper, Radio

All over America, Canada, Australia & Europe

24 Hours 7 Days

Gold # 2867, Gem # 375, TV Zon # 6888,
Glow TV # 1828, Tashan # 131, Real TV etc.



For any Information & Advertisement Call at

+1-916-320-9444

E-mail: punjabmailtv@gmail.com

Iphone/Andriod App : Punjab Mail USA

Web: punjabmailusa.com

Facebook Page : Punjab Mail USA

# ਕਿੱਥੋਂ ਆ ਰਹੇ ਹਨ ਪੰਜਾਬ ਦੇ ਗੈਂਗਸਟਰਾਂ ਕੋਲ ਧੜਾਧੜ ਹਥਿਆਰ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲUSA





ਪੰਜਾਬ ਵਿਚ ਰੋਜ਼ਾਨਾ ਕਿਸੇ ਨਾ ਕਿਸੇ ਜ਼ਿਲ੍ਹੇ ਦੀ ਪੁਲਿਸ ਵੱਲੋਂ ਦਰਜਨਾਂ ਦੇ ਹਿਸਾਬ ਹਥਿਆਰ, ਖਾਸ ਤੌਰ ’ਤੇ ਰਿਵਾਲਵਰ ਅਤੇ ਪਿਸਟਲ ਪਕੜੇ ਜਾ ਰਹੇ ਹਨ। ਅੱਜ ਤੋਂ 35-40 ਸਾਲ ਪਹਿਲਾਂ ਬਦਮਾਸ਼ਾਂ ਕੋਲ ਬਿਹਾਰ ਜਾਂ ਕਿਸੇ ਲੋਕਲ ਮਿਸਤਰੀ ਦੇ ਬਣੇ ਘਟੀਆ ਜਿਹੇ ਇੱਕ ਗੋਲੀ ਚਲਾਉਣ ਵਾਲੇ ਪਿਸਤੌਲ (ਕੱਟਾ) ਹੁੰਦੇ ਸਨ ਪਰ ਅੱਜਕੱਲ੍ਹ ਛੋਟਾ-ਮੋਟਾ ਗੈਂਗਸਟਰ ਵੀ ਅੱਤ ਆਧੁਨਿਕ ਜ਼ਿਗਾਨਾ ਅਤੇ ਗਲੌਕ ਵਰਗੇ ਪਿਸਤੌਲ ਲਈ ਫਿਰਦਾ ਹੈ। ਉੱਤਰ ਪ੍ਰਦੇਸ਼ ਦੇ ਬਾਹੂਬਲੀ ਅਤੀਕ ਅਹਿਮਦ, ਉਸ ਦੇ ਭਰਾ ਅਸ਼ਰਫ ਤੇ ਬਾਬਾ ਸੱਦੀਕੀ ਦੀ ਹੱਤਿਆ ਵਾਸਤੇ ਤੁਰਕੀ ਦੀ ਬਣੀ ਜ਼ਿਗਾਨਾ ਪਿਸਤੌਲ ਵਰਤੀ ਗਈ ਸੀ। ਕੁਝ ਮਾਤਰਾ ਵਿਚ ਪਿਸਤੌਲ ਪਾਕਿਸਤਾਨ ਤੋਂ ਹੈਰੋਇਨ ਦੇ ਨਾਲ ਪਾਕਿਸਤਾਨ ਤੋਂ ਸਮਗਲ ਕੀਤੇ ਜਾ ਰਹੇ ਹਨ, ਪਰ ਬਾਰਡਰ ’ਤੇ ਸਖਤੀ ਹੋਣ ਕਾਰਨ ਹਥਿਆਰ ਸਮਗਲ ਕਰਨਾ ਬੇਹੱਦ ਔਖਾ ਹੋ ਗਿਆ ਹੈ। ਇਸ ਕਾਰਨ ਪਹਿਲਾਂ ਪਿਸਤੌਲ ਬਿਹਾਰ ਦੇ ਮੁੰਗੇਰ ਜ਼ਿਲ੍ਹੇ ਤੋਂ ਮੰਗਵਾਏ ਜਾਂਦੇ ਸਨ ਪਰ ਪਿਛਲੇ 6-7 ਸਾਲਾਂ ਤੋਂ ਮੱਧ ਪ੍ਰਦੇਸ਼ ਨਾਜਾਇਜ਼ ਅਸਲ੍ਹੇ ਦੇ ਗੜ੍ਹ ਵਜੋਂ ਉੱਭਰਿਆ ਹੈ। ਉਥੋਂ ਦੇ ਬਣੇ ਵਧੀਆ ਕਿਸਮ ਦੇ ਰਿਵਾਲਵਰ ਅਤੇ ਪਿਸਟਲ ਚਾਲੀ-ਪੰਜਾਹ ਹਜ਼ਾਰ ਤੱਕ ਆਸਾਨੀ ਨਾਲ ਮਿਲ ਜਾਂਦੇ ਹਨ ਤੇ ਕਾਰਕਰਦਗੀ, ਪਾਲਿਸ਼ ਅਤੇ ਫਿਨਿਸ਼ਿੰਗ ਵਿਚ ਜ਼ਿਗਾਨਾ ਅਤੇ ਗਲੌਕ ਨੂੰ ਵੀ ਮਾਤ ਪਾਉਂਦੇ ਹਨ।

ਸ਼ੁਰੂਆਤ ਵਿਚ ਸਿਰਫ ਸਥਾਨਕ ਕਿਸਾਨਾਂ ਵੱਲੋਂ ਕੱਟੇ ਖਰੀਦੇ ਜਾਂਦੇ ਸਨ, ਤਾਂ ਜੋ ਰਾਤ ਵੇਲੇ ਖੇਤਾਂ ਦੀ ਰਾਖੀ ਕਰਨ ਸਮੇਂ ਲੁਟੇਰਿਆਂ ਤੋਂ ਸੁਰੱਖਿਅਤ ਰਹਿਣ। ਪਰ ਹੁਣ ਪੰਜਾਬ, ਮਹਾਰਾਸ਼ਟਰ, ਰਾਜਸਥਾਨ, ਉੱਤਰ ਪ੍ਰਦੇਸ਼, ਦਿੱਲੀ ਅਤੇ ਹਰਿਆਣਾ ਆਦਿ ਵਿਚ ਵੀ ਮੱਧ ਪ੍ਰਦੇਸ਼ ਦੇ ਅਸਲ੍ਹੇ ਦੀ ਭਾਰੀ ਮੰਗ ਹੈ। ਪੰਜਾਬ ਵਿਚ ਸਿਰਫ ਅਕਤੂਬਰ ਮਹੀਨੇ ਵਿਚ ਹੀ ਮੱਧ ਪ੍ਰਦੇਸ਼ ਦੇ ਬਣੇ 54 ਪਿਸਤੌਲ ਬਰਾਮਦ ਹੋ ਚੁੱਕੇ ਹਨ। ਮੱਧ ਪ੍ਰਦੇਸ਼ ਦੇ ਬਰਵਾਨੀ, ਧਾਰ, ਬੁਰਹਾਨਪੁਰ ਅਤੇ ਖਰਗੌਨ ਆਦਿ ਵਿਚ ਸੈਂਕੜੇ ਕਾਰੀਗਰ ਨਾਜਾਇਜ਼ ਹਥਿਆਰ ਬਣਾ ਰਹੇ ਹਨ ਤੇ ਇਸ ਕਾਰੋਬਾਰ ’ਤੇ ਉਥੋਂ ਦੇ ਵਸਨੀਕ ਸਿਕਲੀਗਰ ਸਿੱਖਾਂ ਦਾ ਏਕਾਧਿਕਾਰ ਹੈ। ਪੁਰਾਣੇ ਸਮੇਂ ਵਿਚ ਉਹ ਰਾਜਿਆਂ ਮਹਾਰਾਜਿਆਂ ਦੀਆਂ ਫੌਜਾਂ ਵਾਸਤੇ ਤਲਵਾਰਾਂ, ਬਰਸ਼ੇ ਅਤੇ ਤੀਰ ਕਮਾਨ ਆਦਿ ਬਣਾਇਆ ਕਰਦੇ ਸਨ, ਪਰ ਸਮੇਂ ਦੇ ਬਦਲਣ ਨਾਲ ਉਹ ਵੀ ਆਧੁਨਿਕ ਹੋ ਗਏ ਹਨ। ਉਨ੍ਹਾਂ ਨੂੰ 32 ਬੋਰ, 9 ਮਿ.ਮੀ. ਅਤੇ 30 ਬੋਰ ਦੇ ਪਿਸਤੌਲ ਬਣਾਉਣ ਵਿਚ ਵਿਸ਼ੇਸ਼ ਮੁਹਾਰਤ ਹਾਸਲ ਹੈ। 32 ਬੋਰ ਦੀ ਜ਼ਿਆਦਾ ਮੰਗ ਹੈ ਕਿਉਂਕਿ ਇਸ ਦੀਆਂ ਗੋਲੀਆਂ ਆਸਾਨੀ ਨਾਲ ਕਿਸੇ ਵੀ ਲਾਇਸੈਂਸਧਾਰੀ ਜਾਂ ਅਸਲ੍ਹੇ ਦੀ ਦੁਕਾਨ ਤੋਂ ਦੋ ਨੰਬਰ ਵਿਚ ਮਿਲ ਸਕਦੀਆਂ ਹਨ। ਇਥੇ ਜੰਗਲਾਂ ਵਿਚ ਦੇਸੀ ਕਿਸਮ ਦੀਆਂ ਸ਼ੂਟਿੰਗ ਰੇਂਜਾਂ ਵੀ ਬਣੀਆਂ ਹੋਈਆਂ ਹਨ, ਜਿੱਥੇ ਗਾਹਕ ਖਰੀਦਣ ਤੋਂ ਪਹਿਲਾਂ ਅਸਲ੍ਹਾ ਚੈੱਕ ਕਰ ਸਕਦੇ ਹਨ।

ਬਿਹਾਰ ਤੇ ਯੂ.ਪੀ. ਦੇ ਬਣੇ ਪਿਸਤੌਲਾਂ ਵਿਚ ਗਰਮ ਹੋਣਾ, ਗੋਲੀ ਫਸਣਾ, ਮਿੱਸ ਫਾਇਰ ਅਤੇ ਨਾਲੀ ਫਟਣਾ ਆਮ ਜਿਹੀ ਗੱਲ ਸੀ। ਪਰ ਮੱਧ ਪ੍ਰਦੇਸ਼ ਦੇ ਪਿਸਤੌਲਾਂ ਵਿਚ ਅਜਿਹੀ ਕੋਈ ਮੁਸ਼ਕਿਲ ਪੇਸ਼ ਨਹੀਂ ਆਉਂਦੀ। ਉਹ ਚੱਲਣ ਵਿਚ ਆਸਾਨ ਹਨ ਅਤੇ ਵਧੀਆ ਕਿਸਮ ਦੀ ਸਮੱਗਰੀ ਨਾਲ ਤਿਆਰ ਕੀਤੇ ਜਾਂਦੇ ਹਨ, ਜੋ ਅਸਾਨੀ ਨਾਲ ਕਬਾੜੀਆਂ ਅਤੇ ਸਪੇਅਰ ਪਾਰਟਸ ਦੀਆਂ ਦੁਕਾਨਾਂ ’ਤੇ ਮੁਹੱਈਆ ਹੈ। ਰੇਲਵੇ ਦੀ ਕੰਡਮ ਪਟੜੀ, ਬੱਸਾਂ ਟਰੱਕਾਂ ਦੇ ਇੰਜਣਾਂ ਦੀ ਕਰੈਂਕ ਸ਼ਾਫਟ ਅਤੇ ਕਮਾਨੀਆਂ ਵਰਗੇ ਮਜ਼ਬੂਤ ਅਤੇ ਲਚਕਦਾਰ ਇਸਪਾਤ ਤੋਂ ਤਿਆਰ ਕੀਤੇ ਗਏ ਇਹ ਪਿਸਤੌਲ ਬਹੁਤ ਹੀ ਕਾਰਗਰ ਹਨ। ਕਾਰੀਗਰਾਂ ਤੋਂ ਹਥਿਆਰ ਖਰੀਦਣ ਤੋਂ ਬਾਅਦ ਗਾਹਕ ਲੱਭਣ ਦੀ ਜ਼ਿੰਮੇਵਾਰੀ ਦਲਾਲਾਂ ਦੀ ਹੈ ਕਿਉਂਕਿ ਉਨ੍ਹਾਂ ਦੇ ਸੰਗਠਿਤ ਅਪਰਾਧੀਆਂ ਨਾਲ ਨਜ਼ਦੀਕੀ ਸਬੰਧ ਹੁੰਦੇ ਹਨ। ਦਲਾਲ ਗਾਹਕ ਨੂੰ ਸਿੱਧਾ ਜਾਂ ਪਾਂਡੀ ਰਾਹੀਂ ਹਥਿਆਰ ਪਹੁੰਚਾਉਂਦੇ ਹਨ। ਹਥਿਆਰ ਇਧਰੋਂ ਉਧਰ ਲੈ ਕੇ ਜਾਣ ਲਈ ਪਹਿਲਾਂ ਬੰਦਿਆਂ ਦੀ ਵਰਤੋਂ ਕੀਤੀ ਜਾਂਦੀ ਸੀ ਪਰ ਹੁਣ ਹਥਿਆਰ ਔਰਤਾਂ (ਪਾਂਡੀ) ਰਾਹੀਂ ਭੇਜੇ ਜਾਂਦੇ ਹਨ ਕਿਉਂਕਿ ਪੁਲਿਸ ਔਰਤਾਂ ’ਤੇ ਜ਼ਿਆਦਾ ਸ਼ੱਕ ਨਹੀਂ ਕਰਦੀ। ਗਾਹਕ ਤੋਂ ਪੈਸੇ ਐਡਵਾਂਸ ਵਿਚ ਹੀ ਖਾਤਿਆਂ ਵਿਚ ਪਵਾ ਲਏ ਜਾਂਦੇ ਹਨ। ਇਸ ਕੰਮ ਵਿਚ ਬਹੁਤ ਮੁਨਾਫਾ ਹੈ। ਕਾਰੀਗਰ ਨੂੰ ਵਧੀਆ ਕਿਸਮ ਦੇ ਪਿਸਤੌਲ ਦੇ ਪੰਦਰਾਂ-ਵੀਹ ਹਜ਼ਾਰ, ਪਾਂਡੀ ਨੂੰ ਇੱਕ ਗੇੜੇ ਦੇ ਪੰਜ ਤੋਂ ਦਸ ਹਜ਼ਾਰ ਤੇ ਦਲਾਲ ਨੂੰ ਵੀਹ-ਪੱਚੀ ਹਜ਼ਾਰ ਤੱਕ ਬਣ ਜਾਂਦੇ ਹਨ ਕਿਉਂਕਿ ਇੱਕ ਪਿਸਤੌਲ ਚਾਲੀ ਤੋਂ ਪੰਜਾਹ ਹਜ਼ਾਰ ਤੱਕ ਅਰਾਮ ਨਾਲ ਵਿਕ ਜਾਂਦਾ ਹੈ। ਦੇਸੀ ਕੱਟ ਦੀ ਕੀਮਤ 1000-1200 ਰੁਪਏ ਹੈ।

ਮਹਾਰਾਸ਼ਟਰ ਦੀ ਹੱਦ ’ਤੇ ਵੱਸੇ ਹੋਏ ਸਿਕਲੀਗਰਾਂ ਦੇ ਇਲਾਕੇ ਬੇਹੱਦ ਪੱਛੜੇ ਤੇ ਜੰਗਲਾਂ ਪਹਾੜਾਂ ਨਾਲ ਘਿਰੇ ਹੋਏ ਹਨ, ਜਿਸ ਕਾਰਨ ਪੁਲਿਸ ਦਾ ਇਥੇ ਪਹੁੰਚਣਾ ਬਹੁਤ ਮੁਸ਼ਕਿਲ ਹੈ। ਚੰਗਾ ਕਾਰੀਗਰ ਸਿਰਫ ਹਥੌੜੇ ਛੈਣੀ ਦੀ ਮਦਦ ਨਾਲ ਇੱਕ ਕੱਟਾ ਦੋ-ਤਿੰਨ ਦਿਨਾਂ ਵਿਚ ਤਿਆਰ ਕਰ ਲੈਂਦਾ ਹੈ। ਪਰ ਵਧੀਆ ਕਿਸਮ ਦੇ ਹਥਿਆਰ ਤਿਆਰ ਕਰਨ ਲਈ ਖਰਾਦ ਦੀ ਜ਼ਰੂਰਤ ਪੈਂਦੀ ਹੈ। ਅਜਿਹੀਆਂ ਵਰਕਸ਼ਾਪਾਂ ਦੂਰ-ਦਰੇਡੇ ਜੰਗਲਾਂ ਵਿਚ ਸਥਾਪਿਤ ਕੀਤੀਆਂ ਗਈਆਂ ਹਨ ਤੇ ਖਰਾਦ ਨੂੰ ਚਲਾਉਣ ਲਈ ਤਿੰਨ-ਚਾਰ ਵਰਕਸ਼ਾਪਾਂ ਵਾਲੇ ਮਿਲ ਕੇ ਸਾਈਲੈਂਟ ਜਨਰੇਟਰ ਖਰੀਦ ਲੈਂਦੇ ਹਨ, ਤਾਂ ਜੋ ਪੁਲਿਸ ਉਨ੍ਹਾਂ ਦੀ ਆਵਾਜ਼ ਨਾ ਸੁਣ ਸਕੇ। ਇਸ ਵਕਤ ਪੱਚੀ-ਤੀਹ ਹਜ਼ਾਰ ਸਿਕਲੀਗਰ ਕਾਰੀਗਰ ਇਸ ਕੰਮ ਵਿਚ ਲੱਗੇ ਹੋਏ ਹਨ ਤੇ ਇਹ ਇੱਕ ਕਿਸਮ ਦਾ ਘਰੇਲੂ ਉਦਯੋਗ ਬਣ ਗਿਆ ਹੈ। ਬਹੁਤਿਆਂ ਉੱਪਰ ਆਰਮਜ਼ ਐਕਟ ਦੇ 15, 15 - 20, 20 ਪਰਚੇ ਦਰਜ ਹਨ ਤੇ ਉਹ ਕਈ ਪੀੜ੍ਹੀਆਂ ਤੋਂ ਇਹ ਕੰਮ ਕਰ ਰਹੇ ਹਨ। ਇਸ ਇਲਾਕੇ ਵਿਚ ਕੋਈ ਵੱਡਾ ਉਦਯੋਗ ਨਹੀਂ ਹੈ ਤੇ ਜ਼ਮੀਨ ਪਥਰੀਲੀ ਅਤੇ ਬੰਜਰ ਕਿਸਮ ਦੀ ਹੈ, ਜਿਸ ਕਾਰਨ ਸਿਕਲੀਗਰ ਇਹ ਕੰਮ ਕਰਨ ਲਈ ਮਜਬੂਰ ਹਨ। ਇਥੇ ਇਹ ਵੀ ਵਰਨਣਯੋਗ ਹੈ ਕਿ ਜਦੋਂ ਕਿਸੇ ਵਿਗੜੇ ਬਦਮਾਸ਼ ਨੂੰ ਪੁਲਿਸ ਨੇ ਕਿਸੇ ਮੁਕੱਦਮੇ ਵਿਚ ਫਸਾਉਣਾ ਹੋਵੇ, ਤਾਂ ਉਸ ’ਤੇ ਫਿੱਟ ਕਰਨ ਵਾਲਾ ਹਥਿਆਰ ਵੀ ਸਿਕਲੀਗਰਾਂ ਤੋਂ ਹੀ ਲੈਂਦੀ ਹੈ।

ਪੁਲਿਸ ਵੱਲੋਂ ਇਸ ਇਲਾਕੇ ਵਿਚ ਲਗਾਤਾਰ ਰੇਡ ਕੀਤੇ ਜਾਂਦੇ ਹਨ। ਹੁਣ ਤੱਕ ਹਜ਼ਾਰਾਂ ਦੀ ਗਿਣਤੀ ਵਿਚ ਹਥਿਆਰ ਬਰਾਮਦ ਹੋਏ ਹਨ ਤੇ ਸੈਂਕੜੇ ਗ੍ਰਿਫਤਾਰੀਆਂ ਹੋ ਚੁੱਕੀਆਂ ਹਨ ਪਰ ਧੰਦਾ ਲਗਾਤਾਰ ਜਾਰੀ ਹੈ। ਜੇ ਪਿਤਾ ਪਕੜਿਆ ਜਾਂਦਾ ਹੈ, ਤਾਂ ਪੁੱਤਰ ਹਥਿਆਰ ਬਣਾਉਣੇ ਸ਼ੁਰੂ ਕਰ ਦੇਂਦਾ ਹੈ। 2023 ਵਿਚ ਮੱਧ ਪ੍ਰਦੇਸ਼ ਸਪੈਸ਼ਲ ਟਾਸਕ ਫੋਰਸ (ਐੱਸ.ਟੀ.ਐੱਫ) ਨੇ ਇੱਕ ਡੋਜ਼ੀਅਰ ਤਿਆਰ ਕੀਤਾ ਸੀ, ਜਿਸ ਦੇ ਮੁਤਾਬਕ ਮਾਉਵਾਦੀਆਂ ਸਮੇਤ ਸਿਕਲੀਗਰਾਂ ਦੇ ਹਥਿਆਰ ਭਾਰਤ ਦੇ 19 ਸੂਬਿਆਂ ਵਿਚ ਸਪਲਾਈ ਹੋ ਰਹੇ ਹਨ। ਇਸ ਡੋਜ਼ੀਅਰ ਵਿਚ ਹੀਰਾ ਸਿੰਘ, ਰਮੇਸ਼ ਸਿੰਘ ਅਤੇ ਕਿਸ਼ਨ ਸਿੰਘ ਵਰਗੇ ਉਸਤਾਦ ਕਾਰੀਗਰਾਂ ਸਮੇਤ ਅਜਿਹੇ 250 ਚੋਟੀ ਦੇ ਸਿਕਲੀਗਰਾਂ ਦੇ ਨਾਮ ਹਨ, ਜਿਨ੍ਹਾਂ ਦੁਆਰਾ ਬਣਾਏ ਗਏ ਸ਼ਾਨਦਾਰ ਰਿਵਾਲਵਰ, ਸੈਮੀ ਆਟੋਮੈਟਿਕ ਪਿਸਟਲ ਤੇ ਕਾਰਬਾਈਨਾਂ ਉੱਤਰ ਪ੍ਰਦੇਸ਼, ਰਾਜਸਥਾਨ, ਹਰਿਆਣਾ, ਦਿੱਲੀ, ਬਿਹਾਰ, ਮਹਾਰਾਸ਼ਟਰ ਅਤੇ ਪੰਜਾਬ ਦੇ ਗੈਂਗਸਟਰ ਕਿਸੇ ਵੀ ਕੀਮਤ ’ਤੇ ਲੈ ਲੈਂਦੇ ਹਨ। ਖਰੀਦਾਰ ਦੀ ਮੰਗ ’ਤੇ ਹਥਿਆਰ ’ਤੇ ਮੇਡ ਇੰਨ ਇੰਗਲੈਂਡ ਅਤੇ ਮੇਡ ਇੰਨ ਚਾਈਨਾ ਦੇ ਠੱਪੇ ਵੀ ਲਗਾ ਦਿੱਤੇ ਜਾਂਦੇ ਹਨ।

ਪਿਛਲੇ ਸਮੇਂ ਵਿਚ ਸਿਕਲੀਗਰਾਂ ਦੁਆਰਾ ਤਿਆਰ ਕੀਤੇ ਗਏ ਹਥਿਆਰ ਕਈ ਸਨਸਨੀਖੇਜ਼ ਵਾਰਦਾਤਾਂ ਵਿਚ ਵਰਤੇ ਜਾ ਚੁੱਕੇ ਹਨ। 2009 ਵਿਚ ਯੂ.ਪੀ. ਦੀ ਐੱਸ.ਟੀ.ਐੱਫ. ਨੇ ਦਾਊਦ ਇਬਰਾਹੀਮ ਦਾ ਇੱਕ ਸ਼ੂਟਰ ਆਲਮਜ਼ੇਬ ਗ੍ਰਿਫਤਾਰ ਕੀਤਾ ਸੀ, ਜਿਸ ਨੂੰ ਉਸ ਸਮੇਂ ਦੇ ਬੀ.ਜੇ.ਪੀ. ਐੱਮ.ਪੀ. ਵਰੁਣ ਗਾਂਧੀ ਦੀ ਹੱਤਿਆ ਦੀ ਸੁਪਾਰੀ ਦਿੱਤੀ ਗਈ ਸੀ। ਇੰਟੈਰੋਗੇਸ਼ਨ ਸਮੇਂ ਉਸ ਨੇ ਦੱਸਿਆ ਸੀ ਕਿ ਵਾਰਦਾਤ ਲਈ ਪਿਸਤੌਲ ਉਸ ਨੇ ਮਥੁਰਾ ਦੇ ਇੱਕ ਦਲਾਲ ਰਾਹੀਂ ਮੱਧ ਪ੍ਰਦੇਸ਼ ਦੇ ਬਰਵਾਨੀ ਜ਼ਿਲ੍ਹੇ ਦੇ ਇੱਕ ਸਿਕਲੀਗਰ ਤੋਂ ਖਰੀਦਿਆ ਸੀ। ਉਸੇ ਸਾਲ ਪਾਬੰਦੀਸ਼ੁਦਾ ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ ਇੰਡੀਆ (ਸਿਮੀ) ਦੇ ਮੈਂਬਰ ਇਸ਼ਤਿਆਕ ਅਹਿਮਦ ਨੇ ਮੱਧ ਪ੍ਰਦੇਸ਼ ਐਂਟੀ ਟੈਰੇਰਿਸਟ ਸਕੁਐਡ (ਏ.ਟੀ.ਐੱਸ) ਦੇ ਕਾਂਸਟੇਬਲ ਸੀਤਾ ਰਾਮ ਯਾਦਵ ਦੀ ਹੱਤਿਆ ਲਈ ਵਰਤਿਆ ਪਿਸਤੌਲ ਬੁਰਹਾਨਪੁਰ ਦੇ ਕਿਸੇ ਸਿਕਲੀਗਰ ਤੋਂ ਖਰੀਦਿਆ ਸੀ। 2008 ਦੇ ਅਹਿਮਦਾਬਾਦ ਸੀਰੀਅਲ ਬੰਬ ਧਮਾਕਿਆਂ ਦੇ ਮੁਲਜ਼ਮਾਂ ਅਤੇ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਦੋਸ਼ੀ ਗੈਂਗਸਟਰ ਸੰਤੋਸ਼ ਯਾਦਵ ਨੇ ਵੀ ਹਥਿਆਰ ਬਰਵਾਨੀ ਜ਼ਿਲ੍ਹੇ ਦੇ ਸਿਕਲੀਗਰਾਂ ਤੋਂ ਹੀ ਖਰੀਦੇ ਸਨ।

ਇਸ ਸਾਲ ਜਨਵਰੀ ਮਹੀਨੇ ਵਿਚ ਕੁਝ ਖੋਜੀ ਪੱਤਰਕਾਰਾਂ ਨੇ ਇਸ ਇਲਾਕੇ ਦਾ ਦੌਰਾ ਕੀਤਾ, ਤਾਂ ਪਤਾ ਚੱਲਿਆ ਕਿ ਇੰਦੌਰ ਤੋਂ ਕਰੀਬ 150 ਕਿ.ਮੀ. ਦੂਰ ਵੱਸਿਆ ਉਮੈਰਤੀ ਪਿੰਡ ਨਾਜਾਇਜ਼ ਅਸਲਾ ਬਣਾਉਣ ਅਤੇ ਵੇਚਣ ਲਈ ਸਭ ਤੋਂ ਵੱਡੀ ਮੰਡੀ ਵਜੋਂ ਉੱਭਰਿਆ ਹੈ। ਇਸ ਦਾ ਕਾਰਨ ਇਹ ਹੈ ਕਿ ਇਹ ਪਿੰਡ ਅਨੀਆਰ ਨਦੀ ਦੇ ਕਿਨਾਰੇ ਮਹਾਰਾਸ਼ਟਰ ਦੀ ਸਰਹੱਦ ’ਤੇ ਵੱਸਿਆ ਹੋਇਆ ਹੈ। ਜਦੋਂ ਪੁਲਿਸ ਦੀ ਰੇਡ ਹੁੰਦੀ ਹੈ, ਤਾਂ ਅਸਲੇ ਦੇ ਕਾਰੋਬਾਰੀ ਆਰਾਮ ਨਾਲ ਦਰਿਆ ਪਾਰ ਕਰਕੇ ਮਹਾਰਾਸ਼ਟਰ ਪਹੁੰਚ ਜਾਂਦੇ ਹਨ। ਕਈ ਵਾਰ ਪੁਲਿਸ ਨੂੰ ਸਖਤ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਦੋ-ਤਿੰਨ ਵਾਰ ਉਨ੍ਹਾਂ ਦੀ ਪਿਟਾਈ ਵੀ ਹੋ ਚੁੱਕੀ ਹੈ। ਕਈ ਵਾਰ ਤਾਂ ਸਕਿਉਰਟੀ ਜਮ੍ਹਾ ਕਰਵਾ ਕੇ ਹਥਿਆਰ ਕਿਰਾਏ ’ਤੇ ਵੀ ਦੇ ਦਿੱਤੇ ਜਾਂਦੇ ਹਨ। ਇਥੋਂ ਦੇ ਕਾਰੀਗਰ ਹਥਿਆਰ ਮਹਾਰਾਸ਼ਟਰ ਦੇ ਧੂਲੇ ਸ਼ਹਿਰ ਦੇ ਦਲਾਲਾਂ ਕੋਲ ਪਹੁੰਚਾ ਦਿੰਦੇ ਹਨ, ਜਿੱਥੋਂ ਅੱਗੇ ਭਾਰਤ ਦੇ ਵੱਖ-ਵੱਖ ਕੋਨਿਆਂ ਵਿਚ ਸਪਲਾਈ ਕਰ ਦਿੱਤੀ ਜਾਂਦੀ ਹੈ। ਮੱਧ ਪ੍ਰਦੇਸ਼ ਦੀ ਪੁਲਿਸ ਇਨ੍ਹਾਂ ’ਤੇ ਰੇਡ ਕਰਕੇ ਹਥਿਆਰ ਬਰਾਮਦ ਕਰਦੀ ਰਹਿੰਦੀ ਹੈ, ਜੋ ਕੁੱਲ ਉਤਪਾਦ ਦਾ 2% ਤੋਂ ਵੱਧ ਨਹੀਂ ਹੈ।

ਪੱਤਰਕਾਰਾਂ ਨੇ ਸਿਕਲੀਗਰ ਸਮਾਜ ਦੇ ਨੈਸ਼ਨਲ ਪ੍ਰਧਾਨ ਮਗਨ ਸਿੰਘ ਭਾਟੀਆ ਨਾਲ ਗੱਲ ਕੀਤੀ, ਤਾਂ ਉਸ ਨੇ ਦੱਸਿਆ ਕਿ ਸਿਰਫ 10-12% ਲੋਕਾਂ ਦੇ ਕਾਰਨ ਹੀ ਸਾਰੇ ਸਮਾਜ ਦੀ ਬਦਨਾਮੀ ਹੋ ਰਹੀ ਹੈ। ਉਸ ਨੇ ਦੱਸਿਆ ਕਿ ਜੇ ਸਰਕਾਰ ਇਸ ਇਲਾਕੇ ਵਿਚ ਸੜਕਾਂ, ਬਿਜਲੀ ਅਤੇ ਪਾਣੀ ਵਰਗੀਆਂ ਬੁਨਿਆਦੀ ਸਹੂਲਤਾਂ ਪ੍ਰਦਾਨ ਕਰ ਦੇਵੇ ਤੇ ਉਦਯੋਗੀਕਰਨ ਕਰਕੇ ਨੌਕਰੀਆਂ ਦਾ ਪ੍ਰਬੰਧ ਕਰੇ, ਤਾਂ ਇਹ ਲੋਕ ਵੀ ਮੁੱਖ ਧਾਰਾ ਵਿਚ ਸ਼ਾਮਲ ਹੋ ਸਕਦੇ ਹਨ। ਉਸ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਜੇ ਇਸ ਇਲਾਕੇ ਵਿਚ ਸਰਕਾਰੀ ਅਸਲ੍ਹਾ ਫੈਕਟਰੀਆਂ ਸਥਾਪਿਤ ਕੀਤੀਆਂ ਜਾਣ, ਤਾਂ ਨਾਜਾਇਜ਼ ਧੰਦਿਆਂ ਵਿਚ ਲਿਪਤ ਵਿਅਕਤੀਆਂ ਦੀ ਕੁਸ਼ਲਤਾ ਦਾ ਲਾਭ ਉਠਾਇਆ ਜਾ ਸਕਦਾ ਹੈ।

ਬਿਹਾਰ ਤੇ ਯੂ.ਪੀ. ਦੇ ਬਣੇ ਪਿਸਤੌਲਾਂ ਵਿਚ ਗਰਮ ਹੋਣਾ, ਗੋਲੀ ਫਸਣਾ, ਮਿੱਸ ਫਾਇਰ ਅਤੇ ਨਾਲੀ ਫਟਣਾ ਆਮ ਜਿਹੀ ਗੱਲ ਸੀ। ਪਰ ਮੱਧ ਪ੍ਰਦੇਸ਼ ਦੇ ਪਿਸਤੌਲਾਂ ਵਿਚ ਅਜਿਹੀ ਕੋਈ ਮੁਸ਼ਕਿਲ ਪੇਸ਼ ਨਹੀਂ ਆਉਂਦੀ। ਉਹ ਚੱਲਣ ਵਿਚ ਆਸਾਨ ਹਨ ਅਤੇ ਵਧੀਆ ਕਿਸਮ ਦੀ ਸਮੱਗਰੀ ਨਾਲ ਤਿਆਰ ਕੀਤੇ ਜਾਂਦੇ ਹਨ, ਜੋ ਅਸਾਨੀ ਨਾਲ ਕਬਾੜੀਆਂ ਅਤੇ ਸਪੇਅਰ ਪਾਰਟਸ ਦੀਆਂ ਦੁਕਾਨਾਂ ’ਤੇ ਮੁਹੱਈਆ ਹੈ। ਰੇਲਵੇ ਦੀ ਕੰਡਮ ਪਟੜੀ, ਬੱਸਾਂ ਟਰੱਕਾਂ ਦੇ ਇੰਜਣਾਂ ਦੀ ਕਰੈਂਕ ਸ਼ਾਫਟ ਅਤੇ ਕਮਾਨੀਆਂ ਵਰਗੇ ਮਜ਼ਬੂਤ ਅਤੇ ਲਚਕਦਾਰ ਇਸਪਾਤ ਤੋਂ ਤਿਆਰ ਕੀਤੇ ਗਏ ਇਹ ਪਿਸਤੌਲ ਬਹੁਤ ਹੀ ਕਾਰਗਰ ਹਨ। ਕਾਰੀਗਰਾਂ ਤੋਂ ਹਥਿਆਰ ਖਰੀਦਣ ਤੋਂ ਬਾਅਦ ਗਾਹਕ ਲੱਭਣ ਦੀ ਜ਼ਿੰਮੇਵਾਰੀ ਦਲਾਲਾਂ ਦੀ ਹੈ ਕਿਉਂਕਿ ਉਨ੍ਹਾਂ ਦੇ ਸੰਗਠਿਤ ਅਪਰਾਧੀਆਂ ਨਾਲ ਨਜ਼ਦੀਕੀ ਸਬੰਧ ਹੁੰਦੇ ਹਨ।



# ਲੋੜ ਹੈ ਅੱਜ ਬਾਬਾ ਨਾਨਕ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ

-ਸੰਜੀਵ ਸਿੰਘ ਸੈਣੀ
ਮੋਹਾਲੀ
78889-66168
ਪੰਜਾਬ ਮੇਲUSA



ਕੱਤਕ ਦੀ ਪੂਰਨਮਾਸ਼ੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪਵਿੱਤਰ ਪ੍ਰਕਾਸ਼ ਪੂਰਬ ਸਾਰੀ ਹੀ ਕਾਇਨਾਤ ਵਿਚ ਬਹੁਤ ਹੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਹੋਏ ਹਨ। ਗੁਰੂ ਨਾਨਕ ਦੇਵ ਜੀ ਨੂੰ ਬਾਬਾ ਨਾਨਕ, ਗੁਰੂ ਨਾਨਕ, ਨਾਨਕ ਪੀਰ, ਨਾਨਕ ਰਿਸ਼ੀ ਜੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਸਵੇਰੇ-ਸਵੇਰੇ ਪ੍ਰਭਾਤ ਫੇਰੀਆਂ ਕੱਢੀਆਂ ਜਾਂਦੀਆਂ ਹਨ। ਸੰਗਤ ਬਹੁਤ ਹੀ ਉਤਸ਼ਾਹ ਨਾਲ ਪ੍ਰਭਾਤ ਫੇਰੀਆਂ ਵਿਚ ਸ਼ਿਰਕਤ ਕਰਦੀ ਹੈ। ਹਰ ਰੋਜ਼ ਸ਼ਰਧਾਲੂਆਂ ਰਾਹੀਂ ਆਪਣੇ ਘਰ ਪ੍ਰਭਾਤ ਫੇਰੀ ਬੁਲਾਈ ਜਾਂਦੀ ਹੈ। ਅਖੰਡ ਸਾਹਿਬ ਦੇ ਭੋਗ ਪਾਏ ਜਾਂਦੇ ਹਨ। ਪਿਤਾ ਮਹਿਤਾ ਕਾਲੂ ਨੇ ਗੁਰੂ ਨਾਨਕ ਦੇਵ ਜੀ ਨੂੰ ਵੀਹ ਰੁਪਏ ਦੇ ਕੇ ਵਣਜ ਕਰਨ ਲਈ ਭੇਜਿਆ। ਰਸਤੇ ਵਿਚ ਹੀ ਭੁੱਖੇ ਸਾਧੂਆਂ ਨੂੰ ਹੀ ਵੀਹ ਰੁਪਏ ਦਾ ਲੰਗਰ ਛਕਾ ਦਿੱਤਾ। ਸੁੱਚੇ ਵਣਜ ਵਿਚ ਕਿੰਨੀ ਬਰਕਤ ਸੀ ਕਿ ਗੁਰੂ ਕਾ ਲੰਗਰ ਅੱਜ ਵੀ ਅਟੁੱਟ ਵਰਤਦਾ ਹੈ। ਕਿਤੇ ਵੀ ਗੁਰੂ ਘਰ ਚਲੇ ਜਾਉ, ਗੁਰੂ ਲੰਗਰ ਹਮੇਸ਼ਾ ਹੀ ਅਟੁੱਟ ਵਰਤਦਾ ਹੈ। ਬਾਣੀ ਰਚਦਿਆਂ ਬਾਬਾ ਨਾਨਕ ਨੇ ਕਦੇ ਵੀ ਨੁਕਸਾਨ ਬਾਰੇ ਨਹੀਂ ਸੀ ਸੋਚਿਆ। ਆਪ ਨੇ ਕਿੰਨੇ ਹੀ ਪਾਪੀ ਪਖੰਡੀਆਂ ਦਾ ਜੀਵਨ ਉਤਾਰ ਦਿੱਤਾ। ਆਪ ਦੀ ਪਤਨੀ ਸੁਲੱਖਣੀ ਸੀ ਤੇ ਆਪ ਦੇ ਦੋ ਬੱਚੇ ਸ਼੍ਰੀ ਚੰਦ ਤੇ ਲਖਮੀ ਦਾਸ ਸਨ। ਗੁਰੂ ਨਾਨਕ ਦੇਵ ਜੀ ਨੇ ਦੂਰ-ਦਰਾਜ ਤੱਕ ਲੋਕਾਂ ਨੂੰ ਰੱਬ ਦਾ ਸੁਨੇਹਾ ਦਿੱਤਾ। ਜਿੱਧਰ ਨੂੰ ਵੀ ਗੁਰੂ ਨਾਨਕ ਦੇਵ ਜੀ ਜਾਂਦੇ ਸਨ, ਕਾਫ਼ਲਾ ਉਨ੍ਹਾਂ ਦੇ ਪਿੱਛੇ ਚਲਾ ਜਾਂਦਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆਵਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹਨ। ਅੱਜ ਲੋੜ ਹੈ ਸਾਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ। ਗੁਰੂ ਨਾਨਕ ਦੇਵ ਜੀ ਦਾ ਫ਼ਲਸਫ਼ਾ ਸੀ 'ਨਾਮ ਜਪੋ, ਕਿਰਤ ਕਰੋ, ਅਤੇ ਵੰਡ ਛਕੋ'।

ਆਪਣੇ ਅੰਦਰ ਝਾਤੀ ਮਾਰ ਕੇ ਦੇਖੀਏ ਕਿ ਅੱਜ ਅਸੀਂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ 'ਤੇ ਚੱਲ ਰਹੇ ਹਾਂ? ਅੱਜ ਇਕ ਦੂਜੇ ਪ੍ਰਤੀ ਈਰਖਾ, ਵੈਰ, ਨਫ਼ਰਤ ਦਾ ਬਹੁਤ ਜ਼ਿਆਦਾ ਬੋਲ-ਬਾਲਾ ਹੈ। ਆਪਸੀ ਪਿਆਰ ਖ਼ਤਮ ਹੋ ਗਿਆ। ਪੈਸੇ ਦੀ ਲਾਲਸਾ ਕਾਰਨ ਅਜੋਕਾ ਇਨਸਾਨ, ਇਨਸਾਨ ਦਾ ਦੁਸ਼ਮਣ ਬਣ ਗਿਆ ਹੈ। ਨਿੱਜੀ ਸੁਆਰਥਾਂ ਲਈ ਕੁਦਰਤ ਨਾਲ ਛੇੜਛਾੜ ਕਰ ਰਿਹਾ ਹੈ। ਘਰ ਵਿਚ ਬਜ਼ੁਰਗਾਂ ਦਾ ਸਤਿਕਾਰ ਘੱਟ ਗਿਆ ਹੈ। ਬੱਚਿਆਂ ਹੱਥੋਂ ਬਜ਼ੁਰਗਾਂ ਦਾ ਕਤਲ ਹੋ ਰਿਹਾ ਹੈ। ਕੁਦਰਤ ਹੀ ਰੱਬ ਹੈ। ਆਪਣੇ ਸੁਆਦ ਖ਼ਾਤਰ ਜੀਵ-ਜੰਤੂਆਂ ਨੂੰ ਵੀ ਨਹੀਂ ਛੱਡਿਆ ਜਾ ਰਿਹਾ ਹੈ। ਦਰਿਆਵੀ ਜੀਵ ਵੀ ਪ੍ਰਭਾਵਿਤ ਹੋ ਰਹੇ ਹਨ। ਪੈਸੇ ਦੀ ਹੋੜ ਇੰਨੀ ਜ਼ਿਆਦਾ ਲੱਗ ਗਈ ਹੈ ਕਿ ਭਰਾ ਹੱਥੋਂ ਭਰਾ ਦਾ ਕਤਲ ਹੋ ਰਿਹਾ ਹੈ। ਇਕ ਦੂਜੇ ਦਾ ਸਨਮਾਨ ਨਹੀਂ ਕੀਤਾ ਜਾ ਰਿਹਾ ਹੈ। ਸਮੇਂ-ਸਮੇਂ ਸਿਰ ਇਨਸਾਨ ਨੇ ਇਸ ਦਾ ਖਮਿਆਜ਼ਾ ਵੀ ਭੁਗਤਿਆ ਹੈ। ਫਿਰ ਵੀ ਇਨਸਾਨ ਨਹੀਂ ਸੁਧਰਿਆ। ਕੁਦਰਤ ਮਨੁੱਖ ਨੂੰ ਲਗਾਤਾਰ ਇਸ਼ਾਰੇ ਤਾਂ ਕਰ ਰਹੀ ਹੈ। ਬਲਾਤਕਾਰ ਦੀਆਂ ਕਿੰਨੀਆਂ ਹੀ ਵਾਰਦਾਤਾਂ ਹੋ ਰਹੀਆਂ ਹਨ। ਦਰਿੰਦਿਆਂ ਵੱਲੋਂ ਨਿੱਕੀਆਂ-ਨਿੱਕੀਆਂ ਬਾਲੜੀਆਂ ਨੂੰ ਵੀ ਨਹੀਂ ਬਖਸ਼ਿਆ ਜਾ ਰਿਹਾ। ਭ੍ਰਿਸ਼ਟਾਚਾਰ ਦਾ ਬਹੁਤ ਬੋਲਬਾਲਾ ਹੈ। ਲੋਕਾਂ ਦੀ ਪ੍ਰਾਪਰਟੀਆਂ, ਜ਼ਮੀਨਾਂ 'ਤੇ ਕਬਜ਼ੇ ਕਰੀ ਬੈਠੇ ਹਨ। ਦਿਨ ਪ੍ਰਤੀ ਦਿਨ ਪ੍ਰਦੂਸ਼ਣ ਵੱਧ ਗਿਆ ਹੈ। ਕੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਇਹੀ ਕੰਮ ਕਰਨ ਲਈ ਧਰਤੀ ਤੇ ਭੇਜਿਆ ਸੀ?

ਅੱਜ ਸਾਨੂੰ ਲੋੜ ਹੈ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਹੋਏ ਸਾਫ-ਸੁਥਰੇ ਮਾਰਗ 'ਤੇ ਚੱਲਣ ਦੀ। ਅੱਜ ਜੇ ਅਸੀਂ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਹੋਏ ਮਾਰਗ 'ਤੇ ਚੱਲਦੇ ਹਾਂ, ਤਾਂ ਔਕੜਾਂ ਤਾਂ ਬਹੁਤ ਆਉਣਗੀਆਂ। ਪਰ ਇਹ ਮਾਰਗ ਬਹੁਤ ਸਾਫ਼-ਸੁਥਰਾ ਹੋਏਗਾ। ਆਉ ਅੱਜ ਪਵਿੱਤਰ ਦਿਹਾੜੇ 'ਤੇ ਪ੍ਰਣ ਕਰੀਏ ਕਿ ਅਸੀਂ ਭ੍ਰਿਸ਼ਟਾਚਾਰ ਮੁਕਤ, ਪ੍ਰਦੂਸ਼ਣ ਮੁਕਤ ਵਾਤਾਵਰਨ ਸਿਰਜੀਏ। ਆਪਣੇ ਮਾਂ-ਪਿਓ ਦੀ ਕਦਰ ਕਰੀਏ। ਕਦੇ ਵੀ ਕਿਸੇ ਦਾ ਹੱਕ ਨਾ ਮਾਰੀਏ। ਲੋੜਵੰਦ ਦੀ ਮਦਦ ਕਰੀਏ।



# ਟਰੰਪ ਚੋਣ ਮਾਡਲ, ਲੋਕਤੰਤਰ ਲਈ ਵੱਡਾ ਝਟਕਾ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲUSA





ਨਸਲਵਾਦੀ, ਵੱਖਵਾਦੀ, ਅਪਮਾਨਜਨਕ, ਔਰਤ ਵਿਰੋਧੀ ਬੋਲਾਂ-ਕਬੋਲਾਂ ਦੀ, ਸਭ ਤੋਂ ਪੁਰਾਣੇ ਲੋਕਤੰਤਰ ਅਮਰੀਕਾ ਵਿਚ, ਵੱਡੀ ਗਿਣਤੀ ਅਮਰੀਕਨਾਂ ਨੇ ਪ੍ਰਵਾਹ ਨਹੀਂ ਕੀਤੀ। ਕੁਬੋਲ ਬੋਲਣ ਵਾਲੇ ਭਾਰਤੀ ਨੇਤਾ ਨਰੇਂਦਰ ਮੋਦੀ ਵਰਗੇ, ਡੋਨਲਡ ਟਰੰਪ ਨੂੰ ਦੇਸ਼ ਦੀਆਂ ਚੋਣਾਂ 'ਚ ਵੱਡੀ ਜਿੱਤ ਦੁਆ ਦਿੱਤੀ।

ਰਿਪਬਲਿਕ ਪਾਰਟੀ ਦੇ ਸ਼ਕਤੀਸ਼ਾਲੀ ਨੇਤਾ ਟਰੰਪ ਨੇ, ਡੈਮੋਕਰੇਟਿਕ ਪਾਰਟੀ ਦੀ ਕਮਲਾ ਹੈਰਿਸ ਨੂੰ 226 ਇਲੈਕਟੋਰਲ ਵੋਟਾਂ ਦੇ ਮੁਕਾਬਲੇ 295 ਇਲੈਕਟੋਰਲ ਵੋਟਾਂ ਨਾਲ ਹਰਾਕੇ ਜਿੱਤ ਪ੍ਰਾਪਤ ਕੀਤੀ ਹੈ। ਅਮਰੀਕਨ ਪਿਛਲੇ ਸਮੇਂ ਤੋਂ ਦੇਸ਼ ਦੀ ਮੁਦਰਾ ਸਫ਼ੀਤੀ, ਪ੍ਰਵਾਸ ਅਤੇ ਵੱਧ ਰਹੇ ਅਪਰਾਧ ਵਰਗੇ ਮੁੱਦਿਆਂ ਨੂੰ ਲੈ ਕੇ ਬਹੁਤ ਚਿੰਤਤ ਸਨ। ਚੋਣ ਜਿੱਤਣ ਉਪਰੰਤ 'ਟਰੰਪ' ਨੇ ਕਿਹਾ, "ਇਹ ਅਮਰੀਕਾ ਵਾਸੀਆਂ ਲਈ ਸੁਨਿਹਰੀ ਯੁੱਗ ਦੀ ਸ਼ੁਰੂਆਤ ਹੈ।" ਕੀ ਇਹ ਸਚਮੁੱਚ ਇਵੇਂ ਹੋਵੇਗਾ?

ਇੱਕ ਗੱਲ ਹੋਰ ਵੇਖਣ-ਪਰਖਣ ਵਾਲੀ ਹੈ ਕਿ ਅਮਰੀਕਾ ਦੇ ਇਤਿਹਾਸ ਵਿਚ ਕੋਈ ਔਰਤ ਰਾਸ਼ਟਰਪਤੀ ਬਨਣ ਦੀ ਇਤਿਹਾਸਕ ਪ੍ਰਕਿਰਿਆ ਅਮਰੀਕਨਾਂ ਨੇ ਪੂਰੀ ਨਹੀਂ ਹੋਣ ਦਿੱਤੀ, ਜਿਸਦੀ ਆਸ ਚੋਣਾਂ ਦੌਰਾਨ ਬੱਝਦੀ ਸੀ, ਜਦੋਂ ਬਹੁਤੇ ਚੋਣ ਸਰਵੇਖਣਾਂ 'ਚ ਜਾਪਦਾ ਸੀ ਕਿ ਕਮਲਾ ਹੈਰਿਸ ਦਾ ਪੱਲੜਾ ਭਾਰੀ ਹੈ। ਟਰੰਪ ਨੇ ਤਿੰਨ ਵਾਰ ਅਮਰੀਕਨ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜੀ, ਇੱਕ ਵਾਰ ਹਾਰੇ ਅਤੇ ਦੋ ਵਾਰ ਉਨ੍ਹਾਂ ਆਪਣੇ ਵਿਰੋਧੀ ਡੈਮੋਕ੍ਰੇਟਿਕ ਔਰਤ ਉਮੀਦਵਾਰਾਂ ਨੂੰ ਮਾਤ ਦਿੱਤੀ। ਪਹਿਲੀ ਵਾਰ ਉਨ੍ਹਾਂ ਨੇ ਡੈਮੋਕ੍ਰੇਟਿਕ ਉਮੀਦਵਾਰ ਹਿਲੈਰੀ ਕਲਿੰਟਨ ਨੂੰ ਸਾਲ 2016 ਵਿਚ ਹਰਾਇਆ ਸੀ।

ਇਸ ਚੋਣ 'ਚ ਰਿਪਬਲਿਕਨ ਪਾਰਟੀ ਦੀ ਇੱਕ ਵਿਆਪਕ ਅਤੇ ਜ਼ਬਰਦਸਤ ਜਿੱਤ ਹੋਈ ਹੈ। ਉਨ੍ਹਾਂ ਸੱਤ ਸਵਿੰਗ ਸਟੇਟਾਂ ਵਿਚ ਵੀ ਟਰੰਪ ਬਾਜ਼ੀ ਮਾਰ ਗਿਆ, ਜਿਹੜੇ ਰਿਪਬਲਿਕਾਂ ਨੂੰ ਪਹਿਲਾਂ ਜਿਤਾਉਂਦੇ ਰਹੇ ਹਨ। ਐਰੀਜ਼ੋਨਾ, ਪੈਨਸਿਲਵੇਨੀਆ, ਨੇਵਾਡਾ, ਉੱਤਰੀ ਕੈਰੋਲੀਨਾ, ਜਾਰਜੀਆ, ਮਿਸ਼ੀਗਨ ਅਤੇ ਵਿਸਕਾਨਸਿਨ ਵਰਗੀਆਂ ਰਿਪਬਲਿਕਾਂ ਦੀਆਂ ਪੱਕੀਆਂ ਸਟੇਟਾਂ ਵੀ ਡੈਮੋਕਰੇਟਾਂ ਨੇ ਖੋਹ ਲਈਆਂ। ਰੂੜੀਵਾਦੀ ਅਮਰੀਕਨ ਸਮੁੱਚੇ ਤੌਰ 'ਤੇ ਟਰੰਪ ਦੇ ਹੱਕ 'ਚ ਭੁਗਤੇ। ਬਹੁਗਿਣਤੀ ਪੁਰਸ਼ ਵੋਟਰ ਟਰੰਪ ਦੇ ਹੱਕ 'ਚ ਭੁਗਤੇ। ਹਾਲਾਂਕਿ ਉਨ੍ਹਾਂ ਨੇ ਚੋਣ ਮੁਹਿੰਮ ਦੌਰਾਨ ਅਸ਼ਲੀਲ, ਬੇਹੂਦਾ, ਅਸਭਿਆ ਭਾਸ਼ਾ ਦੀ ਵਰਤੋਂ ਕੀਤੀ।

ਫਿਰ ਵੀ ਉਨ੍ਹਾਂ ਨੂੰ 18-19 ਸਾਲ ਦੇ ਵੋਟਰਾਂ ਨੇ ਪਸੰਦ ਕੀਤਾ। ਕੰਮਕਾਜੀ ਲੋਕ ਟਰੰਪ ਦੇ ਹੱਕ 'ਚ ਭੁਗਤੇ। ਘੱਟ ਪੜ੍ਹੇ-ਲਿਖੇ ਅਮਰੀਕਨ ਨੂੰ ਟਰੰਪ ਪਸੰਦ ਆਏ। ਅਮਰੀਕਾ ਵਸਦੇ ਮੈਕਸੀਕਨ, ਕਿਊਬਾ ਮੂਲ ਦੇ ਵਾਸੀ ਮੁੱਖ ਰੂਪ ਵਿਚ ਲਿੰਗ ਅਤੇ ਰੰਗ ਦੇ ਕਾਰਨ ਕਮਲਾ ਹੈਰਿਸ ਦੇ ਵਿਰੁੱਧ ਭੁਗਤੇ। ਅਮਰੀਕਾ ਦੇ ਚੁਣੇ ਗਏ ਆਪਣੇ ਗੂੜ੍ਹੇ ਮਿੱਤਰ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਧਾਈ ਦਿੱਤੀ। ਸ਼ਾਇਦ ਆਪਣੇ ਵਰਗੇ ਟਰੰਪ ਦੀ ਜਿੱਤ, ਉਨ੍ਹਾਂ ਨੂੰ ਆਪਣੀ ਜਿੱਤ ਵਰਗੀ ਲੱਗੀ ਹੋਵੇ।

78 ਸਾਲਾ ਟਰੰਪ ਅਮਰੀਕਾ ਦੇ ਪਹਿਲੇ ਇਹੋ ਜਿਹੇ ਰਾਸ਼ਟਰਪਤੀ ਹਨ, ਜਿਨ੍ਹਾਂ ਨੂੰ 30 ਮਈ 2024 ਨੂੰ ਇੱਕ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ। ਨਿਊਯਾਰਕ ਦੀ ਜਿਊਰੀ ਨੇ ਉਨ੍ਹਾਂ ਨੂੰ ਬਾਲਗ ਫ਼ਿਲਮ ਸਟਾਰ ਸਟੈਫਨੀ ਰੋਹਲ, ਜਿਸਨੂੰ ਸਟੋਰਮੀ ਡੈਨੀਅਲ ਵੀ ਕਿਹਾ ਜਾਂਦਾ ਹੈ, ਨੂੰ ਪੈਸੇ ਦੀ ਅਦਾਇਗੀ ਤੇ ਕਾਰੋਬਾਰੀ ਰਿਕਾਰਡਾਂ ਨੂੰ ਝੂਠਾ ਬਣਾਉਣ ਤੇ 34 ਸੰਗੀਨ ਦੋਸ਼ਾਂ 'ਤੇ ਦੋਸ਼ੀ ਠਹਿਰਾਇਆ ਗਿਆ ਸੀ।

ਉਨ੍ਹਾਂ ਨੂੰ ਜੀਨ ਕੋਰੇਲ ਦੇ ਜਿਨਸੀ ਸੋਸ਼ਣ 'ਤੇ ਬਦਨਾਮ ਕਰਨ ਵਾਲੇ ਮੁਕੱਦਮੇ ਅਤੇ ਨਿਊਯਾਰਕ 'ਚ ਵਪਾਰਕ ਧੋਖਾਧੜੀ ਦੇ ਦੋਸ਼ ਲਗਾਉਣ ਵਾਲੇ ਦੋ ਸਿਵਲ ਮੁਕੱਦਮਿਆਂ ਵਿਚ ਦੋਸ਼ੀ ਪਾਇਆ ਗਿਆ। ਯਾਦ ਰਹੇ, ਟਰੰਪ ਅਮਰੀਕਾ ਦੇ ਵੱਡੇ ਕਾਰੋਬਾਰੀ ਰਹੇ ਹਨ, ਜੋ ਪਿਛਲੀ ਵਾਰ ਡੈਮੋਕ੍ਰੇਟਿਕ ਉਮੀਦਵਾਰ ਜੋਅ ਬਾਇਡਨ ਤੋਂ ਚੋਣ ਹਾਰ ਗਏ ਸਨ।

ਜਿਵੇਂ ਭਾਰਤ 'ਚ ਹਿੰਦੂ, ਹਿੰਦੋਸਤਾਨ ਦੇ ਮੁੱਦੇ 'ਤੇ ਮੋਦੀ ਨੇ ਇਸ ਵਾਰ ਚੋਣ ਲੜੀ, ਇਸੇ ਤਰ੍ਹਾਂ ਟਰੰਪ ਨੇ ਈਸਾਈ ਤੇ ਅਮਰੀਕਾ ਮੁੱਦੇ ਨੂੰ ਉਭਾਰਿਆ। ਅਮਰੀਕਾ ਦੇ ਸਫ਼ੈਦ ਰੰਗ ਦੇ ਈਸਾਈ ਅਤੇ ਲਾਤੀਨੀ ਮੂਲ (ਅਮਰੀਕਾ ਵਿਚ 60 ਫ਼ੀਸਦੀ ਸਫ਼ੈਦ ਮੂਲ ਦੇ ਵਾਸੀ ਹਨ) ਦੇ ਪੁਰਾਣੇ ਅਮਰੀਕਨਾਂ ਨੂੰ ਚੋਣ ਮੁਹਿੰਮ ਦੌਰਾਨ ਉਨ੍ਹਾਂ ਅਹਿਸਾਸ ਕਰਵਾਇਆ ਕਿ ਨਵੇਂ ਪ੍ਰਵਾਸੀ, ਪੁਰਾਣੇ ਪ੍ਰਵਾਸੀਆਂ ਲਈ ਮੂਲ ਖ਼ਤਰਾ ਹਨ। ਉਨ੍ਹਾਂ ਨੇ ਅਮਰੀਕਾ 'ਚ ਵਧ ਰਹੀ ਮਹਿੰਗਾਈ ਅਤੇ ਮੁਦਰਾ ਸਫ਼ੀਤੀ 'ਚ ਵਾਧੇ ਨੂੰ ਇੱਕ ਹਥਿਆਰ ਵਜੋਂ ਵਰਤਿਆ।

ਟਰੰਪ ਨੇ ਅਮਰੀਕਾ ਵਿਚ ਬਹੁਤੇ ਦੇਸ਼ਾਂ ਦੀ ਤਰ੍ਹਾਂ ਵਧਦੀ ਆਬਾਦੀ, ਸ਼ਹਿਰੀਕਰਨ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਵਧੇ ਅਪਰਾਧਾਂ ਦਾ ਮੁੱਦਾ ਚੁੱਕਿਆ। ਅਪਰਾਧ ਤਾਂ ਇੱਕ ਇਹੋ ਜਿਹੇ ਹਥਿਆਰ ਹੈ, ਜੋ ਸੱਤਾ 'ਤੇ ਬੈਠੇ ਹਾਕਮਾਂ ਨੂੰ ਕੰਮਜ਼ੋਰ ਕਰਦਾ ਹੈ। ਟਰੰਪ ਨੇ ਇਨ੍ਹਾਂ ਮੁੱਦਿਆਂ ਦਾ ਫ਼ਾਇਦਾ ਉਠਾਇਆ ਅਤੇ ਬਹੁਤੇ ਅਮਰੀਕਨਾਂ ਦੇ ਜਜ਼ਬਾਤ ਨਾਲ ਖੇਡ ਕੇ ਉਨ੍ਹਾਂ ਨੂੰ ਜਜ਼ਬਾਤੀ ਬਣਾਕੇ ਵੋਟਾਂ ਬਟੋਰੀਆਂ। ਅਮਰੀਕਨਾਂ ਨੂੰ ਟਰੰਪ ਨੇ ਆਪਣੇ ਭਾਸ਼ਨਾਂ ਨਾਲ ਇਸ ਤਰ੍ਹਾਂ ਮੋਹ ਲਿਆ ਕਿ ਉਨ੍ਹਾਂ ਨੇ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕੀਤੀ ਕਿ ਉਹ ਉਸ ਵਿਅਕਤੀ ਨੂੰ ਚੁਣ ਰਹੇ ਹਨ, ਜੋ ਮੁਕੱਦਮਿਆਂ 'ਚ ਹਾਰਕੇ ਸਜ਼ਾ ਦਾ ਇੰਤਜ਼ਾਰ ਕਰ ਰਿਹਾ ਹੈ।

ਅਰਥ ਵਿਵਸਥਾ ਦੇ ਮਾਮਲੇ 'ਤੇ ਖੁੱਲ੍ਹੇ ਵਪਾਰ ਦੀ ਨੀਤੀ ਦੇ ਹੱਕ 'ਚ ਹੋਣ ਕਾਰਨ ਟਰੰਪ ਦੀ ਜਿੱਤ 'ਤੇ ਆਰਥਿਕ ਖਿਡਾਰੀ 'ਵਿੱਗ ਆਇਲ', 'ਵਿੱਗ ਫਾਰਮਾ' ਅਤੇ 'ਵਿੱਗ ਟੇਕ' ਨੇ ਖੁਸ਼ੀ ਪ੍ਰਗਟ ਕੀਤੀ ਹੈ। ਕਾਰੋਬਾਰੀ ਐਲਨ ਮਸਕ ਵੀ ਉਸਦੇ ਹੱਕ 'ਚ ਭੁਗਤਿਆ।

ਦੂਜੇ ਪਾਸੇ ਕਮਲਾ ਹੈਰਿਸ ਨੇ ਆਪਣੀ ਚੋਣ ਮੁਹਿੰਮ 'ਚ ਔਰਤਾਂ ਦੇ ਗਰਭਪਾਤ, ਔਰਤਾਂ ਦੇ ਹੱਕਾਂ, ਸੰਵਿਧਾਨ ਦੀ ਪਵਿੱਤਰਤਾ, ਨਸਲੀ ਸਮਾਨਤਾ ਜਿਹੇ ਮੁੱਖ ਮੁੱਦਿਆਂ ਨੂੰ ਉਭਾਰਿਆ ਪਰ ਉਹ ਵੋਟਰਾਂ ਉਤੇ ਚੰਗਾ ਪ੍ਰਭਾਵ ਨਾ ਸਿਰਜ ਸਕੀ। ਅਫ਼ਸੋਸ ਦੀ ਗੱਲ ਤਾਂ ਇਹ ਬਣੀ ਕਿ ਉਹ ਉਸ ਟਰੰਪ ਤੋਂ ਚੋਣ ਹਾਰ ਗਈ, ਜਿਸਦੇ ਦੇ ਮਨ 'ਚ ਉਨ੍ਹਾਂ ਲਈ ਬਹੁਤ ਘੱਟ ਇੱਜ਼ਤ ਹੈ।

ਬਿਨ੍ਹਾਂ ਸ਼ੱਕ ਅਮਰੀਕਾ ਇੱਕ ਅਮੀਰ ਦੇਸ਼ ਹੈ। ਉਹ ਦੁਨੀਆਂ ਭਰ 'ਚ ਇੱਕ 'ਥਾਣੇਦਾਰ' ਦੀ ਭੂਮਿਕਾ ਨਿਭਾਉਂਦਾ ਜਾਪਦਾ ਹੈ। ਅਮਰੀਕਾ ਨੂੰ ਚੀਨ ਵੱਡੀ ਟੱਕਰ ਦੇ ਰਿਹਾ ਹੈ। ਟਰੰਪ ਦੀਆਂ ਚੀਨ ਪ੍ਰਤੀ ਸਖ਼ਤ ਟਿੱਪਣੀਆਂ ਨੇ ਅਮਰੀਕਾ ਦੇ ਵੱਡੇ ਕਾਰੋਬਾਰੀਆਂ ਨੂੰ ਪ੍ਰਸੰਨ ਕੀਤਾ। ਉਨ੍ਹਾਂ ਨੇ ਟਰੰਪ ਨੂੰ ਆਪਣਾ ਨੁਮਾਇੰਦਾ ਮੰਨਿਆ ਅਤੇ ਹਰ ਹਰਬਾ ਵਰਤਕੇ ਉਸਦੀ ਮਦਦ ਕੀਤੀ। ਜਿਵੇਂ ਅਡਾਨੀਆਂ/ਅੰਬਾਨੀਆਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਮਦਦ ਚੋਣਾਂ 'ਚ ਕੀਤੀ ਸੀ।

ਅਮਰੀਕਾ 'ਚ ਟਰੰਪ ਦੀ ਚੋਣ ਮੁਹਿੰਮ ਬਹੁਤੀਆਂ ਹਾਲਤਾਂ 'ਚ ਭਾਰਤੀ ਨੇਤਾ ਨਰੇਂਦਰ ਮੋਦੀ ਦੀ ਚੋਣ ਮੁਹਿੰਮ ਵਰਗੀ ਦਿੱਸੀ। ਨਰੇਂਦਰ ਮੋਦੀ ਜਿਸ ਵਲੋਂ 'ਹਿੰਦੂ ਰਾਸ਼ਟਰ' ਦੇ ਸੰਕਲਪ ਨੂੰ ਉਭਾਰਿਆ ਜਾਂਦਾ ਹੈ, ਹਿੰਦੂ ਧਾਰਮਿਕ ਸਥਾਨਾਂ ਲਈ ਸਰਕਾਰੀ ਸਰਪ੍ਰਸਤੀ ਦਿੱਤੀ ਜਾਂਦੀ ਹੈ, ਮੁਸਲਮਾਨਾਂ ਤੇ ਹੋਰ ਘੱਟ ਗਿਣਤੀਆਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਮੰਨ ਕੇ, ਉਨ੍ਹਾਂ ਦੇ ਵਿਰੋਧ 'ਚ ਪ੍ਰਚਾਰ ਕੀਤਾ ਜਾਂਦਾ ਹੈ, ਇਸੇ ਤਰ੍ਹਾਂ ਦਾ ਪ੍ਰਚਾਰ ਟਰੰਪ ਨੇ ਅਮਰੀਕਾ 'ਚ ਈਸਾਈ ਧਰਮ ਅਤੇ ਸਫੈਦ ਅਮਰੀਕਨ ਨੂੰ ਇਕ ਪਲੇਟਫਾਰਮ 'ਤੇ ਲਿਆਉਣ ਦਾ ਸੱਦਾ ਦਿੰਦਿਆਂ ਕੀਤਾ ਅਤੇ ਉਨ੍ਹਾਂ ਦੀ ਨੁਮਾਇੰਦਗੀ ਕਰਨ ਦਾ ਦਮ ਭਰਿਆ। ਉਨ੍ਹਾਂ ਮੈਕਸੀਕੋ ਦੀਆਂ ਸਰਹੱਦਾਂ ਪ੍ਰਵਾਸੀਆਂ ਲਈ ਬੰਦ ਕਰਨ ਦਾ ਜ਼ੋਰਦਾਰ ਪ੍ਰਚਾਰ ਕੀਤਾ।


ਰੂਸ-ਯੂਕਰੇਨ ਜੰਗ ਬੰਦ ਕਰਨ ਦਾ ਸੰਦੇਸ਼ ਦਿੱਤਾ। ਦੁਨੀਆਂ ਦੇ ਕੁੱਝ ਤਾਕਤਵਰ ਦੇਸ਼ਾਂ 'ਚ ਲੋਕਤੰਤਰ ਦੀਆਂ ਧੱਜੀਆਂ ਉਡਾਕੇ, ਵੱਡੇ ਧੁਰੰਤਰ ਰਾਜਸੀ ਨੇਤਾ ਜਿਵੇਂ ਗੱਦੀ ਪ੍ਰਾਪਤ ਕਰਦੇ ਹਨ, ਜਾਂ ਗੱਦੀ ਸੁਰੱਖਿਅਤ ਕਰਦੇ ਹਨ, ਉਹ ਲੋਕਤੰਤਰ ਕਦਰਾਂ-ਕੀਮਤਾਂ ਉਤੇ ਧੱਬਾ ਹਨ। ਰੂਸ ਦਾ ਰਾਸ਼ਟਰਪਤੀ ਪੁਤਿਨ ਜੋ ਤਾਨਾਸ਼ਾਹ ਬਣਿਆ, ਆਪਣੇ ਹਿੱਤਾਂ ਦਾ ਪੂਰਤੀ ਲਈ ਆਪਣੇ ਦੇਸ਼ ਦੇ ਸੰਵਿਧਾਨ ਨੂੰ ਲੋਕਤੰਤਰ ਦਾ ਮੁਖੌਟਾ ਪਾ ਕੇ ਖੱਖੜੀਆਂ-ਖੱਖੜੀਆਂ ਕਰੀ ਬੈਠਾ ਹੈ। ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਉਸਦਾ ਲਾਣਾ ਭਾਰਤ 'ਚ ਸੰਵਿਧਾਨ ਨਾਲ ਖੇਡਦਾ ਹੈ, ਵਿਰੋਧੀਆਂ ਨੂੰ ਬਦਨਾਮ ਕਰਦਾ ਹੈ, ਉਨ੍ਹਾਂ ਨੂੰ ਪ੍ਰੇਸ਼ਾਨ ਕਰਦਾ ਹੈ, ਰਾਸ਼ਟਰਵਾਦ ਦੇ ਨਾਂਅ 'ਤੇ ਲੋਕਾਂ ਨੂੰ ਗੁੰਮਰਾਹ ਕਰਦਾ ਹੈ। ਇਹੋ ਕਾਰਾ ਟਰੰਪ ਵਲੋਂ ਅਮਰੀਕਾ 'ਚ ਕਰਨ ਦੀ ਯੋਜਨਾ ਸਪੱਸ਼ਟ ਦਿਖਦੀ ਹੈ।

ਮੋਦੀ ਨੇ ਭਾਰਤ 'ਚ ਰਾਸ਼ਟਰਵਾਦੀ ਨੀਤੀਆਂ ਨੂੰ ਲੈ ਕੇ ਜਿਵੇਂ ਖੁੱਲ੍ਹਾ ਖੇਡਿਆ, ਟਰੰਪ ਨੇ ਅਮਰੀਕਾ 'ਚ ਇਹੋ ਦਿਸ਼ਾ ਅਪਨਾਈ ਹੈ। ਤਾਂ ਹੋ ਸਕਦਾ ਹੈ ਕਿ ਅਮਰੀਕੀ ਚੋਣਾਂ ਵਿਚ ਉਨ੍ਹਾਂ ਵਲੋਂ ਸਫਲਤਾਪੂਰਵਕ ਵਰਤੀ ਗਈ ਭੈੜੀ, ਅਸ਼ਲੀਲ, ਅਸੱਭਿਅਕ ਭਾਸ਼ਾ ਅਤੇ ਵੱਖਵਾਦੀ ਬਿਆਨਬਾਜ਼ੀ ਦੁਨੀਆਂ ਦੇ ਹੋਰ ਦੇਸ਼ਾਂ ਦੇ ਲੋਕਾਂ ਨੂੰ ਵੀ ਉਤਸ਼ਾਹਿਤ ਕਰੇ। ਇਹ ਅੰਤਰਰਾਸ਼ਟਰੀ ਚਿੰਤਾ ਦਾ ਵਿਸ਼ਾ ਹੈ। ਟਰੰਪ ਦਾ ਇਹ ਮਾਡਲ ਜੇਕਰ ਹੋਰ ਦੇਸ਼ਾਂ ਵਿਚ ਵੀ ਫੈਲਦਾ ਹੈ, ਤਾਂ ਇਹ ਲੋਕਤੰਤਰ ਲਈ ਵੱਡਾ ਝਟਕਾ ਹੋਏਗਾ।

ਮਾ: ਜਸਵਿੰਦਰ ਸਿੰਘ ਜਿਉਣਪੁਰਾ
ਤਹਿ ਪਾਤੜਾਂ ਜ਼ਿਲ੍ਹਾ ਪਟਿਆਲਾ
ਮੋਬਾਇਲ: 98768-55004
ਪੰਜਾਬ ਮੇਲ USA



# ਰੱਬੀ ਗਿਆਨ ਦੇ ਸੋਮੇ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ



ਪੰਜਾਬ ਦੀ ਧਰਤੀ 'ਤੇ ਸਮੇਂ ਸਮੇਂ 'ਤੇ ਅਨੇਕਾਂ ਹੀ ਗੁਰੂਆਂ, ਪੀਰਾਂ, ਸਾਧੂ, ਸੰਤਾਂ, ਮਹਾਤਮਾ, ਮਹਾਂਪੁਰਸ਼ਾਂ ਨੇ ਅਵਤਾਰ ਧਾਰਿਆ, ਜਿਨ੍ਹਾਂ ਨੇ ਲੁਕਾਈ ਨੂੰ ਸਿੱਧੇ ਰਾਹੇ ਪਾਇਆ ਅਤੇ ਪ੍ਰਮਾਤਮਾ ਦਾ ਨਾਮ ਜਪਣ ਲਈ ਕਿਹਾ। ਪਰੰਤੂ ਬਹੁਤ ਸਾਰੇ ਆਪਣੇ ਆਪ ਨੂੰ ਗੁਰੂ ਕਹਾਉਣ ਵਾਲੇ ਐਸੇ ਲੋਕ ਵੀ ਪੈਦਾ ਹੋਏ, ਜੋ ਆਪਣੇ ਗਿਆਨ ਕਾਰਨ ਹੰਕਾਰ ਵਿਚ ਆ ਕੇ ਪ੍ਰਮਾਤਮਾ ਦਾ ਨਾਮ ਭੁੱਲ ਗਏ ਅਤੇ ਲੋਕਾਂ ਨੂੰ ਵੀ ਸਿਰਫ ਆਪਣਾ ਨਾਮ ਜਪਾਇਆ ਅਤੇ ਪਰਮੇਸ਼ਰ ਦੇ ਨਾਮ ਤੋਂ ਲੋਕਾਂ ਨੂੰ ਕੋਹਾਂ ਦੂਰ ਰੱਖਿਆ, ਜਿਸ ਕਰਕੇ ਚਾਰੇ ਪਾਸੇ ਅਗਿਆਨਤਾ ਫੈਲਣੀ ਆਮ ਗੱਲ ਹੋ ਗਈ ਸੀ। ਲੋਕਾਂ ਦੀ ਮਾਨਸਿਕ ਬਿਰਤੀ ਵੀ ਕਮਜ਼ੋਰ ਹੋਣ ਲੱਗੀ। ਚਾਰੇ ਪਾਸੇ ਕੂੜ, ਅੰਧੇਰ, ਪਾਪ ਦਾ ਪਸਾਰਾ ਹੋਣ ਲੱਗਾ। ਕੋਈ ਸੱਚ ਦੀ ਗੱਲ ਨਹੀਂ ਸੀ ਕਰਦਾ। ਕੋਈ ਸੱਚੇ ਬੰਦੇ ਦਾ ਸਾਥ ਨਹੀਂ ਸੀ ਦਿੰਦਾ। ਸੱਚ 'ਤੇ ਟਿਕੇ ਬੰਦੇ ਨੂੰ ਹਮੇਸ਼ਾ ਫਾਂਸੀ ਦੀ ਸਜ਼ਾ ਸੁਣਾਈ ਜਾਂਦੀ ਸੀ। ਝੂਠ ਦਾ ਬੋਲਬਾਲਾ ਸੀ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਆਉਣ ਤੋਂ ਪਹਿਲਾਂ ਇਸ ਧਰਤੀ 'ਤੇ ਅਨੇਕਾਂ ਹੀ ਪਾਪ ਹੁੰਦੇ ਸਨ। ਅਨੇਕਾਂ ਧੀਆਂ ਭੈਣਾਂ ਦੀ ਬੇਪਤੀ ਹੁੰਦੀ ਸੀ। ਰਾਜੇ ਪਾਪ ਕਮਾਉਂਦੇ ਸਨ। ਪਰਜਾ ਵੀ ਅੰਧੀ ਹੋਈ ਪਈ ਸੀ। ਚਾਰੇ ਪਾਸੇ ਅਗਿਆਨਤਾ ਦਾ ਹਨੇਰ ਫੈਲਿਆ ਹੋਇਆ ਸੀ। ਕਾਜ਼ੀ ਜਿਹੜੇ ਧਰਮ ਦਾ ਨਿਆਂ ਕਰਨ ਵਾਲੇ ਸਨ, ਉਹ ਵੀ ਅੱਤ ਦਰਜੇ ਦੇ ਰਿਸ਼ਵਤਖੋਰ ਹੋ ਚੁੱਕੇ ਸਨ। ਗੁਰੂ ਵੀ ਹੋਰ ਹੋ ਚੁੱਕੇ ਸੀ ਤੇ ਚੇਲੇ ਵੀ ਹੋਰ ਹੋ ਚੁੱਕੇ ਸਨ। ਗੱਲ ਕੀ ਸਾਰੀ ਕਾਇਨਾਤ ਵਿਚ ਪਾਪ ਹੀ ਪਾਪ ਵਰਤਿਆ ਹੋਇਆ ਸੀ। ਭਾਈ ਗੁਰਦਾਸ ਜੀ ਲਿਖਦੇ ਹਨ:-

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ॥

ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ॥

ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤਿ ਮੁਖਹੁ ਅਲਾਈ॥

ਕਾਜੀ ਹੋਇ ਰਿਸ਼ਵਤੀ ਵਡੀ ਲੈ ਕੇ ਹਕ ਗਵਾਈ॥

ਇਸ ਤਰ੍ਹਾਂ ਸਾਰੇ ਪਾਸੇ ਕੂੜ ਦਾ ਹੀ ਬੋਲਬਾਲਾ ਸੀ। ਸੱਚੇ ਪਾਤਸ਼ਾਹ ਜੀ ਕਹਿੰਦੇ ਹਨ:-

ਹਉ ਭਾਲਿ ਵਿਕੁਨੀ ਹੋਈ॥ ਅੰਧੇਰੈ ਰਾਹੁ ਨ ਕੋਈ॥

ਚਾਰੇ ਪਾਸੇ ਅਗਿਆਨਤਾ ਦਾ ਹਨੇਰਾ ਹੀ ਦਿਸਦਾ ਸੀ, ਜਿਵੇਂ ਸਾਹਿਬ ਨੇ ਲਿਖਿਆ:-

ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

ਸੱਚ ਦਾ ਚੰਦਰਮਾ ਕਿਤੇ ਵੀ ਦਿਸਿਆ ਨਹੀਂ ਸੀ। ਚਾਰੇ ਪਾਸੇ ਹਨੇਰਾ ਹੀ ਹਨੇਰਾ ਸੀ।

ਇਹ ਹਨੇਰੇ ਭਰੇ ਭਿਆਨਕ ਸਮੇਂ ਦੇ ਵਿਚ ਦੁਖੀ ਹੋ ਕੇ, ਜਿਸ ਵੇਲੇ ਧਰਤੀ ਨੇ ਪੁਕਾਰ ਕੀਤੀ ਕਿ ਇਹ ਅਕਾਲ ਪੁਰਖ ਵਾਹਿਗੁਰੂ ਮੇਰੇ ਉੱਪਰ ਅਤਿਅੰਤ ਘਨਾਉਣੇ ਪਾਪ ਹੋ ਰਹੇ ਜੋ ਮੈਥੋਂ ਝੱਲੇ ਨਹੀਂ ਜਾ ਰਹੇ। ਆਪ ਕਿਰਪਾਲਤਾ ਕਰੋ ਮੈਨੂੰ ਪਾਪਾਂ ਦੇ ਇਸ ਭਾਰ ਤੋਂ ਮੁਕਤੀ ਦਵਾਓ। ਧਰਤੀ ਦੀ ਪੁਕਾਰ ਸੁਣ ਕੇ ਸੱਚੇ ਪਾਤਸ਼ਾਹ ਗੁਰੂ ਨਾਨਕ ਸਰੂਪ ਹੋ ਕੇ ਰਾਏ ਭੋਏ ਦੀ ਤਲਵੰਡੀ ਵਿਖੇ ਪ੍ਰਗਟ ਹੋਏ। ਭਾਈ ਸਾਹਿਬ ਲਿਖਦੇ ਨੇ:-

ਸੁਣੀ ਪੁਕਾਰਿ ਦਾਤਾਰ ਪ੍ਰਭ ਗੁਰੁ ਨਾਨਕ ਜਗ ਮਾਹਿ ਪਠਾਇਆ॥

1469 ਈਸਵੀ ਨੂੰ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਪਵਿੱਤਰ ਆਤਮਾ ਗਿਆਨ ਦੀ ਮੂਰਤ ਅਤੀ ਸਤਿਕਾਰਤ ਮਾਤਾ ਤ੍ਰਿਪਤਾ ਜੀ ਦੀ ਪਾਵਨ ਕੁੱਖ ਵਿਚੋਂ ਪਿਤਾ ਸਤਿਕਾਰਯੋਗ ਬਾਬਾ ਮਹਿਤਾ ਕਾਲੂ ਜੀ ਦੇ ਗ੍ਰਹਿ ਵਿਖੇ ਹੋਇਆ। ਭੱਟਾਂ ਨੇ ਆਪਣੇ ਸਵੱਈਆਂ ਅੰਦਰ ਜ਼ਿਕਰ ਕੀਤਾ ਹੈ :-

ਆਪਿ ਨਰਾਇਣ ਕਲਾ ਧਾਰਿ ਜਗ ਮਹਿ ਪਰਵਰਿਯਉ।

ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥

ਨਿਰੰਕਾਰ ਆਪ ਗੁਰੂ ਨਾਨਕ ਸਰੂਪ ਹੋ ਕਰਕੇ ਰਾਏਭੋਏ ਦੀ ਤਲਵੰਡੀ ਵਿਖੇ ਪ੍ਰਗਟ ਹੋਏ। ਜਿਉਂ ਹੀ ਗੁਰੂ ਸਾਹਿਬ ਦਾ ਪ੍ਰਕਾਸ਼ ਹੋਇਆ, ਚਾਰੇ ਪਾਸੇ ਅਗਿਆਨਤਾ ਦਾ ਹਨੇਰ ਦੂਰ ਹੋਣ ਲੱਗਾ, ਗਿਆਨ ਦਾ ਪ੍ਰਕਾਸ਼ ਹੋਣ ਲੱਗਾ। ਇਸੇ ਕਰਕੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ:-

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗਿ ਚਾਨਣ ਹੋਆ॥

ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ॥

ਸਮੁੱਚੀ ਲੁਕਾਈ ਵਿਚ ਖੁਸ਼ੀ ਦੀ ਲਹਿਰ ਛਾ ਗਈ ਬਨਸਪਤੀ ਵਿਚ ਵੀ ਖੁਸ਼ੀ ਦੀ ਲਹਿਰ ਆ ਗਈ, ਠੰਡੀ-ਠੰਡੀ ਮਿੱਠੀ ਹਵਾ ਚਲਣ ਲੱਗੀ ਮਾਨੋ ਉਹ ਬਿਆਨ ਕਰਦੀ ਹੋਵੇ ਕਿ ਰਾਏ ਭੋਏ ਦੀ ਤਲਵੰਡੀ ਵਿਖੇ ਅਕਾਲ ਪੁਰਖ ਆਪ ਚੱਲ ਕੇ ਆਏ ਚਾਰੇ ਪਾਸੇ ਖੁਸ਼ੀਆਂ ਦੇ ਖੇੜੇ ਆ ਗਏ ਸਨ। ਸਾਰੇ ਪਾਸੇ ਧਰਤੀ 'ਚ ਹਰਿਆਵਲੀ ਹੀ ਹਰਿਆਵਲ ਆ ਗਈ। ਜਿਵੇਂ ਗੁਰੂ ਸਾਹਿਬ ਨੇ ਵੀ ਕਿਹਾ:-

ਸਾ ਧਰਤੀ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰ ਬੈਠਾ ਆਇ।

ਗੁਰੂ ਜੀ ਬਚਪਨ ਤੋਂ ਹੀ ਪਰਮੇਸ਼ਰ ਨਾਲ ਜੁੜੀ ਹੋਈ ਮੂਰਤ ਸਨ। ਉਹ ਬਾਲਕਾਂ ਨਾਲ ਖੇਡਾਂ ਖੇਡਦੇ ਵੀ ਅਕਾਲ ਪੁਰਖ ਦੀਆਂ ਕਹਾਣੀਆਂ ਹੀ ਸੁਣਾਇਆ ਕਰਦੇ ਸਨ। ਜਿਸ ਵੇਲੇ ਪਾਂਧੇ ਕੋਲ ਪੜ੍ਹਨ ਗਏ। ਉਸ ਨੂੰ ਵੀ ਅਕਾਲ ਪੁਰਖ ਦੀ ਪੜ੍ਹਾਈ ਕਰਾ ਕੇ ਹੀ ਵਾਪਸ ਆਏ। ਕਦੇ ਸੱਚੇ ਪਾਤਸ਼ਾਹ ਨੇ ਵੈਦ ਨੂੰ ਉਪਦੇਸ਼ ਦਿੱਤਾ, ਕਦੇ ਪਾਂਧੇ ਨੂੰ ਤੇ ਕਦੇ ਮੌਲਾਣੇ ਨੂੰ ਉਪਦੇਸ਼ ਦਿੱਤਾ। ਇਸੇ ਤਰ੍ਹਾਂ ਹਰਦਿਆਲ ਦਾਸ ਪਾਂਧੇ ਨੂੰ ਉਪਦੇਸ਼ ਦਿੱਤਾ ਕਿ ਜਨੇਊ ਅਸਾਂ ਨਹੀਂ ਧਾਰਨ ਕਰਨਾ। ਜੇ ਸੱਚ ਦਾ ਜਨੇਊ ਹੈ, ਤਾਂ ਉਹ ਦੇਣਾ ਕਰ, ਜਿਵੇਂ ਸਾਹਿਬ ਨੇ ਲਿਖਿਆ:-

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥

ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥

ਇਸੇ ਤਰ੍ਹਾਂ ਗੁਰੂ ਸਾਹਿਬ ਨੇ ਰਾਏ ਬੁਲਾਰ ਰਾਜੇ ਨੂੰ ਉਪਦੇਸ਼ ਦਿੱਤਾ। ਗੁਰੂ ਸਾਹਿਬ ਜੀ ਨੇ ਜਿਸ ਵੇਲੇ ਧਿਆਨ ਧਾਰ ਕੇ ਦੇਖਿਆ। ਸਾਰੀ ਕਾਇਨਾਤ ਜਲਦੀ ਨਜ਼ਰ ਆਈ, ਜਿਹਨੂੰ ਭਾਈ ਗੁਰਦਾਸ ਜੀ ਲਿਖਦੇ ਨੇ:-

ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ॥

ਸਾਰੀ ਧਰਤੀ ਜਲਦੀ ਨਜ਼ਰ ਆਈ ਸੱਚੇ ਪਾਤਸ਼ਾਹ ਜੀ, ਫਿਰ ਉਹ ਜਗਤ ਜਲੰਦੇ ਨੂੰ ਤਾਰਨ ਦੇ ਲਈ:-

ਚੜਿਆ ਸੋਧਣ ਧਰਤਿ ਲੁਕਾਈ॥

ਸੰਸਾਰ ਦੇ ਉਧਾਰ ਲਈ ਸਤਿਗੁਰੂ ਜੀ ਨੇ ਚਾਰ ਮਹੱਤਵਪੂਰਨ ਉਦਾਸੀਆਂ ਕੀਤੀਆਂ। ਇਨ੍ਹਾਂ ਵਿਚ ਗੁਰੂ ਜੀ ਨੇ ਲੋਕਾਂ ਨੂੰ ਧਰਮ ਦਾ ਅਸਲੀ ਮਤਲਬ ਸਮਝਾਉਣ ਦਾ ਜਤਨ ਕੀਤਾ। ਗੁਰੂ ਜੀ ਦਾ ਲੋਕਾਂ ਨੂੰ ਸਮਝਾਉਣ ਦਾ ਢੰਗ ਵੀ ਨਿਰਾਲਾ ਸੀ। ਹਰਿਦਵਾਰ ਜਾ ਕੇ ਗੰਗਾ ਦੇ ਪਾਣੀ ਨੂੰ ਪੂਰਬ ਦੀ ਬਜਾਏ ਪੱਛਮ ਵੱਲ ਸੁੱਟ ਕੇ ਲੋਕਾਂ ਦਾ ਭਰਮ ਦੂਰ ਕੀਤਾ। ਮੱਕੇ ਜਾ ਕੇ ਕਾਅਬੇ ਵੱਲ ਪੈਰ ਕਰਕੇ ਸੌਂ ਗਏ ਤਾਂ ਕਿ ਸਮਝਾਇਆ ਜਾ ਸਕੇ ਕਿ ਹਰ ਦਿਸ਼ਾ ਵਿਚ ਪ੍ਰਮਾਤਮਾ ਹੈ।

ਆਪ ਜੀ ਨੇ 19 ਰਾਗਾਂ ਵਿਚ ਬਾਣੀ ਰਚੀ, ਜਿਹੜੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। 'ਜਪੁਜੀ' ਅਤੇ 'ਆਸਾਂ ਕੀ ਵਾਰ' ਆਪ ਜੀ ਦੀਆਂ ਪ੍ਰਸਿੱਧ ਰਚਨਾਵਾਂ ਹਨ। ਜਿਨ੍ਹਾਂ ਨੂੰ ਪੜ੍ਹ ਕੇ ਮਨੁੱਖ ਨੂੰ ਆਤਮਿਕ ਗਿਆਨ ਤਾਂ ਹੁੰਦਾ ਹੀ ਹੈ, ਨਾਲ ਹੀ ਭਵਸਾਗਰ ਤੋਂ ਪਾਰ ਹੋਣ ਦੀ ਵਿਉਂਤਬੰਦੀ ਵੀ ਮਿਲ ਜਾਂਦੀ ਹੈ ਤੇ ਰੂਹ ਨੂੰ ਭਾਰੀ ਸਕੂਨ ਮਿਲਦਾ ਹੈ।

ਸਮਾਜਿਕ ਕੁਰੀਤੀਆਂ ਆਪ ਜੀ ਦੀ ਮਹਾਨ ਨਜ਼ਰ ਤੋਂ ਪਰੇ ਨਹੀਂ ਸਨ ਰਹਿ ਸਕੀਆਂ। ਉਸ ਵੇਲੇ ਸਮਾਜ ਵਿਚ ਔਰਤ ਦੀ ਖਰਾਬ ਹਾਲਤ ਅਤੇ ਉਸ ਉਪਰ ਹੋ ਰਹੇ ਸਮਾਜਿਕ ਅੱਤਿਆਚਾਰਾਂ ਨੂੰ ਅਨੁਭਵ ਕੀਤਾ ਅਤੇ ਇਸ ਦਾ ਜੰਮ ਕੇ ਵਿਰੋਧ ਕੀਤਾ। ਤੇ ਕਿਹਾ ਜਿਸ ਔਰਤ ਦੀ ਕੁੱਖ ਤੋਂ ਜਨਮ ਲੈਂਦੇ ਹੋ, ਉਹ ਮਾੜੀ ਕਿਵੇਂ ਹੋ ਸਕਦੀ ਹੈ, ਇਸ ਕਰਕੇ ਜਦੋਂ ਔਰਤ ਰਾਜੇ ਮਹਾਰਾਜੇ ਨੂੰ ਜਨਮ ਦਿੰਦੀ ਹੈ, ਉਹ ਸਨਮਾਨ ਤੇ ਸਤਿਕਾਰ ਦੇ ਯੋਗ ਹੈ। ਇਸ ਤੋਂ ਇਲਾਵਾ ਗੁਰੂ ਜੀ ਨੇ ਹੋਰ ਸਮਾਜਿਕ ਬੁਰਾਇਆਂ ਜਿਵੇਂ- ਛੂਤ, ਜਾਤ, ਸੂਤਕ, ਮੂਰਤੀ ਪੂਜਾ ਅਤੇ ਹੋਰ ਵੀ ਕਈ ਵਹਿਮਾਂ-ਭਰਮਾਂ ਦਾ ਡੱਟ ਕੇ ਵਿਰੋਧ ਕੀਤਾ। ਮੂਰਤੀ ਪੂਜਾ ਪੱਥਰ ਪੂਜਾ ਤੇ ਹੋਰ ਗੁਰੂ ਡੰਪ ਪੂਜਾ ਪਖੰਡਵਾਦ ਦਾ ਪੂਰਨ ਤੌਰ 'ਤੇ ਖਾਤਮਾ ਕੀਤਾ। ਸਮੁੱਚੀ ਲੁਕਾਈ ਨੂੰ ਸ਼ਬਦ ਨਾਲ ਜੋੜ ਕੇ ਤਾਰਨਾ ਕੀਤਾ।

ਆਪ ਜੀ ਨੇ 1539 ਈਸਵੀ ਵਿਚ ਜੋਤੀ ਜੋਤ ਵਿਚ ਸਮਾਉਣ ਤੋਂ ਪਹਿਲਾਂ ਭਾਈ ਲਹਿਣਾ ਜੀ ਨੂੰ ਗੁਰਤਾਗੱਦੀ ਬਖਸ਼ਿਸ਼ ਕੀਤੀ, ਜੋ ਕਿ ਬਾਅਦ ਵਿਚ ਗੁਰੂ ਅੰਗਦ ਦੇਵ ਜੀ ਦੇ ਨਾਂ ਨਾਲ ਪ੍ਰਸਿੱਧ ਹੋਏ। ਇਹ ਮਹਾਰਾਜ ਦਾ ਸੰਖੇਪ ਜੀਵਨ ਹੈ। ਅੱਜ ਲੋੜ ਹੈ ਪੂਰੀ ਦੁਨੀਆਂ ਗੁਰੂ ਨਾਨਕ ਦੇਵ ਜੀ ਦੇ ਪਾਏ ਪੂਰਨਿਆਂ 'ਤੇ ਚੱਲਣ ਦਾ ਯਤਨ ਕਰੇ।

## 21 ਨਵੰਬਰ ਦੀਦਾਰ ਸੰਧੂ ਯਾਦਗਾਰੀ ਮੇਲੇ 'ਤੇ ਵਿਸ਼ੇਸ਼ ਲੇਖ

# ਗੀਤਕਾਰੀ ਅਤੇ ਗਾਇਕੀ 'ਤੇ ਰਾਜ ਕਰਨ ਵਾਲਾ ਦੀਦਾਰ ਸੰਧੂ

ਸੁਖਵਿੰਦਰ ਸਿੰਘ ਮੁੱਲਾਂਪੁਰ
ਵਟਸ ਅੱਪ : +91-99141-84794
ਪੰਜਾਬ ਮੇਲ USA



ਅਖਾਣ, ਮੁਹਾਵਰੇ ਆਪਣੀ ਗੀਤਕਾਰੀ ਵਿਚ ਫਿਟ ਕਰਨ ਵਾਲਾ ਅਤੇ ਡੂੰਘੀ ਸੋਚ ਰੱਖ ਕੇ ਗੀਤ ਰਚਣਵਾਲਾ ਅਤੇ ਗੀਤਕਾਰ ਤੋਂ ਗਾਇਕ ਬਣਨ ਵਾਲਾ ਦੀਦਾਰ ਸੰਧੂ ਜਿਸ ਦਾ ਜਨਮ 3 ਜੁਲਾਈ 1942 ਨੂੰ ਅਣਵੰਡੇ ਪੰਜਾਬ ਦੇ ਸਰਗੋਧਾ ਜ਼ਿਲ੍ਹੇ ਦੇ ਚੱਕ ਨੰਬਰ 133 ਵਿਚ ਹੋਇਆ। ਦੀਦਾਰ ਸੰਧੂ ਦੇ ਪਿਤਾ ਦਾ ਨਾਮ ਸਮੁੰਦ ਸਿੰਘ ਅਤੇ ਮਾਤਾ ਦਾ ਨਾਮ ਦਾਨ ਕੌਰ ਸੀ।

ਦੋਹਾਂ ਦੇਸ਼ਾ ਦੀ ਵੰਡ ਵੇਲੇ ਇਹ ਪਰਿਵਾਰ ਚੜ੍ਹਦੇ ਪੰਜਾਬ ਵਿਚ ਪਿੰਡ ਬੋਤਲ ਵਾਲਾ ਤਹਿਸੀਲ ਜਗਰਾਓਂ, ਜ਼ਿਲ੍ਹਾ ਲੁਧਿਆਣਾ ਵਿਖੇ ਆ ਗਿਆ ਪਰ ਕੁੱਝ ਸਮੇਂ ਬਾਅਦ ਪਿੰਡ ਭਰੋਵਾਲ ਖੁਰਦ ਵਿਖੇ ਜ਼ਮੀਨ ਅਲਾਟ ਹੋਣ ਕਰਕੇ ਪੱਕੇ ਤੌਰ 'ਤੇ ਇਥੇ ਰਹਿਣ ਲੱਗ ਪਏ। ਇਸ ਨੇ ਸਤਵੀਂ ਤੱਕ ਦੀ ਪੜ੍ਹਾਈ ਜਗਰਾਓਂ ਸਕੂਲ ਅਤੇ ਦਸਵੀਂ ਤੱਕ ਦੀ ਪੜ੍ਹਾਈ ਬਰਸਾਲ ਹਾਈ ਸਕੂਲ ਤੋਂ ਪਾਸ ਕੀਤੀ।

ਦੀਦਾਰ ਸੰਧੂ ਦਾ ਵਿਆਹ 1966 ਵਿਚ ਜਗਰਾਓਂ ਨੇੜੇ ਪਿੰਡ ਗਾਲਿਬ ਦੀ ਅਮਰਜੀਤ ਕੌਰ ਨਾਲ ਹੋਇਆ, ਜੋ ਬਹੁਤ ਹੀ ਵਧੀਆ ਸੁਭਾਅ ਦੇ ਹਨ, ਘਰ ਦੀ ਜ਼ਿੰਮੇਵਾਰੀ ਇਨ੍ਹਾਂ ਨੇ ਸੰਭਾਲੀ ਅਤੇ ਦੀਦਾਰ ਸੰਧੂ ਨੂੰ ਕੁਦਰਤ ਵਲੋਂ ਮਿਲੀ ਗੀਤਕਾਰੀ ਅਤੇ ਗਾਇਕੀ ਦੀ ਕਲਾ ਨੂੰ ਸਰੋਤਿਆਂ ਸਾਹਮਣੇ ਰੱਖਣ ਲਈ ਵਿਹਲਾ ਕਰ ਦਿੱਤਾ।

ਦੀਦਾਰ ਸੰਧੂ ਹੋਰੀ ਪੰਜ ਭਰਾ ਸਨ, ਇਹ ਸਭ ਤੋਂ ਛੋਟਾ ਸੀ। ਇਸ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ ਬੇਟਾ ਜਗਮੋਹਣ ਸੰਧੂ, ਬੇਟੀ ਦੀਪਾਂ ਸੰਧੂ। ਬੇਟਾ ਜਗਮੋਹਣ ਸੰਧੂ ਵਧੀਆ ਗਾਇਕ ਹੈ, ਦੀਦਾਰ ਸੰਧੂ ਦੀ ਗਾਇਕੀ ਨੂੰ ਅੱਗੇ ਤੋਰ ਰਿਹਾ ਹੈ।

ਦੀਦਾਰ ਸੰਧੂ ਨੇ ਦਸਵੀਂ ਜਮਾਤ ਪਾਸ ਕਰਨ ਮਗਰੋਂ ਲੋਕ ਸੰਪਰਕ ਵਿਭਾਗ ਵਿਚ ਨੌਕਰੀ ਕਰ ਲਈ। ਉਥੇ ਹੀ ਮਹੁੰਮਦ ਸਦੀਕ ਨੌਕਰੀ ਕਰਦਾ ਸੀ। ਦੀਦਾਰ ਸੰਧੂ ਉਸ ਦੇ ਸੰਪਰਕ ਵਿਚ ਆ ਕੇ ਉਸ ਨੂੰ 1962 ਵਿਚ ਮਿਲਿਆ। ਦੀਦਾਰ ਸੰਧੂ ਨੇ ਆਪਣੇ ਲਿਖੇ ਗੀਤ ਮੁਹੰਮਦ ਸਦੀਕ ਨੂੰ ਦਿਖਾਏ। ਉਹ ਦੇਖ ਕੇ ਦੰਗ ਰਹਿ ਗਿਆ ਕਿ ਅੱਲੜ੍ਹ ਜਿਹੇ ਮੁੰਡੇ ਨੇ ਇਤਨੇ ਵਧੀਆ ਗੀਤ ਲਿਖੇ ਹਨ। ਉਹ ਗੀਤ ਹਨ 'ਇਕ ਤੇਰਾ ਰੰਗ ਮੁਸ਼ਕੀ ਦੂਜਾ ਚਰਖਾ ਗਲੀ ਦੇ ਵਿਚ ਡਾਹਿਆ' (ਸੋਲੋ), ਦੂਸਰਾ ਗੀਤ 'ਜਿਹੀ ਤੇਰੀ ਗੁਤ ਦੇਖਲੀ ਜਿਹਾ ਦੇਖਿਆ ਜਰਗ ਦਾ ਮੇਲਾ' (ਸੋਲੋ), ਤੀਸਰਾ ਗੀਤ 'ਗੋਰੇ ਰੰਗ 'ਤੇ ਬਾਸਕਟ ਕਾਲੀ ਵੇਖ ਜੱਟਾ ਤੈਨੂੰ ਬੜੀ ਸਜਦੀ' (ਦੋਗਾਣਾ ਗੀਤ ਮਹੁੰਮਦ ਸਦੀਕ ਅਤੇ ਸਵਰਨ ਲਤਾ ਦੀ ਆਵਾਜ਼ ਵਿਚ)। ਇਹ ਤਿੰਨੇ ਗੀਤ 1965-66 ਵਿਚ ਰਿਕਾਰਡ ਹੋਏ। ਇਹ ਗੀਤ ਇਤਨੇ ਚੱਲੇ ਕਿ ਇਨ੍ਹਾਂ ਨੇ ਦੀਦਾਰ ਸੰਧੂ ਦੀ ਗੀਤਕਾਰੀ ਵਿਚ ਵਧੀਆ ਪਛਾਣ ਬਣਾ ਦਿੱਤੀ। ਮੁਹੰਮਦ ਸਦੀਕ ਨੇ ਵੀ ਗਾ ਕੇ ਆਪਣਾ ਗਾਇਕੀ ਵਿਚ ਕੱਦ ਹੋਰ ਉਚਾ ਕਰ ਲਿਆ।

ਦੀਦਾਰ ਸੰਧੂ ਨੇ ਜਦੋਂ ਗਾਇਕੀ ਦੇ ਖੇਤਰ ਵਿਚ ਪੈਰ ਪਾਇਆ, ਤਾਂ ਸਭ ਤੋਂ ਪਹਿਲਾ ਗੀਤ ਨਰਿੰਦਰ ਬੀਬਾ ਨਾਲ ਰਿਕਾਰਡ ਕਰਵਾਇਆ।

0--ਜੱਟ ਬੜਾ ਬੇਦਰਦੀ ਮੈਂ ਕਿੱਥੇਂ ਜਾਵਾਂ

ਫਿਰ ਦੀਦਾਰ ਸੰਧੂ ਦੀ ਜੋੜੀ ਸਨੇਹ ਲਤਾ ਨਾਲ ਬਣ ਗਈ, ਜੋ ਬਹੁਤ ਮਕਬੂਲ ਹੋਈ। 1975 ਵਿਚ ਦੀਦਾਰ ਸੰਧੂ ਦਾ ਸਨੇਹ ਲਤਾ ਨਾਲ ਇਕ ਛੇ ਗੀਤਾਂ ਦਾ ਤਵਾ ਆਇਆ, ਜਿਸ ਨੇ ਦੀਦਾਰ ਦੀ ਗੀਤਕਾਰੀ ਅਤੇ ਗਾਇਕੀ ਦਾ ਲੋਹਾ ਮੰਨਣ ਲਈ ਸਰੋਤਿਆਂ ਨੂੰ ਮਜਬੂਰ ਕਰ ਦਿੱਤਾ।

ਉਸ ਤਵੇ ਦੇ ਗੀਤ ਜੋੜੀ ਜਦੋਂ ਚੁਬਾਰੇ ਚੜ੍ਹਦੀ, ਬਣ ਕੇ ਪ੍ਰਹਾਉਣਾ ਆ ਵੇ, ਮੁੰਡਾ ਪੀ ਕੇ ਵਲੈਤੀ ਦਾਰੂ, ਲੈ ਚੱਲ ਮੁੰਡਿਆ ਵੇ ਨਾਲ, ਜੇ ਬਣ ਜੇ ਵਿਚੋਲਣ ਮੇਰੀ, ਹਾਲ ਓ ਰੱਬਾ ਗੀਤ ਤਾ ਸਾਰੇ ਹੀ ਵਧੀਆ ਸਨ ਪਰ 'ਜੋੜੀ ਜਦੋ ਚੁਬਾਰੇ ਚੜ੍ਹਦੀ' ਗੀਤ ਨੇ ਸਾਰੇ ਰਿਕਾਰਡ ਤੋੜ ਦਿੱਤੇ।

ਦੀਦਾਰ ਸੰਧੂ ਦੇ ਮੁਕਤਸਰ, ਬਠਿੰਡਾ ਤੋਂ ਲੈ ਕੇ ਗੰਗਾਨਗਰ ਤੱਕ ਬਹੁਤ ਜ਼ਿਆਦਾ ਅਖਾੜੇ ਲੱਗਦੇ ਸਨ। ਰਸਤੇ ਵਿਚ ਕੋਟਕਪੂਰੇ ਦਾ ਰੇਲਵੇ ਫਾਟਕ ਪੈਂਦਾ ਸੀ, ਜੋ ਬਹੁਤਾ ਸਮਾਂ ਬੰਦ ਰਹਿੰਦਾ ਸੀ। ਘਰ ਤੋਂ ਉਧਰ ਅਖਾੜਾ ਲਾਉਣ ਜਾਣ ਵਾਸਤੇ ਫਾਟਕ ਬੰਦ ਰਹਿਣ ਦਾ ਸਮਾਂ ਲੈ ਕੇ ਚੱਲਣਾ ਪੈਂਦਾ ਸੀ। ਇਸ ਕਰਕੇ ਦੀਦਾਰ ਸੰਧੂ ਨੂੰ ਉਥੇ ਖੜ੍ਹ ਕੇ ਗੀਤ ਲਿਖਣਾ ਪਿਆ 'ਹੁਣ ਬੰਦ ਪਿਆ ਦਰਵਾਜਾ ਜਿਉਂ ਫਾਟਕ ਕੋਟਕਪੂਰੇ ਦਾ'

1979 ਨੂੰ ਮੁੱਲਾਂਪੁਰ (ਦਾਖਾ) ਮੰਡੀ ਦੀ ਦੁਸਹਿਰਾ ਕਮੇਟੀ ਵਿਚ ਦੀਦਾਰ ਸੰਧੂ ਕਮੇਟੀ ਮੈਂਬਰ ਸੀ। ਕਮੇਟੀ ਨੇ ਰਾਮਲੀਲਾ ਨਾ ਲਗਾਉਣ ਦਾ ਫੈਸਲਾ ਕਰਕੇ ਉਤਨੇ ਦਿਨ ਦੀਦਾਰ ਸੰਧੂ ਦੀ ਰਾਤ ਨੂੰ ਅਖਾੜੇ ਲਗਾਉਣ ਦੀ ਡਿਊਟੀ ਲਗਾ ਦਿੱਤੀ। ਉਸ ਟਾਇਮ ਦੀਦਾਰ ਸੰਧੂ ਨਾਲ ਪਰਮਿੰਦਰ ਸੰਧੂ ਸਹਿ ਗਾਇਕਾ ਸੀ।

ਦੀਦਾਰ ਸੰਧੂ ਨੇ ਦਿਨ ਵੇਲੇ ਗੰਗਾਨਗਰ ਵੱਲ ਅਖਾੜਾ ਲਾ ਕੇ ਆਉਣਾ ਰਾਤ ਨੂੰ ਮੁੱਲਾਂਪੁਰ (ਦਾਖਾ) ਮੰਡੀ ਦੀ ਰਾਮਲੀਲਾ ਗਰਾਉਂਡ ਵਿਚ ਪਿੰਡਾਂ ਤੋਂ ਚੱਲ ਕੇ ਆਏ ਬੇਹਿਸਾਬ ਲੋਕਾਂ ਦੇ ਇਕੱਠ ਦਾ ਮਨੋਰੰਜਨ ਕਰਨਾ।

ਹਰਜਾਪ ਟਿਵਾਣਾ ਵੀ ਦੀਦਾਰ ਸੰਧੂ ਦਾ ਬਹੁਤ ਵਧੀਆ ਮਿੱਤਰ ਅਤੇ ਗੀਤਕਾਰ ਹੋਇਆ ਹੈ। ਇਕ ਦਿਨ ਮੇਰੇ ਮਨ ਵਿਚ ਖਿਆਲ ਆਇਆ ਉਸ ਨੂੰ ਮਿਲਿਆ ਜਾਵੇ। ਮੈਂ ਉਸ ਨੂੰ ਮਿਲਣ ਵਾਸਤੇ ਨਾਭੇ ਕੋਲ ਜਿੰਦਲਪੁਰ ਪਿੰਡ ਚੱਲਿਆ ਗਿਆ। ਉਸ ਨੇ ਦੱਸਿਆ ਦੀਦਾਰ ਸੰਧੂ ਕਿਹਾ ਕਰਦਾ ਸੀ, ਗੀਤ ਦੀਆਂ ਲਾਈਨਾਂ ਛੋਟੀਆਂ ਹੋਣ, ਅਰਥ ਜ਼ਿਆਦਾ ਨਿਕਲਦਾ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਹਰਜਾਪ ਟਿਵਾਣੇ ਦਾ ਲਿਖਿਆ ਗੀਤ:-

ਥੋਡੇ ਪਿੰਡ ਕਿਹੋ ਜਿਹੀਆਂ ਬੁੜੀਆਂ
ਜੰਮਣ ਮੁੰਡੇ ਛੱਡ ਕੇ ਕੁੜੀਆਂ

ਦੀਦਾਰ ਸੰਧੂ ਨੇ ਹਰਜਾਪ ਟਿਵਾਣੇ ਦੇ ਲਿਖੇ ਪੰਜ ਗੀਤ ਗਾਏ। ਇਕ ਗੀਤ ਹਰਜਾਪ ਟਿਵਾਣੇ ਦਾ ਲਿਖਿਆ ਅਤੇ ਦੀਦਾਰ ਸੰਧੂ ਦਾ ਗਾਇਆ:-

0-- ਹਾਰੀ ਮੈਂ ਕਹਿ ਕਹਿ ਹਾਰੀ
ਵਿਚ ਇਕ ਅੰਤਰਾ ਹੈ
0-- ਮਰ ਗਿਆ ਉਹ ਕੁੜਮ ਕਬੀਲਾ
ਜੀਨੇ ਤੇਰੇ ਅਨੰਦ ਭੜਾਏ
ਤੇਰੀ ਹਰ ਗੱਲ ਟਪਾਉਂਦੇ
ਮਰ ਗਏ ਤੇਰੇ ਚਾਚੇ ਤਾਏ
ਕੱਢਿਆ ਨਿਚੋੜ ਮੇਰੇ ਵੱਡੇ ਵੀਰ ਨੇ
ਤੁਰੀ ਜਦੋਂ ਗੱਡੀ ਖੱੜੇ ਪਾਉਣ ਕੀਰਨੇ

ਇਸ ਗੀਤ ਵਿਚ ਹਰਜਾਪ ਟਿਵਾਣਾ ਦੱਸਦਾ ਹੈ, ਵਿਆਹ ਵੇਲੇ ਜਦੋਂ ਲੜਕੀ ਨੂੰ ਵਿਦਾ ਕਰਦੇ ਹਨ, ਉਸ ਵੇਲੇ ਲੜਕੇ ਦਾ ਵੱਡਾ ਭਰਾ ਬਿਲਕੁਲ ਵਿਹਲਾ ਖੜ੍ਹਾ ਆਲੇ-ਦੁਆਲੇ ਵੇਖਦਾ ਰਹਿੰਦਾ ਹੈ। ਉਹ ਤੈਨੂੰ ਵਿਦਾ ਹੁੰਦੀ ਨੂੰ ਵੀ ਵੇਖ ਰਿਹਾ ਸੀ, ਤੇਰੇ ਮਾਂ ਪਿਉ ਉੱਚੀ-ਉੱਚੀ ਰੋ-ਰੋ ਕੀਰਨੇ ਪਾ ਰਹੇ ਸਨ। ਇਥੇ ਆ ਕੇ ਵੀ ਤੇਰੀ ਹਰ ਗੱਲ ਟਪਾਉਂਦੇ ਰਹੇ ਹਨ, ਇਹ ਸਾਰੀਆਂ ਗੱਲਾਂ ਦਾ ਨਿਚੋੜ ਮੇਰੇ ਵੱਡੇ ਵੀਰ ਨੇ ਕੱਢਿਆ ਹੈ।

ਦੀਦਾਰ ਸੰਧੂ ਦੇ ਲਿਖੇ ਗੀਤ ਮੁਹੰਮਦ ਸਦੀਕ, ਰਣਜੀਤ ਕੌਰ, ਰਮੇਸ਼ ਰੰਗੀਲਾ, ਸੰਦੇਸ਼ ਕਪੂਰ, ਕਰਨੈਲ ਗਿੱਲ, ਸਵਰਨ ਲਤਾ, ਪ੍ਰੀਤੀ ਬਾਲਾ, ਬੀਰ ਚੰਦ ਗੋਪੀ, ਨਰਿੰਦਰ ਬੀਬਾ, ਪ੍ਰੋਮੀਲਾ ਪੰਮੀ ਆਦਿ ਨੇ ਗਾਏ ਹਨ।

ਦੀਦਾਰ ਸੰਧੂ ਨੇ ਬਹੁਤ ਸਾਰੀਆਂ ਗਾਇਕਾਵਾਂ ਨਾਲ ਗਾਇਆ। ਸਨੇਹ ਲਤਾ, ਸੁਰਿੰਦਰ ਕੌਰ, ਕੁਲਦੀਪ ਕੌਰ, ਪਰਮਿੰਦਰ ਸੰਧੂ, ਅਮਰ ਨੂਰੀ, ਬਲਜੀਤ ਬੱਲੀ, ਨਰਿੰਦਰ ਬੀਬਾ, ਸੁਖਵੰਤ ਕੌਰ ਅਤੇ ਸੁਸ਼ਮਾ ਆਦਿ ਨਾਲ ਗਾਇਆ।

ਦੀਦਾਰ ਸੰਧੂ ਬਿੰਬਾ ਵਿਚ ਲਿਖਦਾ ਸੀ, ਲਿਖਣ ਵੇਲੇ ਇਸ ਤਰ੍ਹਾਂ ਨਾਲ ਦ੍ਰਿਸ਼ ਪੇਸ਼ ਕਰਦਾ ਸੀ, ਸੁਣਨ ਵਾਲੇ ਨੂੰ ਇਸ ਤਰ੍ਹਾਂ ਲੱਗਦਾ, ਜੋ ਹੋ ਰਿਹਾ ਹੈ, ਸਾਹਮਣੇ ਹੀ ਹੋ ਰਿਹਾ ਹੈ। ਜਿਸ ਤਰ੍ਹਾਂ:-

0-- ਮੇਰਾ ਉਡੇ ਡੋਰੀਆ ਮਹਿਲਾਂ ਵਾਲੇ ਘਰ ਵੇ

0--ਤੈਨੂੰ ਬੁੱਕਦਾ ਵੇਖਣਾ ਹੋ ਕੇ ਸ਼ਰਾਬੀ ਆ ਵੇ

0-- ਚੰਨ ਹੋ ਬੱਦਲਾਂ ਦੇ ਓਹਲੇ ਕੰਨੀਆਂ ਨੂੰ ਇੰਝ ਰੁਸ਼ਨਾਵੇ

ਕੋਈ ਗੋਟੇ ਵਾਲੀ ਚੁੰਨੀ ਅੰਬਰ 'ਤੇ ਸੁੱਟ ਸਕਾਵੇ

0-- ਮੂੰਹ ਨ੍ਹੇਰੇ ਵਿਚ ਫਿਰਦੀ ਦੀ ਏਦਾ ਰੁਸ਼ਨਾਈ ਹੁੰਦੀ ਏ

ਜਿਵੇਂ ਕਿਸੇ ਨੇ ਆਲੇ ਦੇ ਵਿਚ ਜੋਤ ਜਗਾਈ ਹੁੰਦੀ ਏ

ਦੀਦਾਰ ਸੰਧੂ ਨੇ ਸਮਜਿਕ ਰਿਸ਼ਤਿਆਂ ਦਾ ਜਿਕਰ ਵੀ ਬਹੁਤ ਬਾਖੂਬੀ ਨਾਲ ਕੀਤਾ ਹੈ।

0--ਜੇਠ ਚੰਦਰੇ ਦਾ ਕੀ
ਜਿਹਦਾ ਪੁੱਤ ਨਾ ਕੋਈ ਧੀ
ਜਾਂਦਾ ਘੁੱਟ ਕੁ ਸ਼ਰਾਬ ਪਿੱਛੇ ਮਰ ਨੀ
ਦੜ ਵੱਟ ਕੇ ਗੁਜ਼ਾਰਾ ਕਰ ਨੀ

ਇਸ ਗੀਤ ਵਿਚ ਅੱਗੇ ਜਾ ਕੇ ਕਹਿੰਦਾ ਹੈ:-

0--ਸਾਰਿਆਂ ਦੇ ਵਿਚੋਂ ਤੂੰ ਸਾਊ ਵੇ ਦੀਦਾਰ

ਤੇਰਾ ਘਰ 'ਚ ਨਾ ਕੋਡੀ ਜਿੰਨਾ ਮੁੱਲ ਵੇ
ਛੁਟ ਇਕ ਤੇਰੇ ਤੋਂ ਟੱਬਰ ਤੇਰਾ
ਦੇਣ ਵਾਲਾ ਵੱਡ ਕੇ ਨਿਊ ਦੇ ਵਿਚ ਕੁੱਲ ਵੇ

ਇਕ ਹੋਰ ਗੀਤ ਵਿਚ.....

0--ਮੈਂ ਕਹਿਨਾਂ ਹੋ ਜਾ ਠੰਡੀ ਐਵੇ ਨਾ ਜਾਵੀ ਚੰਡੀ

ਲੈਦੂ ਤੈਨੂੰ ਚਾਬੀ ਘਰ ਦੀ ਜਿੱਦਣ ਗਈ ਪੈਲੀ ਵੰਡੀ

ਐਂਵੇ ਦੇਖੇ ਨਾ ਤਮਾਸ਼ਾ ਸਾਰਾ ਪਿੰਡ ਬੱਲੀਏ

ਅਮੀਰੀ ਅਤੇ ਗਰੀਬੀ ਦੇ ਪਾੜੇ ਦੀ ਗੱਲ ਕਰਦਾ ਜਗੀਰਦਾਰੀ ਨੂੰ ਤਾੜਨਾ ਕਰਦਾ ਹੋਇਆ ਕਹਿੰਦਾ ਹੈ:-

0-- ਮੰਨਿਆ ਗਰੀਬ ਹੁੰਦੇ ਵੱਡਿਆਂ ਦੇ ਆਸਰੇ 'ਤੇ

ਇਹ ਤਾਂ ਤੇਰਾ ਬਣਦਾ ਨੀ ਹੱਕ ਵੇ ਜਗੀਰਦਾਰਾ

ਦੀਦਾਰ ਸੰਧੂ ਫਿਲਮਾਂ ਤੱਕ ਵੀ ਜਾ ਪਹੁੰਚਿਆ ਸੀ। ਇਸ ਨੇ ਗੱਭਰੂ ਪੰਜਾਬ ਦਾ ਫ਼ਿਲਮ ਵਿਚ ਅਮਰ ਨੂਰੀ ਨਾਲ ਬੋਲੀਆਂ ਪਾਈਆਂ ਸਨ। ਦੀਦਾਰ ਸੰਧੂ 16 ਫ਼ਰਵਰੀ 1991 ਨੂੰ ਇਸ ਦੁਨੀਆਂ ਤੇ ਗੀਤਕਾਰੀ ਅਤੇ ਗਾਇਕੀ ਦੀਆਂ ਪੈੜਾਂ ਪਾ ਕੇ ਅਲਵਿਦਾ ਕਹਿ ਗਿਆ। ਹਰ ਸਾਲ 21 ਨਵੰਬਰ ਨੂੰ ਦੀਦਾਰ ਸੰਧੂ ਯਾਦਗਰੀ ਮੇਲਾ ਉਸ ਦੇ ਪਿੰਡ ਭਰੋਵਾਲ ਖੁਰਦ ਤਹਿਸੀਲ ਜਗਰਾਓਂ, ਜ਼ਿਲ੍ਹਾ ਲੁਧਿਆਣਾ ਵਿਖੇ ਉਸ ਦੇ ਪੁੱਤਰ ਜਗਮੋਹਣ ਸੰਧੂ ਦੀ ਦੇਖ-ਰੇਖ ਹੇਠਾਂ ਮਨਾਇਆ ਜਾਂਦਾ ਹੈ। ਦੂਰੋਂ-ਦੂਰੋਂ ਦੀਦਾਰ ਸੰਧੂ ਨੂੰ ਚਾਹੁੰਣ ਵਾਲੇ ਅਤੇ ਮਹਾਨ ਕਲਾਕਾਰ ਪਹੁੰਚਦੇ ਹਨ।




ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



**Dr. Bindra Clinic**

*Dental Care & Hair Transplant*
*COSMETIC - IMPLANT - RESTORATIVE*



ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



*Dr. Simranpal Singh Bindra*
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



*Dr. Samarpan Kaur*
B.D.S, M.H.M

**Editorial Board**

**Chief Editor**
Gurjatinder Singh Randhawa

**Sub Editors**
Sandeep Kumar
Amit Saini

**Distributor**
Jai Singh

**Website**
Nikhil

**Punjab Mail USA**
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਡੋਨਲਡ ਟਰੰਪ ਅਪਰਾਧਿਕ ਕੇਸਾਂ ਦੇ ਬਾਵਜੂਦ ਬਾਜ਼ੀ ਮਾਰ ਗਿਆ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਅਪਰਾਧਿਕ ਕੇਸਾਂ ਦੇ ਬਾਵਜੂਦ ਡੋਨਲਡ ਟਰੰਪ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਚੁਣੇ ਗਏ ਹਨ। ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਰਾਸ਼ਟਰਪਤੀ ਦੀ ਚੋਣ ਵੱਲ ਦੁਨੀਆਂ ਦੀਆਂ ਨਿਗਾਹਾਂ ਟਿੱਕੀਆਂ ਹੋਈਆਂ ਸਨ। ਲੋਕ ਬੇਸਬਰੀ ਨਾਲ ਨਤੀਜੇ ਦਾ ਇੰਤਜ਼ਾਰ ਕਰ ਰਹੇ ਸਨ ਕਿਉਂਕਿ ਇਹ ਚੋਣ ਅਮਰੀਕਾ ਵੱਲੋਂ ਸੰਸਾਰ ਬਾਰੇ ਭਵਿੱਖ ਦੀਆਂ ਨੀਤੀਆਂ ਦਾ ਪ੍ਰਗਟਾਵਾ ਹੋਣਾ ਸੀ। ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਲਈ 5 ਨਵੰਬਰ 2024 ਨੂੰ ਵੋਟਾਂ ਪਈਆਂ ਸਨ। ਡੋਨਲਡ ਟਰੰਪ ਜਿੱਤਣ ਲਈ 270 ਦਾ ਅੰਕੜਾ ਪਾਰ ਕਰਕੇ 294 ਇਲੈਕਟੋਰਲ ਕਾਲਜ ਦੀਆਂ ਵੋਟਾਂ ਪ੍ਰਾਪਤ ਕਰ ਚੁੱਕੇ ਹਨ। ਜਦੋਂਕਿ ਕਮਲਾ ਹੈਰਿਸ ਨੂੰ 223 ਵੋਟਾਂ ਮਿਲੀਆਂ। ਇਲੈਕਟੋਰਲ ਕਾਲਜ ਦੀਆਂ 21 ਵੋਟਾਂ ਦਾ ਅਜੇ ਨਤੀਜਾ ਆਉਣਾ ਬਾਕੀ ਹੈ। ਟਰੰਪ ਨੂੰ 50.81 ਤੇ ਕਮਲਾ ਹੈਰਿਸ ਨੂੰ 47.5 ਫ਼ੀਸਦੀ ਵੋਟਾਂ ਮਿਲੀਆਂ ਹਨ। ਚੋਣ ਵਾਲੇ ਦਿਨ 5 ਨਵੰਬਰ ਤੋਂ ਪਹਿਲਾਂ ਹੀ 8 ਕਰੋੜ 20 ਲੱਖ ਤੋਂ ਵੱਧ ਪਹਿਲਾਂ ਹੀ ਵੋਟਰ ਆਪਣੀ ਵੋਟ ਪਾ ਚੁੱਕੇ ਸਨ। ਅਮਰੀਕਾ ਵਿਚ ਵੋਟਰ ਨਿਸ਼ਚਿਤ ਸਮੇਂ ਤੋਂ ਪਹਿਲਾਂ ਡਾਕ ਰਾਹੀਂ ਵੋਟ ਪਾ ਸਕਦੇ ਹਨ। ਕਈ ਰਾਜਾਂ ਵਿਚ ਤਾਂ ਸਾਰੇ ਵੋਟਰਾਂ ਨੂੰ ਪੋਸਟਲ ਬੈਲਟ ਮਹੀਨਾ ਪਹਿਲਾਂ ਹੀ ਡਾਕ ਰਾਹੀਂ ਭੇਜ ਦਿੱਤੇ ਜਾਂਦੇ ਹਨ। ਕੁਝ ਲੋਕ ਦਸਤੀ ਵੀ ਚੋਣ ਬੈਲਟ ਲੈ ਜਾਂਦੇ ਹਨ। ਡੋਨਲਡ ਟਰੰਪ ਨੇ ਸਾਰੇ ਮੀਡੀਆ ਦੀਆਂ ਕਿਆਸ ਅਰਾਈਆਂ ਨੂੰ ਨਕਾਰਦਿਆਂ ਵੱਡੇ ਅੰਤਰ ਨਾਲ ਚੋਣ ਜਿੱਤ ਲਈ ਹੈ। ਸਾਰੇ ਅਮਰੀਕਨ ਚੈਨਲ ਅਤੇ ਸੋਸ਼ਲ ਮੀਡੀਆ ਕਾਂਟੇ ਦੀ ਟੱਕਰ ਕਹਿ ਰਿਹਾ ਸੀ। ਪ੍ਰੰਤੂ ਟਰੰਪ ਨੇ ਅਜਿਹਾ ਧੋਬੀ ਪਟੜਾ ਮਾਰਿਆ ਕਿ ਕਮਲਾ ਹੈਰਿਸ ਨੂੰ ਚਿੱਤ ਕਰਕੇ ਰੱਖ ਦਿੱਤਾ ਹੈ। ਇੱਕ ਕਿਸਮ ਨਾਲ ਉਸਨੇ 2020 ਵਿਚ ਚੋਣ ਹਾਰਨ ਦਾ ਬਦਲਾ ਲੈ ਲਿਆ ਹੈ। ਹਾਲਾਂਕਿ ਉਸਨੇ ਉਸ ਚੋਣ ਦੇ ਨਤੀਜੇ ਨੂੰ ਕਦੀ ਮੰਨਿਆਂ ਹੀ ਨਹੀਂ ਸੀ। ਡੋਨਲਡ ਟਰੰਪ ਨੇ ਬੜੀ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਆਪਣੀ ਚੋਣ ਮੁਹਿੰਮ ਨੂੰ ਹਮਲਾਵਰ ਰੱਖਿਆ ਅਤੇ ਅਮਰੀਕਰਨਾਂ ਦੇ ਹੱਕਾਂ ਦਾ ਪਹਿਰੇਦਾਰ ਬਣਕੇ ਚੋਣ ਪ੍ਰਚਾਰ ਕਰਦਾ ਰਿਹਾ। ਉਸਨੇ ਆਪਣੀ ਚੋਣ ਮੁਹਿੰਮ ਵਿਚ ਲੱਲ-ਘਲੱਚੀਆਂ ਨਹੀਂ ਮਾਰੀਆਂ, ਸਗੋਂ ਇਕਪਾਸੜ ਹੋ ਕੇ ਬਿਆਨਬਾਜ਼ੀ ਕਰਦਾ ਰਿਹਾ। ਨਸਲੀ ਪੱਤਾ ਚਲਾਕੇ ਵੋਟਰਾਂ ਦੀ ਪੋਲਰਾਈਜੇਸ਼ਨ ਕਰ ਦਿੱਤੀ। ਇਮੀਗਰੈਂਟਸ ਨੂੰ ਅਮਰੀਕਾ ਵਿਚੋਂ ਕੱਢਣ ਦੇ ਦ੍ਰਿੜ੍ਹ ਇਰਾਦੇ ਵਾਲੇ ਭਾਸ਼ਣ ਦਿੰਦਾ ਰਿਹਾ। ਡੋਨਾਲਡ ਟਰੰਪ ਦਾ ਰਾਸ਼ਟਰਪਤੀ ਚੁਣੇ ਜਾਣਾ ਇਮੀਗਰੈਂਟਸ ਲਈ ਖ਼ਤਰੇ ਦੀ ਘੰਟੀ ਹੈ। ਹਾਲਾਂਕਿ ਉਸਦੀ ਆਪਣੀ ਪਤਨੀ



ਮੇਨੇਲੀਆ ਟਰੰਪ ਸੋਲੋਵੀਆਈ ਇਮੀਗਰੈਂਟ ਹੈ। ਡੋਨਾਲਡ ਟਰੰਪ ਅਜਿਹਾ ਪਹਿਲਾ ਰਾਸ਼ਟਰਪਤੀ ਹੈ, ਦੋਵੇਂ ਵਾਰੀ ਇਸਤਰੀਆਂ ਹਿਲੇਰੀ ਕਲਿੰਟਨ ਅਤੇ ਕਮਲਾ ਹੈਰਿਸ ਨੂੰ ਹਰਾਕੇ ਰਾਸ਼ਟਰਪਤੀ ਬਣਿਆ ਹੈ।

ਰਿਪਬਲਿਕਨ ਪ੍ਰਤੀਨਿਧੀ ਸਭਾ ਅਤੇ ਸੈਨੇਟ ਵਿਚ ਬਹੁਮਤ ਲੈ ਗਏ ਹਨ। ਰਿਪਬਲਿਕਨ ਦੇ ਪ੍ਰਤੀਨਿਧੀ ਸਭਾ 208 ਤੇ ਡੈਮੋਕਰੈਟ 189 ਅਤੇ ਸੈਨੇਟ ਵਿਚ ਰਿਪਬਲਿਕਨ 52 ਤੇ ਡੈਮੋਕਰੈਟ 44 ਸੀਟਾਂ ਜਿੱਤ ਸਕੇ ਹਨ। ਰਾਜਪਾਲ ਵੀ ਰਿਪਬਲਿਕਨ ਦੇ 27 ਤੇ ਡੈਮੋਕਰੈਟ ਦੇ 23 ਜਿੱਤੇ ਹਨ। ਪ੍ਰਤੀਨਿਧੀ ਸਭਾ ਵਿਚ ਭਾਰਤੀ ਮੂਲ ਦੇ 6 ਡਾ. ਐਮੀ ਬੇਰਾ, ਰੋ ਖੰਨਾ, ਸ੍ਰੀ ਥਾਣੇਦਾਰ, ਪ੍ਰੋਮਿਲਾ ਜੈਪਾਲ, ਰਾਜਾ ਕ੍ਰਿਸ਼ਨਾਮੂਰਥੀ ਅਤੇ ਸੁਹਾਸ ਸੁਬਰਾਮਨੀਅਮ ਜਿੱਤੇ ਹਨ। ਉਪ ਰਾਸ਼ਟਰਪਤੀ ਚੁਣੇ ਗਏ ਜੇ.ਡੀ. ਵੈਂਸ ਦੀ ਪਤਨੀ ਊਸ਼ਾ ਵੈਂਸ ਵੀ ਭਾਰਤੀ ਮੂਲ ਦੀ ਅਮਰੀਕਨ ਹੈ। ਉਹ ਆਂਧਰਾ ਪ੍ਰਦੇਸ਼ ਦੇ ਨਿਦਾਦਾਵੋਲੂ ਵਿਧਾਨ ਸਭਾ ਹਲਕੇ ਦੇ ਵਡਲੁਰੂ ਪਿੰਡ ਦੀ ਰਹਿਣ ਵਾਲੀ ਹੈ।

ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਅਸਿੱਧੇ ਢੰਗ ਨਾਲ ਹੁੰਦੀ ਹੈ। ਪਹਿਲਾਂ ਵੋਟਰ ਆਪਣੀਆਂ ਵੋਟਾਂ ਨਾਲ 'ਇਲੈਕਟੋਰਲ ਕਾਲਜ' ਦੀ ਚੋਣ ਕਰਦੇ ਹਨ। ਹਰ ਰਾਜ ਵਿਚ ਵੋਟ ਦੀ ਜਨਸੰਖਿਆ ਅਨੁਸਾਰ ਵੱਖਰੀ ਕੀਮਤ ਹੁੰਦੀ ਹੈ। 'ਇਲੈਕਟੋਰਲ ਕਾਲਜ' ਰਾਸ਼ਟਰਪਤੀ ਦੀ ਚੋਣ ਕਰਦਾ ਹੈ। ਰਾਸ਼ਟਰਪਤੀ ਦੀ ਚੋਣ ਜਿੱਤਣ ਲਈ 'ਇਲੈਕਟੋਰਲ ਕਾਲਜ' ਦੀਆਂ 538 ਵੋਟਾਂ ਹਨ। ਜਿੱਤਣ ਵਾਲੇ ਉਮੀਦਵਾਰ ਨੂੰ ਘੱਟੋ-ਘੱਟ 270 ਵੋਟਾਂ ਲੈਣੀਆਂ ਪੈਂਦੀਆਂ ਹਨ। 235 ਸਾਲਾਂ ਦੇ ਅਮਰੀਕਾ ਦੇ ਇਲੈਕਟੋਰਲ ਇਤਿਹਾਸ ਵਿਚ ਕੋਈ ਵੀ ਇਸਤਰੀ ਰਾਸ਼ਟਰਪਤੀ ਚੁਣੀ ਨਹੀਂ ਜਾ ਸਕੀ। ਇਸ ਚੋਣ ਵਿਚ 8 ਉਮੀਦਵਾਰਾਂ ਨੇ ਚੋਣ ਲੜੀ ਸੀ, ਜਿਸ ਵਿਚ ਦੋ ਪ੍ਰਮੁੱਖ ਉਮੀਦਵਾਰ ਰਿਪਬਲਿਕਨ ਪਾਰਟੀ ਦੇ 78 ਸਾਲਾ ਡੋਨਲਡ ਟਰੰਪ ਅਤੇ ਡੈਮੋਕਰੈਟਿਕ ਪਾਰਟੀ ਦੀ 60 ਸਾਲਾ ਕਮਲਾ ਹੈਰਿਸ ਸਨ। ਕਮਲਾ ਹੈਰਿਸ ਭਾਰਤੀ ਮੂਲ ਦੀ ਅਮਰੀਕਨ ਹੈ। ਉਸ ਦੇ ਮਾਪੇ ਦਿੱਲੀ ਤੇ ਨਾਨਕੇ ਭਾਰਤ ਦੇ ਤਾਮਿਲਨਾਡੂ ਰਾਜ ਦੇ ਬੁਲਾਸੇਂਦਰਾਪੁਰਮ ਦੇ ਰਹਿਣ ਵਾਲੇ ਸਨ। ਡੈਮੋਕਰੈਟ ਨੇ ਜੋਅ ਬਾਇਡਨ ਨੂੰ ਆਪਣਾ ਉਮੀਦਵਾਰ ਬਣਾਇਆ ਸੀ ਪ੍ਰੰਤੂ ਉਹ ਪ੍ਰੈਜੀਡੈਂਸ਼ੀਅਲ ਡੀਬੇਟ ਵਿਚ ਡੋਨਾਲਡ ਟਰੰਪ ਦਾ ਮੁਕਾਬਲਾ ਨਾ ਕਰ ਸਕਿਆ। ਇਸ ਕਰਕੇ ਜੋਅ ਬਾਇਡਨ ਨੇ ਡੈਮੋਕਰੈਟ ਪਾਰਟੀ ਦੇ ਦਬਾਅ ਕਰਕੇ 21 ਜੁਲਾਈ ਨੂੰ ਵਿਦਡਰਾਅ ਕਰ ਗਿਆ ਸੀ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਨਾਮ ਦੀ ਤਜ਼ਵੀਜ ਕਰ ਦਿੱਤੀ। ਡੈਮੋਕਰੈਟ ਪਾਰਟੀ ਨੇ 5 ਅਗਸਤ ਨੂੰ ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਰਾਸ਼ਟਰਪਤੀ ਦਾ ਉਮੀਦਵਾਰ ਬਣਾ ਲਿਆ। ਪਿਛਲੀ ਵਾਰ 2 ਨਵੰਬਰ 2020 ਵਿਚ ਰਾਸ਼ਟਰਪਤੀ ਦੀ ਚੋਣ ਹੋਈ ਸੀ, ਜਿਸ ਵਿਚ ਡੋਨਲਡ ਟਰੰਪ ਨੂੰ 232 ਦੇ ਮੁਕਾਬਲੇ 306 ਵੋਟਾਂ ਨਾਲ ਹਰਾ ਕੇ ਜੋਅ ਬਾਇਡਨ ਰਾਸ਼ਟਰਪਤੀ ਚੁਣੇ ਗਏ ਸਨ। 2020 ਵਿਚ 66.1 ਫ਼ੀਸਦੀ ਤੇ ਇਸ ਵਾਰ 64.54 ਫ਼ੀਸਦੀ ਵੋਟਾਂ ਪੋਲ ਹੋਈਆਂ ਹਨ। ਅਮਰੀਕਾ ਦੇ 16.4 ਕਰੋੜ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕਰਦਿਆਂ ਰਾਸ਼ਟਰਪਤੀ ਚੁਣਿਆ ਹੈ। ਅਮਰੀਕਾ ਵਿਚ ਪਹਿਲੀ ਵਾਰ 1828 ਵਿਚ ਰਾਸ਼ਟਰਪਤੀ ਦੀ ਚੋਣ ਵਿਚ 57.6 ਫ਼ੀਸਦੀ ਵੋਟਾਂ ਪੋਲ ਹੋਈਆਂ ਸਨ। ਪ੍ਰੰਤੂ 1876 ਵਿਚ ਹੁਣ ਤੱਕ ਦੀਆਂ ਚੋਣਾਂ ਵਿਚ ਸਭ ਤੋਂ ਵੱਧ 88.8 ਫ਼ੀਸਦੀ ਵੋਟਾਂ ਪੋਲ ਹੋਈਆਂ ਸਨ। ਸਭ ਤੋਂ ਘੱਟ 1996 ਵਿਚ 49 ਫ਼ੀਸਦੀ ਵੋਟਾਂ ਪੋਲ ਹੋਈਆਂ ਸਨ। 2024 ਦੀਆਂ ਚੋਣਾਂ ਵਿਚ 49 ਫ਼ੀਸਦੀ ਡੈਮੋਕਰੈਟਿਕ ਪਾਰਟੀ ਅਤੇ 48 ਫ਼ੀਸਦੀ ਰਿਕਪਬਲਿਕਨ ਪਾਰਟੀ ਦੇ ਵੋਟਰ ਹਨ। 3 ਫ਼ੀਸਦੀ ਲਗਪਗ 49.2 ਲੱਖ ਆਜ਼ਾਦ ਵੋਟਰ ਹਨ। ਜਿੱਤ ਦਾ ਫ਼ੈਸਲਾ ਇਨ੍ਹਾਂ ਆਜ਼ਾਦ ਵੋਟਰਾਂ ਦੀਆਂ ਵੋਟਾਂ ਨਾਲ ਹੋਇਆ ਹੈ। 24 ਸਾਲ ਤੱਕ ਦੇ ਨੌਜਵਾਨ 49 ਫ਼ੀਸਦੀ ਵੋਟਰ ਅਤੇ 35 ਤੋਂ 50 ਸਾਲ ਤੱਕ ਦੇ 46 ਫ਼ੀਸਦੀ ਵੋਟਰ ਸਨ।

ਐਰੀਜੋਨਾ, ਜਾਰਜੀਆ, ਪੈਨਸਿਲਵੇਨੀਆ, ਨਵਾਡਾ, ਮਿਸ਼ੀਗਨ, ਨਾਰਥ ਕੈਰੋਲੀਨਾ ਅਤੇ ਵਿਸਕਾਨਸਿਨ ਰਿਪਬਲਿਕਨ ਦਾ ਗੜ੍ਹ ਸਮਝਿਆ ਜਾਂਦਾ ਹੈ। ਹਰ ਰਾਸ਼ਟਰਪਤੀ ਦੀ ਜਿੱਤ ਦਾ ਫ਼ੈਸਲਾ ਇਹੀ ਰਾਜ ਕਰਦੇ ਹਨ। ਇੱਥੇ ਦੋਹਾਂ ਪਾਰਟੀਆਂ ਦੇ ਉਮੀਦਵਾਰਾਂ ਦੀ ਟੱਕਰ ਫਸਵੀਂ ਹੁੰਦੀ ਹੈ। ਇਸ ਵਾਰ ਡੋਨਲਡ ਟਰੰਪ ਇਨ੍ਹਾਂ ਸੂਬਿਆਂ ਵਿਚ ਜਿੱਤ ਗਏ ਹਨ, ਜਿਸ ਕਰਕੇ ਉਸਦੀ ਜਿੱਤ ਵੱਡੇ ਪੱਧਰ 'ਤੇ ਹੋਈ ਹੈ।

ਅਮਰੀਕਾ ਦੀਆਂ 50 ਸਟੇਟਾਂ, ਇੱਕ ਫੈਡਰਲ ਡਿਸਟ੍ਰਿਕ (ਵਾਸ਼ਿੰਗਟਨ ਡੀ.ਸੀ.) ਰਾਜਧਾਨੀ ਹੈ ਅਤੇ 5 ਮੇਜਰ ਟੇਰੋਟਰੀਜ਼ ਹਨ। ਰਾਸ਼ਟਰਪਤੀ ਦੀ ਚੋਣ ਦੇ ਨਾਲ ਹੀ ਵੋਟਰ ਸੈਨੇਟ ਦੇ ਮੈਂਬਰਾਂ, ਪ੍ਰਤੀਨਿਧੀ ਸਭਾ ਅਤੇ ਰਾਜਪਾਲਾਂ ਦੀ ਚੋਣ ਕੀਤੀ ਗਈ ਹੈ। ਹਰ ਸਟੇਟ ਦੋ ਸੈਨੇਟਰ ਚੁਣਦੀ ਹੈ। ਕੈਲੀਫੋਰਨੀਆ ਸਭ ਤੋਂ ਵੱਡੀ ਸਟੇਟ ਅਤੇ ਵਾਈਮਿੰਗ ਸਭ ਤੋਂ ਛੋਟੀ ਸਟੇਟ ਹੈ। ਅਮਰੀਕਾ ਦੀ ਜਨਸੰਖਿਆ 33 ਕਰੋੜ 89 ਲੱਖ 3238 ਹੈ। ਲਗਪਗ 30 ਅਹੁਦਿਆਂ ਦੀ ਇੱਕੋ ਸਮੇਂ ਚੋਣ ਹੋਈ ਹੈ। ਇਸ ਚੋਣ ਵਿਚ 3 ਦਰਜਨ ਭਾਰਤੀ ਮੂਲ ਦੇ ਉਮੀਦਵਾਰ ਪ੍ਰਤੀਨਿਧੀ ਸਭਾ, ਰਾਜਪਾਲ, ਸੂਬਾਈ ਵਿਧਾਇਕ, ਜੱਜ ਅਤੇ ਸਥਾਨਕ ਸਰਕਾਰਾਂ ਦੇ ਨੁਮਾਇੰਦਿਆਂ ਦੀਆਂ ਚੋਣਾਂ ਲੜੇ ਸਨ, ਇਨ੍ਹਾਂ ਵਿਚ ਬਹੁਤੇ ਕੈਲੀਫੋਰਨੀਆ ਸਟੇਟ ਵਿਚੋਂ ਹਨ। ਕੈਲੀਫੋਰਨੀਆ ਵਿਚ 9 ਲੱਖ ਭਾਰਤੀ ਮੂਲ ਦੇ ਅਮਰੀਕਨ ਹਨ। ਕਮਲਾ ਹੈਰਿਸ ਨੇ ਇਹ ਚੋਣ ਨੈਤਿਕਤਾ ਅਤੇ ਇਨਟੇਗਰਿਟੀ ਨੂੰ ਮੁੱਦਾ ਬਣਾਕੇ ਵੀ ਲੜੀ ਸੀ। ਡੋਨਾਲਡ ਟਰੰਪ ਨੇ ਇਸ ਚੋਣ ਵਿਚ ਅਭੱਦਰ ਸ਼ਬਦਾਵਲੀ ਵਰਤੀ ਹੈ। ਇਥੋਂ ਤੱਕ ਕਿ ਮੂਰਖ ਵੀ ਕਿਹਾ ਹੈ। ਉਸਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਮ 'ਤੇ ਭਾਰਤੀ ਮੂਲ ਦੇ ਅਮਰੀਕਨਾਂ ਤੋਂ ਵੋਟਾਂ ਵੀ ਮੰਗੀਆਂ ਸਨ। ਉਸਨੇ ਨਸਲੀ ਪੱਤਾ ਵੀ ਖੇਡਿਆ ਸੀ, ਜਿਹੜਾ ਉਸਨੂੰ ਰਾਸ ਆ ਗਿਆ। 2020 ਵਿਚ ਵੀ ਡੋਨਾਲਡ ਟਰੰਪ ਦੀ ਮਦਦ ਕਰਨ ਲਈ ਨਰਿੰਦਰ ਮੋਦੀ ਨੇ ਭਾਰਤੀ ਮੂਲ ਦੇ ਅਮਰੀਕਨਾਂ ਦੀ ਰੈਲੀ ਕਰਕੇ ਟਰੰਪ ਲਈ ਵੋਟਾਂ ਮੰਗੀਆਂ ਸਨ। ਕਮਲਾ ਹੈਰਿਸ ਨੇ ਵੀ ਟਰੰਪ ਨੂੰ ਅਮਰੀਕਾ ਲਈ ਖ਼ਤਰਨਾਕ ਵਿਅਕਤੀ ਕਿਹਾ ਸੀ। ਡੋਨਾਲਡ ਟਰੰਪ ਨੇ ਦੂਜੀ ਵਾਰ ਚੋਣ ਲੜੀ ਹੈ, ਪਹਿਲੀ ਵਾਰ ਉਹ 2017 ਵਿਚ ਰਾਸ਼ਟਰਪਤੀ ਚੁਣਿਆ ਗਿਆ ਸੀ। ਅਮਰੀਕਾ ਦੇ ਇਤਿਹਾਸ ਵਿਚ ਉਹ ਫ਼ਰੈਂਕਲਿਨ ਡੀਲੈਨੋ ਰੂਜ਼ਵੈਲਟ ਤੋਂ ਬਾਅਦ ਦੂਜਾ ਰਾਸ਼ਟਰਪਤੀ ਹੈ, ਜਿਹੜਾ ਅਪਰਾਧਿਕ ਕੇਸਾਂ ਦੇ ਬਾਵਜੂਦ ਵੱਡੇ ਅੰਤਰ ਨਾਲ ਜਿੱਤਿਆ ਹੈ। ਉਸਨੂੰ ਦੋ ਵਾਰ 2019 ਅਤੇ 2021 ਵਿਚ ਇਮਪੀਚ ਵੀ ਕੀਤਾ ਗਿਆ ਸੀ। ਇਹ ਚੋਣ ਵਿਵਾਦਤ ਤੇ ਵਿਅਕਤੀਗਤ ਵੀ ਰਹੀ ਕਿਉਂਕਿ ਦੋਵੇਂ ਉਮੀਦਵਾਰ ਇੱਕ ਦੂਜੇ ਬਾਰੇ ਅਣਸੁਖਾਵੀਆਂ ਟਿੱਪਣੀਆਂ ਕਰਦੇ ਰਹੇ। ਪਹਿਲੀ ਵਾਰ ਦੋਹਾਂ ਉਮੀਦਵਾਰਾਂ ਦਾ ਅੱਡੀ ਤੋਂ ਚੋਟੀ ਦਾ ਜ਼ੋਰ ਲੱਗਿਆ ਰਿਹਾ। ਅਮਰੀਕਾ ਦੀ ਵੋਟਿੰਗ ਪ੍ਰਣਾਲੀ ਦੀ ਖਾਸੀਅਤ ਹੈ ਕਿ ਚੋਣ ਸਮੇਂ ਏਥੇ ਕੋਈ ਬੂਥ ਨਹੀਂ ਲੱਗਦੇ ਅਤੇ ਨਾ ਹੀ ਚੋਣ ਵਾਲੇ ਦਿਨ ਕਿਸੇ ਨੂੰ ਵੋਟ ਪਾਉਣ ਦੀ ਬੇਨਤੀ ਕੀਤੀ ਜਾਂਦੀ ਹੈ। ਕੋਈ ਭੀੜ-ਭੜੱਕਾ ਨਹੀਂ ਸੀ। ਸਾਰਾ ਕੰਮ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹ ਗਿਆ ਸੀ। ਵੋਟਾਂ ਦੀ ਗਿਣਤੀ ਹਰ ਰਾਜ ਵਿਚ ਹੁੰਦੀ ਹੈ। ਅੱਧੀਆਂ ਵੋਟਾਂ ਡਾਕ ਰਾਹੀਂ ਪੋਲ ਹੋਈਆਂ ਹਨ।

# ਸੋਸ਼ਲ ਮੀਡੀਆ ਅਡਿੱਕਸ਼ਨ : ਆਸਟਰੇਲੀਆ ਦਾ ਵੱਡਾ ਫੈਸਲਾ

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA




ਬਹੁਤ ਸਾਰੀਆਂ ਹੋਰ ਮਾੜੀਆਂ ਆਦਤਾਂ ਵਾਂਗ ਸੋਸ਼ਲ ਮੀਡੀਆ ਦੀ ਵਧੇਰੇ ਵਰਤੋਂ ਵੀ ਇਕ ਬੁਰੀ ਆਦਤ ਹੈ। ਜਦੋਂ ਕਿਸੇ ਨੂੰ ਹਰ ਵੇਲੇ ਸੋਸ਼ਲ ਮੀਡੀਆ ਦੀ ਲੋੜ ਮਹਿਸੂਸ ਹੁੰਦੀ ਰਹੇ। ਜਦੋਂ ਬਿਨ੍ਹਾਂ ਲੋੜ ਦੇ, ਬਿਨ੍ਹਾਂ ਮਤਲਬ ਸਮਾਰਟ ਫੋਨ ਖੋਲ੍ਹੇ ਅਤੇ ਫੇਸਬੁਕ, ਵੱਟਸਐਪ ਚੈੱਕ ਕਰਨ ਲੱਗ ਜਾਵੇ। ਉਸਨੂੰ ਸਮੇਂ ਦਾ ਪਤਾ ਹੀ ਨਾ ਚੱਲੇ। ਉਸਦੇ ਜ਼ਰੂਰੀ ਕੰਮ, ਰੋਜ਼ਾਨਾ ਦੇ ਕੰਮਕਾਰ ਪ੍ਰਭਾਵਤ ਹੋਣ ਲੱਗਣ, ਉਸਦਾ ਜੀਵਨ ਪ੍ਰਭਾਵਤ ਹੋਣ ਲੱਗੇ, ਉਸਦੀ ਸਿਹਤ 'ਤੇ ਅਸਰ ਪੈਣ ਲੱਗੇ, ਤਾਂ ਇਸਨੂੰ ਸੋਸ਼ਲ ਮੀਡੀਆ ਅਡਿੱਕਸ਼ਨ ਕਿਹਾ ਜਾਂਦਾ ਹੈ।

ਇਸਦੇ ਕੁਝ ਉੱਭਰਵੇਂ ਲੱਛਣ ਇਸ ਪ੍ਰਕਾਰ ਹਨ : ਜਦ ਇੰਟਰਨੈਟ ਬੰਦ ਹੋਵੇ ਤਾਂ ਪ੍ਰੇਸ਼ਾਨੀ ਹੋਣ ਲੱਗੇ। ਸਵੇਰੇ ਉੱਠਦੇ ਸਾਰ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਸੋਸ਼ਲ ਮੀਡੀਆ ਚੈੱਕ ਕੀਤਾ ਜਾਵੇ। ਸੋਸ਼ਲ ਮੀਡੀਆ 'ਤੇ ਲੰਮਾ ਸਮਾਂ ਬਤੀਤ ਕੀਤਾ ਜਾਵੇ। ਆਫ਼ਲਾਈਨ ਗਤੀਵਿਧੀਆਂ 'ਚੋਂ ਰੁਚੀ ਘੱਟਦੀ ਜਾਵੇ। ਜਦੋਂ ਲਾਈਕ, ਕਮੈਂਟ ਘੱਟ ਮਿਲਣ ਜਾਂ ਨਾ ਮਿਲਣ ਤਾਂ ਬੁਰਾ ਲੱਗਣ ਲੱਗੇ। ਤੁਰਦੇ ਹੋਏ, ਡਰਾਈਵਿੰਗ ਕਰਦੇ ਹੋਏ ਵੀ ਸੋਸ਼ਲ ਮੀਡੀਆ ਚੈੱਕ ਕਰਨਾ। ਘਰ ਵਿਚ ਹੁੰਦੇ ਹੋਏ, ਨੇੜੇ ਹੁੰਦੇ ਹੋਏ ਵੀ ਪਰਿਵਾਰ ਦੇ ਮੈਂਬਰਾਂ ਜਾਂ ਦੋਸਤਾਂ ਨਾਲ ਸੋਸ਼ਲ ਮੀਡੀਆ ਰਾਹੀਂ ਸੰਚਾਰ ਕਰਨਾ। ਆਹਮਣੇ-ਸਾਹਮਣੇ ਗੱਲਬਾਤ ਬਹੁਤ ਘੱਟ ਜਾਣੀ। ਇਹ ਅਤੇ ਅਜਿਹੇ ਬਹਤ ਸਾਰੇ ਹੋਰ ਲੱਛਣ ਵੇਖੇ ਜਾ ਸਕਦੇ ਹਨ।

ਇਸਦਾ ਸਿੱਧੇ ਤੌਰ 'ਤੇ ਸਾਡੀ ਮਾਨਸਿਕ ਤੇ ਸਰੀਰਕ ਸਿਹਤ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਸਮਾਜਿਕ ਪਰਿਵਾਰਕ ਰਿਸ਼ਤਿਆਂ 'ਤੇ ਪੈਣ ਲੱਗਦਾ ਹੈ। ਸਾਡੇ ਕੰਮ ਕਾਰ, ਸਾਡੀ ਨੌਕਰੀ, ਸਾਡੀ ਆਰਥਿਕਤਾ, ਵਿਦਿਆਰਥੀਆਂ ਦੀ ਪੜ੍ਹਾਈ ਅਤੇ ਅਕਾਦਮਿਕਤਾ 'ਤੇ ਪੈਣ ਲੱਗਦਾ ਹੈ। ਸਮੁੱਚੇ ਤੌਰ 'ਤੇ ਸਾਡੀ ਕਾਰਗੁਜ਼ਾਰੀ ਪ੍ਰਭਾਵਤ ਹੁੰਦੀ ਹੈ।

ਸੋਸ਼ਲ ਮੀਡੀਆ ਇਕ ਨਸ਼ੇ ਵਾਂਗ ਹੈ ਕਿਉਂਕਿ ਇਸ ਨਾਲ ਦਿਮਾਗ਼ ਉਵੇਂ ਮਹਿਸੂਸ ਕਰਦਾ ਹੈ, ਜਿਵੇਂ ਜੂਆ ਖੇਡਣ ਵੇਲੇ ਜਾਂ ਕੋਈ ਨਸ਼ਾ ਕਰਨ ਵੇਲੇ ਕਰਦਾ ਹੈ। ਦਿਮਾਗ਼ ਵਿਚੋਂ ਡੋਪਾਮਾਈਨ ਹਾਰਮੋਨ ਰਲੀਜ਼ ਹੁੰਦਾ ਹੈ, ਜਿਸ ਨਾਲ ਚੰਗਾ ਮਹਿਸੂਸ ਹੁੰਦਾ ਹੈ, ਖ਼ੁਸ਼ੀ ਮਿਲਦੀ ਹੈ ਅਤੇ ਮਨ ਹੋਰ ਹੋਰ ਵਰਤਣ ਲਈ ਪ੍ਰੇਰਿਤ ਹੁੰਦਾ ਹੈ। ਤੇਜ਼ ਤਿੱਖੀਆਂ ਰੌਸ਼ਨੀਆਂ, ਗੂੜ੍ਹੇ ਰੰਗ ਅਤੇ ਆਕਰਸ਼ਕ ਚੇਤਾਵਨੀਆਂ ਮਨ ਨੂੰ



ਸੋਸ਼ਲ ਮੀਡੀਆ ਦੀ ਵਰਤੋਂ ਦਾ ਵਿਰੋਧ ਕਰਨ ਤੋਂ ਵਰਜਦੀਆਂ ਹਨ।

ਅਜਿਹੇ ਸਮੇਂ ਸਕਰੀਨ ਟਾਈਮ ਘਟਾਉਣਾ, ਸੋਸ਼ਲ ਮੀਡੀਆ ਦੀ ਵਧੇਰੇ ਵਰਤੋਂ ਤੋਂ ਬਚਣਾ ਅਤੇ ਇਸਦੀ ਆਦਤ ਦੇ ਚੱਕਰ ਨੂੰ ਤੋੜਨਾ ਜ਼ਰੂਰੀ ਹੁੰਦਾ ਹੈ ਪਰੰਤੂ ਇਹ ਐਨਾ ਸੁਖਾਲਾ ਨਹੀਂ। ਇਹਦੇ ਲਈ ਸੁਚੇਤ ਯਤਨ ਕਰਨ ਦੀ ਲੋੜ ਹੁੰਦੀ ਹੈ।

ਸਵੇਰੇ ਉੱਠ ਕੇ ਸੈਰ ਲਈ ਜਾਓ, ਤਾਂ ਜੋ ਕੁਦਰਤੀ ਅਸਮਾਨੀ ਨੀਲਾ ਰੰਗ ਅਤੇ ਹਰਿਆਵਲ ਵੇਖਣ ਨੂੰ ਮਿਲੇ, ਕੁਦਰਤ ਨਾਲ ਇਕਮਿਕ ਹੋਣ ਦਾ ਮੌਕਾ ਮਿਲੇ। ਦਿਮਾਗ ਨੂੰ, ਸਰੀਰ ਨੂੰ ਖੁੱਲ੍ਹੀ ਆਕਸੀਜਨ ਮਿਲੇ। ਡੀਪ ਬ੍ਰੀਦਿੰਗ ਕਰੋ। ਬੁਰੀਆਂ ਆਦਤਾਂ ਛੱਡੋ, ਚੰਗੀਆਂ ਆਦਤਾਂ ਅਪਣਾਓ। ਤਕਨੀਕ ਦੀ, ਇੰਟਰਨੈੱਟ ਦੀ ਬੇਲੋੜੀ ਵਰਤੋਂ ਬੰਦ ਕਰੋ। ਵੱਧ ਤੋਂ ਵੱਧ ਸਮਾਂ ਆਪਣਾ ਫੋਨ ਆਪਣੇ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰੋ। ਫੋਨ ਦੀਆਂ ਸੈਟਿੰਗ ਤਬਦੀਲ ਕਰੋ। ਵਾਧੂ, ਬੇਲੋੜੇ, ਵੱਧ ਵਰਤੋਂ ਵਾਲੇ ਐਪ ਡਲੀਟ ਕਰ ਦਿਓ। ਜਦੋਂ ਕੰਮ ਕਰ ਰਹੇ ਹੋ, ਤਾਂ ਫੋਨ ਨੂੰ 'ਐਰੋਪਲੇਨ ਮੋਡ' 'ਤੇ ਕਰ ਦਿਓ। ਫੋਨ ਦੀ ਸਕਰੀਨ ਚਿੱਟੀ ਕਾਲੀ ਕਰ ਦਿਓ, ਤਾਂ ਜੋ ਰੰਗਾਂ ਦਾ ਆਕਰਸ਼ਨ ਨਾ ਰਹੇ। ਕਦੇ-ਕਦੇ ਜਾਂ ਹਫ਼ਤੇ ਵਿਚ ਇਕ ਦਿਨ ਫੋਨ ਤੋਂ ਛੁੱਟੀ ਲਓ। ਆਪਣੇ ਸ਼ੌਕ ਨੂੰ ਸਮਾਂ ਦਿਓ। ਕਿਤਾਬਾਂ ਪੜ੍ਹੋ, ਸੰਗੀਤ ਸੁਣੋ, ਘੁੰਮਣ-ਫਿਰਨ ਜਾਓ, ਘਰ ਦੀ ਬਗੀਚੀ ਵਿਚ ਬੂਟਿਆਂ ਦੀ ਗੋਡੀ ਕਰੋ, ਪਾਣੀ ਦਿਓ। ਆਪਣੇ ਮਨ ਨੂੰ ਸਮਾਰਟ ਫੋਨ ਦੀ ਬਹੁਤੀ ਵਰਤੋਂ ਦੇ ਬੁਰੇ ਪ੍ਰਭਾਵਾਂ ਬਾਰੇ ਸਮਝਾਓ।

ਇੰਝ ਕਰਕੇ ਹੀ ਸੋਸ਼ਲ ਮੀਡੀਆ ਦੀ ਲੱਤ ਨੂੰ ਘਟਾਇਆ ਜਾ ਸਕਦਾ ਹੈ।

ਆਸਟਰੇਲੀਆ ਦੁਨੀਆਂ ਦਾ ਅਜਿਹਾ ਪਹਿਲਾ ਮੁਲਕ ਬਣਨ ਜਾ ਰਿਹਾ ਹੈ, ਜਿਹੜਾ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਇੰਟਰਨੈੱਟ ਵਰਤਣ ਤੋਂ ਸਖ਼ਤ ਕਾਨੂੰਨ ਰਾਹੀਂ ਰੋਕਣ ਲੱਗਾ ਹੈ। ਨਵੰਬਰ ਦੇ ਅਖੀਰ ਵਿਚ ਬਿੱਲ ਦੇ ਵੇਰਵੇ ਸਾਹਮਣੇ ਆਉਣਗੇ ਅਤੇ ਸਾਲ ਬਾਅਦ ਇਹ ਕਾਨੂੰਨ ਲਾਗੂ ਹੋ ਜਾਵੇਗਾ। ਲਾਗੂ ਕਰਨ ਦੀ ਜ਼ਿੰਮੇਵਰੀ ਮੀਡੀਆ ਪਲੇਟਫਾਰਮਾਂ ਦੀ ਹੋਵੇਗੀ।

ਪ੍ਰਧਾਨ ਮੰਤਰੀ ਐਥਨੀ ਅਲਬਨੀਜ਼, ਮਾਪਿਆਂ ਦੁਆਰਾ ਬੱਚਿਆਂ ਦੀ ਸਰੱਖਿਆ ਪ੍ਰਤੀ ਪ੍ਰਗਟਾਈ ਚਿੰਤਾ ਨੂੰ ਲੈ ਕੇ ਚਿੰਤਤ ਹਨ। ਅਕਤੂਬਰ ਮਹੀਨੇ ਇਕ ਲੱਖ 25 ਹਜ਼ਾਰ ਦਸਤਖ਼ਤਾਂ ਵਾਲੀ ਅਪੀਲ ਸਰਕਾਰ ਨੂੰ ਸੌਂਪੀ ਗਈ ਸੀ, ਜਿਸਦੇ ਨਤੀਜੇ ਵਜੋਂ ਉਪਰੋਕਤ ਫੈਸਲਾ ਸਾਹਮਣੇ ਆਇਆ ਹੈ।

ਇਹ ਵੀ ਸ਼ੰਕਾ ਪ੍ਰਗਟਾਈ ਜਾ ਰਹੀ ਹੈ ਕਿ ਸੋਸ਼ਲ ਮੀਡੀਆ ਅਤੇ ਇੰਟਰਨੈੱਟ ਦੇ ਇਸ ਦੌਰ ਵਿਚ ਅਜਿਹਾ ਸਖ਼ਤ ਫੈਸਲਾ ਲਾਗੂ ਕਰ ਸਕਣਾ ਸੁਖਾਲਾ ਨਹੀਂ ਹੋਵੇਗਾ।

# ਟਰੰਪ ਸਾਹਿਬ ਨੂੰ ਮੁਬਾਰਕਾਂ !

## ਡੋਨਾਲਡ ਟਰੰਪ ਨੇ ਇਤਿਹਾਸਕ ਜਿੱਤ ਤੋਂ ਬਾਅਦ ਕਿਹਾ......

"ਡੋਨਾਲਡ ਟਰੰਪ ਨੇ ਕਿਹਾ, ਮੈਂ ਆਪਣੀ ਸੁੰਦਰ ਪਤਨੀ, ਮੇਲਾਨੀਆ ਫਸਟ ਲੇਡੀ ਦਾ ਪੂਰੇ ਸਹਿਯੋਗ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਸ ਕੋਲ ਦੇਸ਼ 'ਚ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ ਹੈ- ਕੀ ਤੁਸੀਂ ਵਿਸ਼ਵਾਸ ਕਰ ਸਕਦੇ ਹੋ ? ਉਸਨੇ ਲੋਕਾਂ ਦੀ ਹਰ ਪੱਖੋਂ ਮਦਦ ਕੀਤੀ ਹੈ" - ਅਨਿਲ ਧੀਰ

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
ਪੰਜਾਬ ਮੇਲ USA





ਡੋਨਾਲਡ ਟਰੰਪ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਚੁਣੇ ਗਏ ਹਨ। ਅਮਰੀਕਾ ਦੇ 235 ਸਾਲਾਂ ਦੇ ਇਲੈਕਟੋਰਲ ਇਤਿਹਾਸ 'ਚ ਕੋਈ ਵੀ ਔਰਤ ਰਾਸ਼ਟਰਪਤੀ ਨਹੀਂ ਚੁਣੀ ਜਾ ਸਕੀ। ਇਤਿਹਾਸਕ ਜਿੱਤ ਤੋਂ ਬਾਅਦ ਅੰਤਰਰਾਸ਼ਟਰੀ ਪੱਧਰ 'ਤੇ ਮੁਬਾਰਕਾਂ ਦਾ ਸਿਲਸਿਲਾ ਚੱਲ ਰਿਹਾ ਹੇ, ਜੋ ਅਜੇ ਕਈ ਦਿਨ ਤੱਕ ਚੱਲੇਗਾ।

ਅਮਰੀਕੀ ਇਤਿਹਾਸ 'ਚ ਕਰੀਬਨ 86 ਮਿਲੀਅਨ ਵੋਟਰਾਂ ਨੇ ਆਪਣੇ ਹੱਕ ਦਾ ਇਸਤੇਮਾਲ ਕੀਤਾ। ਮਿਸ਼ੀਗਨ, ਨਾਰਥ ਕੈਰੋਲੀਨਾ, ਵਿਸਕਾਨਸਿਨ, ਐਰੀਜ਼ੋਨਾ, ਜਾਰਜੀਆ, ਪੈਨਸਿਲਵੇਨੀਆ ਤੇ ਨਵਾਡਾ ਰਿਪਬਲੀਕਨ ਦੇ ਗੜ੍ਹ ਸਮਝੇ ਜਾਂਦੇ ਹਨ। ਹਰ ਰਾਸ਼ਟਰਪਤੀ ਦੀ ਜਿੱਤ ਦਾ ਫੈਸਲਾ ਇਹੀ ਰਾਜ ਕਰਦੇ ਹਨ। ਇੱਥੇ ਦੋਵੇਂ ਪਾਰਟੀਆਂ ਦੇ ਉਮੀਦਵਾਰਾਂ ਦੀ ਤੱਕੜੀ ਟੱਕਰ ਹੁੰਦੀ ਹੈ।

ਡੋਨਾਲਡ ਟਰੰਪ ਨੇ ਆਪਣੀ ਰਿਕਾਰਡਤੋੜ ਜਿੱਤ ਦੇ ਪਹਿਲੇ ਭਾਸ਼ਣ 'ਚ ਪਾਰਟੀ ਦੇ ਸਮਰਥਕਾਂ ਦਾ ਅਤੇ ਪਰਿਵਾਰਕ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ "ਮੈਂ ਰਿਕਾਰਡ ਗਿਣਤੀ 'ਚ ਪ੍ਰਦਰਸ਼ਨ ਕਰਨ ਅਤੇ ਜਿੱਤ ਦਿਵਾਉਣ ਲਈ ਲੱਖਾਂ ਅਮਰੀਕੀਆਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਅਸੀਂ ਤੁਹਾਨੂੰ ਵਾਪਸ ਭੁਗਤਾਨ ਕਰਾਂਗੇ ਅਤੇ ਆਪਣਾ ਸਭ ਤੋਂ ਵਧੀਆ ਕੰਮ ਕਰਾਂਗੇ। ਅਸੀਂ ਇਸ ਨੂੰ ਹਰ ਤਰੀਕੇ ਨਾਲ ਮੋੜ ਦੇਵਾਂਗੇ। ਇਸ ਨੂੰ ਉਸ ਦਿਨ ਵਜੋਂ ਯਾਦ ਕੀਤਾ ਜਾਵੇਗਾ, ਜਦੋਂ ਅਮਰੀਕੀ ਲੋਕਾਂ ਨੇ ਦੇਸ਼ 'ਤੇ ਮੁੜ ਕਬਜ਼ਾ ਕੀਤਾ ਸੀ।"

- ਡੋਨਾਲਡ ਟਰੰਪ ਨੇ ਕਿਹਾ, ਮੈਂ ਆਪਣੀ ਸੁੰਦਰ ਪਤਨੀ, ਮੇਲਾਨੀਆ ਫਸਟ ਲੇਡੀ ਦਾ ਪੂਰੇ ਸਹਿਯੋਗ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਸ ਕੋਲ ਦੇਸ਼ 'ਚ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ ਹੈ, ਕੀ ਤੁਸੀਂ ਵਿਸ਼ਵਾਸ ਕਰ ਸਕਦੇ ਹੋ ?
- ਮੇਰੇ ਆਪਣੇ ਸ਼ਾਨਦਾਰ ਬੱਚੇ ਡੌਨ, ਐਰਿਕ, ਇਵਾਂਕਾ, ਟਿਫਨੀ, ਬੈਰਨ, ਲਾਰਾ, ਜੇਰੇਡ, ਕਿੰਬਰਲੀ, ਮਾਈਕਲ ਯਾਨਿ ਪੂਰੇ ਪਰਿਵਾਰ ਦਾ ਇਸ ਜਿੱਤ ਲਈ ਧੰਨਵਾਦ ਕਰਦਾ ਹਾਂ। ਉਨ੍ਹਾਂ ਨੇ ਆਪਣੇ ਸਹੁਰੇ, ਵਿਕਟਰ ਦੀ ਪ੍ਰਸ਼ੰਸਾ ਕੀਤੀ ਤੇ ਮੇਲਾਨੀਆ ਦੀ ਮਾਂ ਅਮਲੀਜਾ ਨੂੰ ਵੀ ਯਾਦ ਕਰਦੇ ਹੋਏ ਕਿਹਾ ਕਿ ਉਹ ਇੱਕ ਮਹਾਨ ਔਰਤ ਸੀ।
- ਆਪਣੀ ਜਿੱਤ ਤੋਂ ਬਾਅਦ ਸਪੀਚ 'ਚ ਡੋਨਾਲਡ ਟਰੰਪ ਨੇ ਸਭ ਤੋਂ ਪਹਿਲਾਂ ਪਰਿਵਾਰਕ ਅਤੇ ਪਾਰਟੀ ਸਹਿਯੋਗੀਆਂ ਦਾ ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਧੰਨਵਾਦ ਕੀਤਾ।
- ਇਹ ਇੱਕ ਅਜਿਹੀ ਲਹਿਰ ਸੀ, ਜਿਸਨੂੰ ਪਹਿਲਾਂ ਕਦੇ ਕਿਸੇ ਨੇ ਨਹੀਂ ਦੇਖਿਆ ਅਤੇ ਸਪੱਸ਼ਟ ਤੌਰ 'ਤੇ ਇਹ ਮੇਰਾ ਮੰਨਣਾ ਹੈ, ਹੁਣ ਤੱਕ ਦੀ ਸੱਭ ਤੋਂ ਵੱਡੀ ਲਹਿਰ ਸੀ, ਇਸ ਦੇਸ਼ 'ਚ ਅਜਿਹਾ ਕਦੇ ਨਹੀਂ ਹੋਇਆ।
- ਅਮਰੀਕੀ ਲੋਕਾਂ ਨੇ ਇਸਨੂੰ ਆਪਣੇ ਦੇਸ਼ 'ਤੇ ਮੁੜ ਕਬਜ਼ਾ ਕਰਨ ਵਾਲਾ ਦਿਨ ਵੀ ਦੱਸਿਆ ਹੈ।
- ਨਿਊਯਾਰਕ ਸ਼ਹਿਰ 'ਚ ਪੈਦਾ ਹੋਏ 78 ਸਾਲਾ ਡੋਨਾਲਡ ਟਰੰਪ ਨੇ 132 ਸਾਲ ਬਾਅਦ ਪਿਛਲੀਆਂ ਚੋਣਾਂ 'ਚ ਹਾਰਨ ਪਿੱਛੋਂ ਦੁਬਾਰਾ ਚੋਣ ਜਿੱਤਣ ਵਾਲੇ ਰਾਸ਼ਟਰਪਤੀ ਬਣ ਗਏ ਹਨ। ਯਾਦ ਰਹੇ, 1884 'ਚ ਗਰੋਵਰ ਕਲੀਵਲੈਂਡ ਅਮਰੀਕਾ ਦੇ ਰਾਸ਼ਟਰਪਤੀ ਚੁਣੇ ਗਏ ਸਨ ਪਰ 1888 'ਚ ਹਾਰਨ ਪਿੱਛੋਂ 1892 'ਚ ਉਹ ਦੁਬਾਰਾ ਅਮਰੀਕਾ ਦੇ ਰਾਸ਼ਟਰਪਤੀ ਚੁਣੇ ਗਏ ਸਨ।
- ਜਿੱਤ ਤੋਂ ਪਹਿਲਾਂ ਚੋਣ ਕੰਪੇਨ 'ਚ "ਮੇਕ ਅਮੇਰੀਕਾ ਗਰੇਟ ਅਗੇਨ" ਇਸ ਪ੍ਰਚਾਰ ਮੁਹਿੰਮ 'ਚ ਟੈਸਲਾ ਅਤੇ ਸਪੇਸ ਐਕਸ ਦੇ ਸੀ.ਈ.ਓ. ਐਲਨ ਮਸਕ, ਮਾਡਲ ਐਂਬਰ ਰੋਜ਼, ਰੀਐਲਿਟੀ ਟੀ.ਵੀ. ਸਟਾਰ ਕੈਟਲਿਨ ਜੈਨਰ ਅਤੇ ਅਦਾਕਾਰ ਜਾਚਾਰੀ ਲੇਵੀ ਵਰਗੀਆਂ ਹਸਤੀਆਂ ਨੇ ਆਪਣਾ ਪੂਰਾ ਯੋਗਦਾਨ ਦਿੱਤਾ।
- ਡੋਨਾਲਡ ਟਰੰਪ ਅਮਰੀਕੀ ਅਰਥਵਿਵਸਥਾ, ਮਹਿੰਗਾਈ ਅਤੇ ਨਾਜਾਇਜ਼ ਪ੍ਰਵਾਸ ਦੀ ਸਮੱਸਿਆ ਦਾ ਮੁੱਦਾ ਬਣਾਉਣ ਤੋਂ ਇਲਾਵਾ ਅਮਰੀਕਾ ਫਸਟ ਦੀ ਨੀਤੀ ਅਪਣਾਉਣ, ਤਕਨਾਲੋਜੀ ਦੇ ਖੇਤਰ 'ਚ ਚੀਨ ਨੂੰ ਮਿਲੀ ਬੜਤ ਘੱਟ ਕਰਨ ਲਈ ਆਪਣੇ ਦੇਸ਼ 'ਚ ਨਵੀਆਂ ਪ੍ਰਤੀਭਾਵਾਂ ਨੂੰ ਬੁਲਾਉਣ ਦੀ ਗੱਲ ਵੀ ਕਹੀ ਹੈ।
- ਡੋਨਾਲਡ ਟਰੰਪ ਨੇ ਤੀਜੇ ਵਿਸ਼ਵ ਯੁੱਧ ਨੂੰ ਟਾਲਣ 'ਤੇ ਵੀ ਜੋਰ ਦਿੱਤਾ ਹੈ।
- ਆਪਣੀ ਜਿੱਤ ਤੋਂ ਬਾਅਦ ਟਰੰਪ ਨੇ ਪਹਿਲੀ ਸਪੀਚ 'ਚ ਕਿਹਾ ਕਿ ਅਗਲੇ ਚਾਰ ਸਾਲ ਅਮਰੀਕਾ ਲਈ ਸਵਰਣ ਯੁੱਗ ਹੋਣਗੇ। ਇਹ ਅਮਰੀਕਾ ਦੇ ਲੋਕਾਂ ਦੀ ਸ਼ਾਨਦਾਰ ਜਿੱਤ ਹੈ, ਜੋ ਸਾਨੂੰ ਅਮਰੀਕਾ ਨੂੰ ਫਿਰ ਤੋਂ ਮਹਾਨ ਬਣਾਉਣ ਦੇ ਕਾਬਿਲ ਬਣਾਵੇਗੀ। ਅਸੀਂ ਮਿਲ ਕੇ ਸ਼ੰਯੁਕਤ ਰਾਸ਼ਟਰ ਦੀ ਕਿਸਮਤ ਦੇ ਦਰਵਾਜ਼ੇ ਖੋਲ੍ਹਣ ਜਾ ਰਹੇ ਹਾਂ।
- ਮੇਰੇ ਸਰੀਰ ਦਾ ਹਰ ਸਾਹ ਤੁਹਾਡੇ ਲਈ, ਤੁਹਾਡੇ ਪਰਿਵਾਰ ਅਤੇ ਬੇਹਤਰ ਭਵਿੱਖ ਲਈ ਹੈ। ਮੈਂ ਉਦੋਂ ਤੱਕ ਆਰਾਮ ਨਹੀਂ ਕਰਾਂਗਾ, ਜਦੋਂ ਤੱਕ ਅਸੀਂ ਅਮਰੀਕਾ ਨੂੰ ਮਜ਼ਬੂਤ, ਸੁਰੱਖਿਅਤ ਅਤੇ ਖੁਸ਼ਹਾਲ ਨਹੀਂ ਬਣਾਉਂਦੇ, ਜਿਸਦੇ ਤੁਸੀਂ ਅਤੇ ਸਾਡੇ ਬੱਚੇ ਹੱਕਦਾਰ ਹਨ। ਇਹ ਸੱਚਮੁੱਚ ਅਮਰੀਕਾ ਦਾ ਸੁਨਹਿਰੀ ਯੱਗ ਹੋਵੇਗਾ।
- ਤੁਹਾਡੇ ਕੋਲ ਕੁੱਝ ਮਹਾਨ ਸੈਨੇਟਰ ਹਨ ਅਤੇ ਇਹ ਲੱਗਦਾ ਹੈ ਕਿ ਅਸੀਂ ਪ੍ਰਤੀਨਿਧੀ ਸਭਾ ਦਾ ਨਿਯੰਤਰਣ ਰੱਖਾਂਗੇ। ਮੈਂ ਮਾਈਕ ਜੌਹਨਸਨ ਦਾ ਸ਼ਾਨਦਾਰ ਕੰਮ ਕਰਨ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ।

ਅੱਜ ਹਰ ਅਮਰੀਕਨ 47ਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੀ ਪਾਰਟੀ ਤੋਂ ਆਮ ਲੋਕਾਂ ਦੇ ਤੇ ਹੱਕਾਂ ਦੀ ਸੁਰੱਖਿਆ ਅਤੇ ਭਲਾਈ ਦੀ ਉਮੀਦ ਕਰਦਾ ਹੈ। ਬਿਨਾ ਖੂਨ-ਖਰਾਬੇ ਦੇ ਅੰਤਰਰਾਸ਼ਟਰੀ ਯੁੱਧ ਨੂੰ ਰੋਕਣ ਅਤੇ ਟਾਲਣ ਬਾਰੇ ਆਸ ਰੱਖਦਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਵਪਾਰਕ, ਸ਼ਾਂਤੀ, ਯੁੱਧ ਨੀਤੀ, ਠੋਸ ਰਾਜਨੀਤਿਕ ਸੰਬੰਧ, ਲੋਕਾਂ ਦੀ ਸੁਰੱਖਿਆ ਵਗੈਰਾ ਨੂੰ ਹਮੇਸ਼ਾ ਅੱਗੇ ਰੱਖਿਆ ਜਾਵੇਗਾ।

# ਮੇਰੇ ਲਿਖਣ ਦੇ ਪਿੱਛੇ ਮੇਰੀ ਭਾਵਨਾ ਕੀ ਹੈ?

ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA



ਮੇਰੇ ਲਿਖਣ ਦੇ ਪਿੱਛੇ ਸਮਾਜ ਨੂੰ ਸਿੱਖਿਅਤ ਕਰਨਾ ਹੈ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, ਸਿੱਖੀ ਸਿੱਖਿਆ ਗੁਰ ਵੀਚਾਰੁ॥ ਅਤੇ ਫਿਰ ਅੱਗੇ ਫੁਰਮਾਉਂਦੇ ਹਨ, "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥" ਜਿਸ ਦੇ ਅਰਥ ਹਨ ਕਿ ਸੱਚ ਸਭ ਤੋਂ ਉਪਰ ਹੈ ਪਰ ਆਚਾਰੁ ਸੱਚ ਤੋਂ ਵੀ ਉਪਰ ਹੈ।

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਮੱਕੇ ਮਦੀਨੇ ਗਏ ਸਨ, ਤਾਂ ਕਾਜ਼ੀਆਂ ਨੇ ਪੁੱਛਿਆ ਸੀ ਕਿ ਹਿੰਦੂ ਵੱਡਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ ਕਿ ਸ਼ੁਭ ਅਮਲਾਂ ਬਾਝਹੁ ਦੋਨੋਂ ਰੋਈ॥

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ: "ਕਰਤੂਤਿ ਪਸੂ ਕੀ ਮਾਨਸ ਜਾਤਿ॥" ਬੰਦੇ ਦੀ ਜਾਤ ਤਾਂ ਬੰਦਿਆਂ ਵਾਲੀ ਹੈ, ਪਰ ਕੰਮ ਪਸ਼ੂਆਂ ਵਾਲੇ ਹਨ।

ਆਚਾਰੁ ਬਾਰੇ ਕਵੀ ਕੈਂਸਰ ਆਖਦੇ ਹਨ:

**"If wealth is lost, Nothing is lost.**

**If health is lost, something is lost.**

**If character is lost, everything is lost."**

ਜ਼ਿੰਦਗੀ ਵਿਚ ਕੰਮ ਦੀ ਬਹੁਤ ਮਹਾਨਤਾ ਹੈ। **Work is worship.** ਭਾਵ ਕੰਮ ਹੀ ਪੂਜਾ ਹੈ। **do not put off till tomorrow** ਭਾਵ ਅੱਜ ਦਾ ਕੰਮ ਕੱਲ੍ਹ ਤੇ ਨਾ ਛੱਡੋ, ਜਿਹੜਾ ਕੰਮ ਕੱਲ੍ਹ ਕਰਨਾ ਹੈ, ਉਹ ਅੱਜ ਕਰੋ ਅਤੇ ਜਿਹੜਾ ਅੱਜ ਕਰਨਾ ਹੈ, ਉਹ ਹੁਣੇ ਕਰੋ। **do not shirk work.** ਭਾਵ ਕੰਮ ਤੋਂ ਜੀਅ ਨਾ ਚੁਰਾਉ। **Hard work is the key to Success.** ਭਾਵ ਸਖਤ ਕੰਮ ਸਫਲਤਾ ਦੀ ਕੁੰਜੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, ਏਕਤਾ ਵਿਚ ਬਰਕਤ ਹੈ, ਜਿਵੇਂ ਫੁਰਮਾਉਂਦੇ ਹਨ,

"ਹੋਇ ਇਕਤ੍ਰ ਮਿਲੋ ਮੇਰੇ ਭਾਈ ਦੁਬਧਾ ਦੂਰ ਕਰੋ ਲਿਵ ਲਾਇ॥
ਹੋਵਹੁ ਹਰਿਨਾਮੈ ਕੀ ਜੋੜੀ,
ਗੁਰਮੁਖਿ ਬੈਸਹੁ ਸਫਾ ਵਿਛਾਇ॥
ਜਬ ਲਗ ਦੁਨੀਆ ਰਹੀਐ ਨਾਨਕ
ਕਿਛੁ ਸੁਣੀਐ ਕਿਛੁ ਕਹੀਐ॥"

ਮਨੁੱਖ ਨੂੰ ਇਨ੍ਹਾਂ ਵਿਚਾਰਾਂ ਅਨੁਸਾਰ ਜੀਵਨ ਗੁਜ਼ਾਰਨ ਦਾ ਯਤਨ ਕਰਨਾ ਚਾਹੀਦਾ ਹੈ। ਅੰਤ ਵਿਚ: ਗਲਤ ਕੰਮ ਨਾ ਕਰੋ। ਕਿਸੇ ਦਾ ਬੁਰਾ ਨਾ ਕਰੋ। ਕਿਸੇ ਦਾ ਦਿਲ ਨਾ ਦੁਖਾਉ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਉ। ਜਿਵੇਂ ਸ੍ਰੀ ਗੁਰੂ ਨਾਨਕ ਜੀ ਫੁਰਮਾਉਂਦੇ ਹਨ:

"ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥"

ਝੂਠ ਨਾ ਬੋਲੋ।

**Be a nice person, nice person is he who possesses a good moral character and good conscience.**

**Be honest, humble, helpful, kind, responsible, respectful, diligent, sympathetic, wise, idealistic, polite, sweet, gentle, and humanitarian.**

**ਇਸ ਦੇ ਸੰਬੰਧ ਵਿਚ ਮੈਂ 28 ਪੁਸਤਕਾਂ ਲਿਖੀਆਂ ਹਨ। ਜੇ ਕੋਈ ਪੁਸਤਕ ਲੈਣੀ ਚਾਹੁੰਦਾ ਹੋਵੇ, ਤਾਂ ਮੇਰੇ ਪਾਸੋਂ ਲੈ ਸਕਦਾ ਹੈ। ਮੇਰਾ ਫੋਨ ਨੰਬਰ ਹੈ : 530-777-0955)**

ਆਦਮੀ ਮੇਂ ਲਾਖੋਂ ਜੌਹਰ ਹੋਂ
ਅਗਰ ਆਦਮੀਅਤ ਨਹੀਂ ਤੋ ਕੁੱਛ ਭੀ ਨਹੀਂ।

# ਭਾਰਤ ਲਈ ਟਰੰਪ ਦੀ ਜਿੱਤ ਦਾ ਮਤਲਬ



-ਡਾ. ਸਤਿਆਵਾਨ ਸੌਰਭ
ਭਿਵਾਨੀ, ਹਰਿਆਣਾ
94665-26148
ਪੰਜਾਬ ਮੇਲ USA



ਟਰੰਪ ਦੀ ਜਿੱਤ ਵਪਾਰਕ ਤੌਰ 'ਤੇ ਚੁਣੌਤੀਪੂਰਨ ਹੋਣ ਦੇ ਨਾਲ-ਨਾਲ ਭਾਰਤ ਲਈ ਰਣਨੀਤਕ ਤੌਰ 'ਤੇ ਫਾਇਦੇਮੰਦ ਹੈ। ਟਰੰਪ ਦੀ ਸ਼ਾਨਦਾਰ ਵਾਪਸੀ ਦੇ ਅਸਲ ਮਹੱਤਵ ਨੂੰ ਸਮਝਣ ਲਈ, ਸਾਨੂੰ ਭਾਵਨਾਵਾਂ ਤੋਂ ਪਰੇ ਪ੍ਰਭਾਵਾਂ ਤੱਕ ਜਾਣ ਦੀ ਲੋੜ ਹੈ। ਅੰਤਰਰਾਸ਼ਟਰੀ ਸਬੰਧਾਂ ਵਿਚ ਇਹ ਇਕੱਲਾ ਕਾਫ਼ੀ ਨਹੀਂ ਹੈ। ਨਿੱਜੀ ਸਬੰਧਾਂ ਦੇ ਨਾਲ-ਨਾਲ ਦੋਵਾਂ ਦੇਸ਼ਾਂ ਦੇ ਆਪਸੀ ਹਿੱਤਾਂ ਦਾ ਤਾਲਮੇਲ ਜਾਂ ਟਕਰਾਅ ਨੀਤੀਆਂ ਦੀ ਦਿਸ਼ਾ ਤੈਅ ਕਰਦਾ ਹੈ। ਇਸ ਲਿਹਾਜ਼ ਨਾਲ ਭਾਰਤ ਲਈ ਟਰੰਪ ਦਾ ਦੂਜਾ ਕਾਰਜਕਾਲ ਕਿਹੋ ਜਿਹਾ ਰਹੇਗਾ, ਇਹ ਤਾਂ ਜਨਵਰੀ 'ਚ ਅਹੁਦਾ ਸੰਭਾਲਣ ਤੋਂ ਬਾਅਦ ਹੀ ਪਤਾ ਲੱਗੇਗਾ। ਟਰੰਪ ਨੂੰ ਹੁਣ ਚੀਨ ਜਾਂ ਬਹੁ-ਪੱਖੀਵਾਦ ਨਾਲੋਂ ਉਨ੍ਹਾਂ ਦੇ ਉਦੇਸ਼ਾਂ ਲਈ ਵਧੇਰੇ ਗੰਭੀਰ ਰੁਕਾਵਟ ਵਜੋਂ ਦੁਬਾਰਾ ਦਰਸਾਇਆ ਗਿਆ ਹੈ। ਦੀਪ ਰਾਜ ਲਈ ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਯੂਕਰੇਨ ਅਤੇ ਗਾਜ਼ਾ ਵਿਚ ਚੱਲ ਰਹੇ ਯੁੱਧਾਂ ਨੂੰ ਜਾਂ ਤਾਂ ਪ੍ਰਭੂਸੱਤਾ ਵਾਲੇ ਬਹੁਪੱਖੀ ਤਾਲਮੇਲ ਦੁਆਰਾ ਖਤਮ ਕੀਤਾ ਜਾਵੇਗਾ, ਜਾਂ ਆਮ ਵਾਂਗ ਵਪਾਰ ਵਿਚ ਵਾਪਸੀ ਨੂੰ ਯਕੀਨੀ ਬਣਾਉਣ ਲਈ ਕਾਰਪੇਟ ਦੇ ਹੇਠਾਂ ਦਬਾ ਦਿੱਤਾ ਜਾਵੇਗਾ।

ਡੈਮੋਕਰੇਟ ਤੁਲਸੀ ਗਬਾਰਡ ਨੇ ਰਾਸ਼ਟਰਪਤੀ ਚੋਣ ਮੁਹਿੰਮ ਦੌਰਾਨ ਡੈਮੋਕਰੇਟਸ ਵਿਚ ਤਬਾਹੀ ਮਚਾ ਦਿੱਤੀ ਹੈ ਅਤੇ ਲਿਜ਼ ਚੇਨੀ ਵਰਗੇ ਸੱਚੇ ਰਿਪਬਲਿਕਨ ਰਾਇਲਟੀ ਨੇ ਡੈਮੋਕਰੇਟਸ ਲਈ ਖੁੱਲ੍ਹ ਕੇ ਪ੍ਰਚਾਰ ਕੀਤਾ ਹੈ। ਪਹਿਲੀ ਨਜ਼ਰ ਵਿਚ ਇਹ ਉਲਝਣ ਵਾਲਾ, ਅਜੀਬ ਵੀ ਲੱਗ ਸਕਦਾ ਹੈ, ਪਰ ਅਜਿਹਾ ਉਦੋਂ ਹੁੰਦਾ ਹੈ, ਜਦੋਂ ਰਾਜਨੀਤਿਕ ਵਿਚਾਰਧਾਰਾ ਖਰਗੋਸ਼ ਦੇ ਮੋਰੀ ਵਿਚ ਓਨੀ ਹੀ ਤੇਜ਼ੀ ਨਾਲ ਹੇਠਾਂ ਜਾਂਦੀ ਹੈ, ਜਿੰਨੀ ਇਹ ਅਮਰੀਕਾ ਵਿਚ ਹੋਈ ਸੀ। ਜੇਕਰ ਪਾਰਟੀਆਂ ਨੂੰ ਹੁਣ ਇਹ ਨਹੀਂ ਪਤਾ ਕਿ ਉਹ ਕਿਸ ਲਈ ਖੜ੍ਹੇ ਹਨ, ਤਾਂ ਸੋਚੋ ਕਿ ਆਮ ਸਿਆਸਤਦਾਨ, ਪਾਰਟੀ ਵਰਕਰ ਅਤੇ ਵੋਟਰ ਕਿੰਨੇ ਉਲਝਣ ਵਿਚ ਹੋਣਗੇ? ਇਕ ਤਰ੍ਹਾਂ ਨਾਲ ਅਮਰੀਕਾ ਭਾਰਤ ਵਰਗਾ ਹੈ, ਜੋ ਇਸ ਸਦੀ ਦੇ ਸ਼ੁਰੂ ਵਿਚ ਨਵੀਂ ਦਿਸ਼ਾ ਲੱਭ ਰਿਹਾ ਸੀ; ਇਸ ਨੂੰ ਦੋ ਆਮ ਚੋਣਾਂ ਲੱਗੀਆਂ, ਇੱਕ ਸੁੰਨਸਾਨ ਦਹਾਕਾ ਅਤੇ ਨਰਿੰਦਰ ਮੋਦੀ ਦੀ ਅਗਨੀ ਆਮਦ ਨੇ ਚੀਜ਼ਾਂ ਨੂੰ ਹਿਲਾ ਕੇ ਇੱਕ ਨਵਾਂ ਰਾਹ ਤਿਆਰ ਕੀਤਾ। ਟਰੰਪ ਕਾਰੋਬਾਰੀ ਲਈ, ਖਾਤਿਆਂ ਨੂੰ ਸੰਤੁਲਿਤ ਕਰਨਾ ਅਤੇ ਵਪਾਰ ਘਾਟੇ ਨੂੰ ਘਟਾਉਣਾ ਇੱਕ ਕੁਦਰਤੀ ਕੰਮ ਹੈ, ਜਿਸ ਨੂੰ ਉਹ 2016 ਤੋਂ 2020 ਤੱਕ ਤਨਦੇਹੀ ਨਾਲ ਨਿਭਾਉਣਗੇ।

ਟਰੰਪ ਦੇ ਪਹਿਲੇ ਕਾਰਜਕਾਲ ਦੀ ਰਣਨੀਤੀ ਤੋਂ ਪ੍ਰੇਰਨਾ ਲੈਂਦੇ ਹੋਏ, ਅਸੀਂ ਚੀਨ, ਭਾਰਤ ਅਤੇ ਯੂਰਪ ਵਰਗੇ ਵਿਸ਼ਵ ਦੇ ਸਭ ਤੋਂ ਵੱਡੇ ਊਰਜਾ ਬਾਜ਼ਾਰਾਂ ਨੂੰ ਅਮਰੀਕਾ ਤੋਂ ਤੇਲ ਅਤੇ ਗੈਸ ਦੀ ਬਰਾਮਦ ਵਿਚ ਵਾਧੇ ਦੀ ਉਮੀਦ ਕਰ ਸਕਦੇ ਹਾਂ। ਇਹ ਉਹ ਹੈ ਜੋ ਉਨ੍ਹਾਂ ਨੇ ਮਹਾਂਮਾਰੀ ਤੱਕ ਸਫਲਤਾਪੂਰਵਕ ਕੀਤਾ ਅਤੇ ਵਿਡੰਬਨਾ ਇਹ ਹੈ ਕਿ ਜੋਅ ਬਾਇਡਨ ਨੇ ਵੀ ਇਸਨੂੰ ਦੁਹਰਾਉਣ ਦੀ ਕੋਸ਼ਿਸ਼ ਕੀਤੀ, ਪਰ ਸਫਲ ਨਹੀਂ ਹੋਏ। ਪਹਿਲੇ ਕ੍ਰਮ ਦੇ ਪ੍ਰਭਾਵ ਯੂ.ਐੱਸ. ਲਈ ਚੰਗੇ ਹਨ ਕਿਉਂਕਿ ਅਪਸਟ੍ਰੀਮ ਹਾਈਡਰੋਕਾਰਬਨ ਸੈਕਟਰ ਵਿਚ ਵਧੀ ਹੋਈ ਗਤੀਵਿਧੀ ਦਾ ਅਰਥ ਹੈ ਵਧੇਰੇ ਨੌਕਰੀਆਂ, ਆਰਥਿਕ ਵਿਕਾਸ, ਘੱਟ ਵਪਾਰ ਘਾਟਾ, ਅਤੇ ਘੱਟ ਮਹਿੰਗਾਈ। ਤੇਲ, ਖਾਸ ਤੌਰ 'ਤੇ 'ਸ਼ੇਲ' ਤੇਲ ਨੇ ਕਿਸੇ ਵੀ ਹੋਰ ਸੈਕਟਰ ਨਾਲੋਂ ਅਮਰੀਕੀ ਅਰਥਚਾਰੇ ਨੂੰ ਮੁੜ ਸੁਰਜੀਤ ਕਰਨ ਵਿਚ ਵਧੇਰੇ ਯੋਗਦਾਨ ਪਾਇਆ ਹੈ ਅਤੇ ਅਜਿਹਾ ਦੁਬਾਰਾ ਹੋ ਸਕਦਾ ਹੈ।

ਉਲਟਾ ਪੱਖ ਇਹ ਹੈ ਕਿ ਟਰੰਪ ਦੀ ਅੰਦਰੂਨੀ ਦਿੱਖ ਵਾਲੀ ਪਹੁੰਚ ਭਾਰਤ ਵਿਚ ਕੁਝ ਨੌਕਰੀਆਂ ਦੇ ਨੁਕਸਾਨ ਦਾ ਕਾਰਨ ਬਣ ਸਕਦੀ ਹੈ ਅਤੇ ਅਸੀਂ ਕੁਝ ਵੀਜ਼ਾ ਯੁੱਧ ਦੇਖ ਸਕਦੇ ਹਾਂ। ਚੀਨ ਅਤੇ ਭਾਰਤ ਨੂੰ ਅਮਰੀਕੀ ਕਰੂਡ ਖਰੀਦਣ ਲਈ ਮਨਾਉਣਾ ਕੂਟਨੀਤਕ ਮੋਰਚੇ 'ਤੇ ਇਕ ਇਮਾਨਦਾਰ ਸਮਝੌਤਾ ਹੈ, ਜਿਸਦਾ ਸਾਰੇ ਵਿਵਹਾਰਕ ਉਦੇਸ਼ਾਂ ਲਈ ਮੁੱਖ ਤੌਰ 'ਤੇ ਇਹ ਮਤਲਬ ਹੋਵੇਗਾ ਕਿ ਭਾਰਤ ਅਤੇ ਚੀਨ ਘਰੇਲੂ ਮਾਮਲਿਆਂ 'ਚ ਬਹੁਤ ਜ਼ਿਆਦਾ ਅਮਰੀਕੀ ਦਖਲਅੰਦਾਜ਼ੀ ਤੋਂ ਬਿਨਾਂ ਆਪਣੇ ਵਧ ਰਹੇ ਵਿਸ਼ਵ ਹਿੱਤਾਂ ਨੂੰ ਅੱਗੇ ਵਧਾਉਣ ਦੇ ਯੋਗ ਹੋਣਗੇ ਸਥਿਤੀ ਨੂੰ ਮਜ਼ਬੂਤ ਕਰਨ ਲਈ ਇਕੱਲੇ ਯਕੀਨਨ, ਕੁਝ ਰੌਲਾ ਹੋਵੇਗਾ।

ਇਸ ਦੇ ਜਵਾਬ ਵਿਚ, ਇਹ ਸੰਭਵ ਹੈ ਕਿ ਸਾਊਦੀ ਅਰਬ ਵਰਗੇ ਵੱਡੇ ਤੇਲ ਅਤੇ ਗੈਸ ਨਿਰਯਾਤਕ ਬਾਜ਼ਾਰ ਹਿੱਸੇਦਾਰੀ ਨੂੰ ਬਣਾਈ ਰੱਖਣ ਲਈ ਇੱਕਤਰਫਾ ਤੌਰ 'ਤੇ ਕੀਮਤਾਂ ਵਿਚ ਕਟੌਤੀ ਕਰ ਸਕਦੇ ਹਨ, ਜਦੋਂ ਕਿ ਅਮਰੀਕਾ ਕਤਰ ਨੂੰ ਨਿਚੋੜਨ ਅਤੇ ਈਰਾਨ ਨੂੰ ਇਸ ਖੇਡ ਤੋਂ ਬਾਹਰ ਰੱਖਣ ਲਈ ਆਪਣੇ ਸਾਰੇ ਬਚੇ ਹੋਏ ਪ੍ਰਭਾਵ ਦੀ ਵਰਤੋਂ ਕਰਦਾ ਹੈ। ਇਸ ਖੇਡ ਦੀ ਪ੍ਰਗਤੀ ਦਾ ਇੱਕ ਸੂਚਕ ਇੰਤਜ਼ਾਰ ਕਰਨਾ ਅਤੇ ਦੇਖਣਾ ਹੈ ਕਿ ਕੀ ਭਾਰਤ ਈਰਾਨ ਤੋਂ ਕੱਚੇ ਤੇਲ ਦੀ ਖਰੀਦ ਦੁਬਾਰਾ ਸ਼ੁਰੂ ਕਰਦਾ ਹੈ ਜਾਂ ਨਹੀਂ। ਜੇਕਰ ਅਜਿਹਾ ਹੁੰਦਾ ਹੈ, ਤਾਂ ਗਲੋਬਲ ਗਤੀਸ਼ੀਲਤਾ ਕਿਵੇਂ ਬਦਲੇਗੀ ਇਸ 'ਤੇ ਸਾਰੀਆਂ ਸੱਟਾ ਬੰਦ ਹੋ ਜਾਣਗੀਆਂ, ਕਿਉਂਕਿ ਇਸਦਾ ਮਤਲਬ ਇਹ ਹੋਵੇਗਾ ਕਿ ਯੂ.ਐੱਸ. ਨੇ ਬਹੁਧਰੁਵੀਤਾ ਨੂੰ ਨਵੀਂ ਗਲੋਬਲ ਹਕੀਕਤ ਵਜੋਂ ਸਵੀਕਾਰ ਕਰ ਲਿਆ ਹੈ।

ਯੂਕਰੇਨ ਅਤੇ ਗਾਜ਼ਾ ਵਿਚ ਚੱਲ ਰਹੀਆਂ ਦੋ ਜੰਗਾਂ ਨੂੰ ਲੈ ਕੇ ਅਮਰੀਕਾ ਦੀ ਸਥਿਤੀ ਵਿਚ ਕਿਸੇ ਤਰ੍ਹਾਂ ਦੀ ਵਾਪਸੀ ਹੋਵੇਗੀ। ਦੋਵੇਂ ਯੁੱਧ ਜਾਂ ਤਾਂ ਬਹੁ-ਪੱਖੀ ਪ੍ਰਭੂਸੱਤਾ ਦੇ ਇਸ਼ਾਰੇ 'ਤੇ ਖਤਮ ਹੋਣਗੇ, ਜਾਂ ਆਮ ਸਥਿਤੀ 'ਤੇ ਵਾਪਸੀ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਨੂੰ ਬੇਰਹਿਮੀ ਨਾਲ ਦਬਾ ਦਿੱਤਾ ਜਾਵੇਗਾ। ਇਹ ਜਲਦੀ ਤੋਂ ਜਲਦੀ ਅਮਰੀਕਾ ਅਤੇ ਬਾਕੀ ਦੁਨੀਆਂ ਲਈ ਆਮ ਵਾਂਗ ਵਾਪਸ ਆਉਣਾ ਚਾਹੀਦਾ ਹੈ, ਕਿਉਂਕਿ, ਅਜਿਹਾ ਨਾ ਹੋਵੇ ਕਿ ਅਸੀਂ ਮਹਾਂਮਾਰੀ ਤੋਂ ਬਾਅਦ ਰਿਕਵਰੀ ਸਾਲ ਪ੍ਰਾਪਤ ਕਰਨ ਦੀ ਬਜਾਏ, ਸਾਨੂੰ ਦੋ ਬਦਸੂਰਤ ਪ੍ਰੌਕਸੀ ਯੁੱਧਾਂ, ਵਧਦੀ ਮਹਿੰਗਾਈ ਅਤੇ ਕਮਜ਼ੋਰ ਵਪਾਰਕ ਰੁਕਾਵਟਾਂ, ਕੁਝ ਨਾਂ ਦੱਸੋ ਜਿਸ ਤੋਂ ਭਾਰਤ ਬਚ ਗਿਆ ਕਿਉਂਕਿ ਅਸੀਂ ਰੂਸ 'ਤੇ ਪੱਛਮ ਦੀਆਂ ਪਾਬੰਦੀਆਂ ਨੂੰ ਚਲਾਕੀ ਨਾਲ ਬਾਈਪਾਸ ਕੀਤਾ।

ਹੁਣ ਹੋਰ ਅਮਰੀਕੀ ਚੋਣ ਸੁਧਾਰਾਂ 'ਤੇ ਗੰਭੀਰ ਬਹਿਸ ਸ਼ੁਰੂ ਹੋਵੇਗੀ। ਸਿਸਟਮ ਟੁੱਟ ਗਿਆ ਹੈ ਅਤੇ ਇਸ ਨੂੰ ਠੀਕ ਕਰਨ ਦੀ ਲੋੜ ਹੈ। ਸੁਧਾਰ ਕੀ ਰੂਪ ਧਾਰਨ ਕਰੇਗਾ, ਇਹ ਸਿਰਫ਼ ਵੇਰਵੇ ਦੀ ਗੱਲ ਹੈ, ਪਰ ਸਿਧਾਂਤਕ ਤੌਰ 'ਤੇ, ਇਹ ਇਸਦੀ ਲੋੜ 'ਤੇ ਗੱਲਬਾਤ ਸ਼ੁਰੂ ਕਰੇਗਾ। ਇਹ ਇੱਕੋ ਇੱਕ ਤਰੀਕਾ ਹੈ ਕਿ ਅਮਰੀਕਾ ਸੱਭਿਅਤਾ ਦੇ ਪਤਨ ਤੋਂ ਬਚ ਸਕਦਾ ਹੈ, ਜਿਸ ਵੱਲ ਉਹ ਇਸ ਵੇਲੇ ਅਗਵਾਈ ਕਰ ਰਿਹਾ ਹੈ, ਅਤੇ ਟਰੰਪ ਇਹ ਜਾਣਦਾ ਹੈ। ਹਾਲਾਂਕਿ, ਸਖਤ ਵਪਾਰਕ ਰੁਖ ਦੇ ਬਾਵਜੂਦ, ਟਰੰਪ ਦਾ ਦੂਜਾ ਕਾਰਜਕਾਲ ਭਾਰਤ ਲਈ ਫਾਇਦੇਮੰਦ ਸਾਬਤ ਹੋ ਸਕਦਾ ਹੈ। ਇਕ ਰਿਪੋਰਟ ਮੁਤਾਬਕ ਟਰੰਪ ਦੇ ਕਾਰਜਕਾਲ ਦੌਰਾਨ ਭਾਰਤ 'ਤੇ ਅਮਰੀਕੀ ਵਪਾਰ ਸਰਪਲੱਸ ਦੀ ਜਾਂਚ ਕਰਨ ਅਤੇ ਸੰਭਾਵਿਤ ਪਾਬੰਦੀਆਂ ਲਗਾਉਣ ਦਾ ਦਬਾਅ ਹੋਵੇਗਾ। ਇਸ ਦੇ ਬਾਵਜੂਦ ਅਮਰੀਕਾ ਦੀ 'ਚਾਈਨਾ ਪਲੱਸ ਵਨ' ਰਣਨੀਤੀ ਭਾਰਤ ਲਈ ਮੌਕੇ ਲੈ ਕੇ ਆ ਸਕਦੀ ਹੈ।

'ਚੀਨ ਪਲੱਸ ਵਨ' ਇਕ ਵਪਾਰਕ ਰਣਨੀਤੀ ਹੈ, ਜਿਸ ਵਿਚ ਕੰਪਨੀਆਂ ਚੀਨ 'ਤੇ ਨਿਰਭਰਤਾ ਘਟਾਉਣ ਲਈ ਭਾਰਤ ਵਰਗੇ ਦੂਜੇ ਦੇਸ਼ਾਂ ਵਿਚ ਆਪਣੇ ਕੰਮਕਾਜ ਦਾ ਵਿਸਤਾਰ ਕਰਦੀਆਂ ਹਨ। ਇਹ ਰਣਨੀਤੀ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਚੀਨ ਤੋਂ ਆਯਾਤ ਕੀਤੇ ਗਏ ਸਮਾਨ 'ਤੇ ਟੈਰਿਫ ਅਤੇ ਘਰੇਲੂ ਪੱਧਰ 'ਤੇ ਨਿਰਮਾਣ ਨੂੰ ਲਿਆਉਣ 'ਤੇ ਜ਼ੋਰ ਦੇ ਕਾਰਨ ਤੇਜ਼ੀ ਨਾਲ ਉਭਰੀ। ਇਸ ਵਾਰ ਵੀ ਟਰੰਪ ਦੀ ਵਾਪਸੀ ਨਾਲ ਇਹ ਪੈਂਤੜਾ ਹੋਰ ਮਜ਼ਬੂਤ ਹੋ ਸਕਦਾ ਹੈ, ਜਿਸ ਨਾਲ ਭਾਰਤ ਵਰਗੇ ਦੇਸ਼ਾਂ ਵਿਚ ਨਿਵੇਸ਼ ਅਤੇ ਸਪਲਾਈ ਚੇਨ ਦੇ ਵਿਸਥਾਰ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

# ਖ਼ੂਬਸੂਰਤ ਪਰਿਵਾਰਕ ਫ਼ਿਲਮ "ਆਪਣੇ ਘਰ ਬਿਗਾਨੇ"





-ਸੁਰਜੀਤ ਜੱਸਲ
98146-07737
ਪੰਜਾਬ ਮੇਲ USA



ਪੰਜਾਬੀ ਸਿਨੇਮਾ ਲਈ ਬਹਾਰ ਦਾ ਮੌਸਮ ਚੱਲ ਰਿਹਾ ਹੈ। ਪੰਜਾਬੀ ਫ਼ਿਲਮਾਂ ਇੱਕ ਤੋਂ ਬਾਅਦ ਇੱਕ ਆਪਾਰ ਸਫਲਤਾ ਹਾਸਲ ਕਰ ਰਹੀਆਂ ਹਨ। ਇਹ ਫਿਲਮਾਂ ਨਾ ਸਿਰਫ ਮਨੋਰੰਜਨ ਕਰ ਰਹੀਆਂ, ਬਲਕਿ ਦਰਸ਼ਕਾਂ ਨੂੰ ਜ਼ਿੰਦਗੀ ਨਾਲ ਜੋੜਦਿਆਂ ਵੱਡਾ ਸੁਨੇਹਾ ਵੀ ਦੇ ਰਹੀਆਂ ਹਨ। ਇਹ ਫਿਲਮ "ਆਪਣੇ ਘਰ ਬਿਗਾਨੇ" ਰਜਨੀ ਅਤੇ ਅਰਦਾਸ ਵਰਗੀਆਂ ਸਾਰਥਿਕ ਫ਼ਿਲਮਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਦਰਸ਼ਕਾਂ ਦਾ ਦਿਲ ਜਿੱਤਣ ਦਾ ਦਮ ਰੱਖਦੀ ਹੈ।

15 ਨਵੰਬਰ ਨੂੰ ਰਿਲੀਜ਼ ਹੋਣ ਜਾ ਰਹੀ ਇਸ ਫਿਲਮ ਦਾ ਟਾਈਟਲ ਹੀ ਆਪਣੇ ਆਪ ਵਿਚ ਬਹੁਤ ਕੁਝ ਬਿਆਨ ਕਰ ਰਿਹਾ ਹੈ। ਨਾਮਵਾਰ ਕਾਮੇਡੀਅਨ, ਲੇਖਕ ਤੇ ਅਦਾਕਾਰ ਬਲਰਾਜ ਸਿਆਲ ਦੀ ਲਿਖੀ ਅਤੇ ਉਨ੍ਹਾਂ ਵੱਲੋਂ ਹੀ ਡਾਇਰੈਕਟ ਕੀਤੀ ਗਈ ਇਸ ਫ਼ਿਲਮ ਵਿਚ ਰੌਸ਼ਨ ਪ੍ਰਿੰਸ, ਕੁਲਰਾਜ ਰੰਧਾਵਾ, ਯੋਗਰਾਜ ਸਿੰਘ, ਰਾਣਾ ਰਣਬੀਰ, ਪ੍ਰੀਤ ਔਜਲਾ, ਬਲਰਾਜ ਸਿਆਲ, ਅਰਮਾਨ ਔਜਲਾ, ਸੁਖਵਿੰਦਰ ਰਾਜ ਬੁੱਟਰ ਸਮੇਤ ਕਈ ਨਾਮੀ ਚਿਹਰਿਆਂ ਨੇ ਅਹਿਮ ਭੂਮਿਕਾ ਨਿਭਾਈ ਹੈ। ਕੈਨੇਡਾ ਦੀ ਖ਼ੂਬਸੂਰਤ ਲੋਕੇਸ਼ਨਾਂ 'ਤੇ ਕੜਾਕੇ ਦੀ ਠੰਢ ਵਿਚ ਫਿਲਮਾਈ ਇਸ ਫ਼ਿਲਮ ਵਿਚ ਜ਼ਿੰਦਗੀ ਦੇ ਵੱਖ-ਵੱਖ ਰੰਗਾਂ ਦੀ ਬਾਤ ਪਾਈ ਗਈ ਹੈ।

"ਗੈਂਗ ਆਫ਼ ਫਿਲਮ ਮੇਕਰਸ" ਦੇ ਬੈਨਰ ਹੇਠ ਬਣੀ ਨਿਰਮਾਤਾ ਪਰਮਜੀਤ ਸਿੰਘ, ਆਕਾਸ਼ਦੀਪ ਤੇ ਗਗਨਦੀਪ ਚਾਲੀ ਦੀ ਇਸ ਫ਼ਿਲਮ ਦੇ ਕਰੇਟਿਵ ਨਿਰਦੇਸ਼ਕ ਦਵਿੰਦਰ ਸਿੰਘ ਹਨ। ਤੁਸੀਂ ਇਸ ਫ਼ਿਲਮ ਦੇ ਟ੍ਰੇਲਰ ਤੋਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਹ ਫਿਲਮ ਆਮ ਪੰਜਾਬੀ ਫਿਲਮਾਂ ਨਾਲੋਂ ਬਿਲਕੁਲ ਵੱਖਰੇ ਕਿਸਮ ਦੀ ਫਿਲਮ ਹੈ, ਜੋ ਹਰ ਉਮਰ ਵਰਗ ਦੇ ਦਰਸ਼ਕਾਂ ਦੇ ਦਿਲਾਂ ਨੂੰ ਟੁੰਬੇਗੀ। ਦਾਦੇ ਅਤੇ ਪੋਤੇ ਦੇ ਖ਼ੂਬਸੂਰਤ ਅਤੇ ਸਦੀਵੀਂ ਰਿਸ਼ਤੇ ਦੁਆਲੇ ਬੁਣੀ ਗਈ ਇਹ ਫਿਲਮ ਤੇਜ਼ੀ ਨਾਲ ਬਦਲ ਰਹੇ ਅਜੋਕੇ ਰਿਸ਼ਤਿਆਂ ਦੀ ਕਹਾਣੀ ਹੈ। ਵਕਤ ਨਾਲ ਬੇਸ਼ੱਕ ਸਾਡੇ ਘਰ ਪੱਕੇ ਹੋ ਗਏ ਹਨ ਪਰ ਰਿਸ਼ਤੇ ਕੱਚੇ ਹੋ ਗਏ ਹਨ। ਫਿਲਮ ਦੇ ਲੇਖਕ ਤੇ ਨਿਰਦੇਸ਼ਕ ਬਲਰਾਜ ਸਿਆਲ ਮੁਤਾਬਕ ਬਤੌਰ ਨਿਰਦੇਸ਼ਕ ਇਹ ਉਨ੍ਹਾਂ ਦੀ ਪਹਿਲੀ ਫਿਲਮ ਹੈ।

ਇਹ ਫਿਲਮ ਰਿਸ਼ਤਿਆਂ ਵਿਚ ਤੇਜ਼ੀ ਨਾਲ ਆ ਰਹੇ ਬਦਲਾਅ ਦੀ ਕਹਾਣੀ ਹੈ। ਫਿਲਮ ਦੇ ਬਹੁਤ ਸਾਰੇ ਪਾਤਰ ਦਰਸ਼ਕਾਂ ਨੂੰ ਆਪਣੇ ਆਲੇ-ਦੁਆਲੇ ਦੇ ਹੀ ਲੱਗਣਗੇ। ਕੋਈ ਕਿਸੇ ਤੋਂ ਬਿਨਾਂ ਖੁਸ਼ ਨਹੀਂ ਰਹਿ ਸਕਦਾ ਤੇ ਕੋਈ ਕਿਸੇ ਦੇ ਨਾਲ ਹੁੰਦਿਆਂ ਵੀ ਖੁਸ਼ ਨਹੀਂ ਹੈ। ਸੁਆਰਥ ਖ਼ੂਨ ਦੇ ਰਿਸ਼ਤਿਆਂ ਨੂੰ ਵੀ ਖਤਮ ਕਰ ਰਿਹਾ ਹੈ। ਇਹ ਫਿਲਮ ਸਾਡੇ ਸਮਾਜ, ਸਾਡੇ ਆਸ-ਪਾਸ ਅਤੇ ਸਾਡੇ ਆਪਣਿਆਂ ਦੀ ਕਹਾਣੀ ਹੈ। ਫਿਲਮ ਵਿਚ ਮੁੱਖ ਭੂਮਿਕਾ ਨਿਭਾ ਰਹੇ ਦਿੱਗਜ ਅਦਾਕਾਰ ਯੋਗਰਾਜ ਸਿੰਘ ਮੁਤਾਬਕ "ਰਜਨੀ" ਫ਼ਿਲਮ ਤੋਂ ਬਾਅਦ ਦਰਸ਼ਕ ਇਸ ਵਿਚ ਉਨ੍ਹਾਂ ਨੂੰ ਇੱਕ ਵੱਖਰੇ ਤੇ ਦਮਦਾਰ ਕਿਰਦਾਰ ਵਿੱਚ ਦੇਖਣਗੇ। ਇਹ ਫਿਲਮ ਦਰਸ਼ਕਾਂ ਨੂੰ ਨਿਰਾਸ਼ ਨਹੀਂ ਹੋਣ ਦੇਵੇਗੀ। ਇਹ ਫ਼ਿਲਮ ਦੇਖਦਿਆਂ ਤੁਹਾਨੂੰ ਪਤਾ ਲੱਗੇਗਾ ਕਿ ਬਜ਼ੁਰਗਾਂ ਨੂੰ ਘਰ ਦਾ ਤਾਲਾ ਕਿਉਂ ਕਿਹਾ ਜਾਂਦਾ ਹੈ। ਇਸ ਫਿਲਮ ਨੂੰ ਦਾਦੇ-ਪੋਤੇ ਦੇ ਰਿਸ਼ਤੇ ਦੀ ਕਹਾਣੀ ਵਾਲੀ ਫ਼ਿਲਮ ਵੀ ਕਿਹਾ ਜਾ ਸਕਦਾ ਹੈ। ਇਹ ਫ਼ਿਲਮ ਉਹਨਾਂ ਦੀ ਜ਼ਿੰਦਗੀ ਦੀਆਂ ਖ਼ੂਬਸੂਰਤ ਫਿਲਮਾਂ ਵਿੱਚੋਂ ਇੱਕ ਹੈ। ਇਸ ਫ਼ਿਲਮ ਨਾਲ ਪੰਜਾਬੀ ਸਿਨਮਾ ਵਿੱਚ ਸ਼ਾਨਦਾਰ ਵਾਪਸੀ ਕਰ ਰਹੀ ਅਦਾਕਾਰਾ ਕੁਲਰਾਜ ਰੰਧਾਵਾ ਮੁਤਾਬਕ ਇਹ ਫਿਲਮ ਵਿਦੇਸ਼ਾਂ ਵਿੱਚ ਵੱਸਦੇ ਲੋਕਾਂ ਦੀ ਤੇਜ਼ ਰਫ਼ਤਾਰ ਜ਼ਿੰਦਗੀ ਦੀ ਵੀ ਗੱਲ ਕਰਦੀ ਹੈ। ਜ਼ਿੰਦਗੀ ਨੂੰ ਸੌਖੀ ਬਣਾਉਣ ਲਈ ਦਿਨ-ਰਾਤ ਮਿਹਨਤ ਕਰ ਰਹੇ ਜੋੜਿਆਂ ਦੇ ਦਰਦ ਨੂੰ ਵੀ ਇਸ ਫਿਲਮ ਵਿਚ ਖ਼ੂਬਸੂਰਤ ਤਰੀਕੇ ਨਾਲ ਬਿਆਨ ਕੀਤਾ ਗਿਆ ਹੈ। ਰਿਸ਼ਤਿਆਂ ਦੀ ਭੰਨ-ਤੋੜ ਵਿਚ ਪਿਸ ਰਹੇ ਇਕ ਨੰਨੇ ਬੱਚੇ ਦਾ ਦਰਦ ਤੁਹਾਨੂੰ ਸੋਚਣ ਲਈ ਮਜਬੂਰ ਕਰੇਗਾ ਕਿ ਕੀ ਅਸੀਂ ਜ਼ਿੰਦਗੀ ਜਿਓ ਰਹੇ ਹਾਂ ਜਾਂ ਕੱਟ ਰਹੇ ਹਾਂ।

ਗਾਇਕ ਤੇ ਅਦਾਕਾਰ ਰੌਸ਼ਨ ਪ੍ਰਿੰਸ ਨੇ ਇਸ ਫ਼ਿਲਮ ਵਿਚ ਇੱਕ ਅਜਿਹੇ ਪੁੱਤ ਦੀ ਭੂਮਿਕਾ ਨਿਭਾਈ, ਜੋ ਆਪਣੇ ਪਰਿਵਾਰ ਨੂੰ ਬੇਹੱਦ ਪਿਆਰ ਕਰਦਾ ਹੈ ਪਰ ਹਾਲਾਤ ਵਕਤੀ ਤੌਰ 'ਤੇ ਉਸਨੂੰ ਆਪਣੇ ਪਿਤਾ ਦੇ ਵਿਰੋਧ 'ਚ ਖੜ੍ਹਾ ਕਰ ਦਿੰਦੇ ਹਨ। ਉਹ ਇਸ ਨਾਲ ਵਿਚੋਂ ਕਿਵੇਂ ਨਿਕਲਦਾ ਹੈ।


ਘਰ ਚਲਾਉਣ ਲਈ ਉਸਨੂੰ ਕੀ-ਕੀ ਪਾਪੜ ਵੇਲਣੇ ਪੈਂਦੇ ਹਨ। ਕਿਵੇਂ ਉਹ ਰਿਸ਼ਤਿਆਂ ਵਿਚ ਤਾਲਮੇਲ ਰੱਖਦਾ ਹੈ, ਇਹ ਇਸ ਫ਼ਿਲਮ ਦਾ ਦਿਲਚਸਪ ਪੱਖ ਹੈ। ਫ਼ਿਲਮ ਦੀ ਕਹਾਣੀ ਦੇ ਨਾਲ-ਨਾਲ ਇਸ ਦਾ ਸੰਗੀਤ ਵੀ ਖ਼ੂਬਸੂਰਤ ਤੇ ਦਿਲ ਟੁੰਬਵਾਂ ਹੈ। ਫਿਲਮ ਦਾ ਮਿਊਜ਼ਿਕ ਗੋਲਡ ਬੁਆਇਜ਼, ਜੱਸੀ ਕਟਿਆਲ ਅਤੇ ਗੁਰਮੋਹ ਨੇ ਤਿਆਰ ਕੀਤਾ ਹੈ। ਫਿਲਮ ਲਈ ਗੀਤ ਅਬੀਰ, ਗੁਰਜੀਤ ਖੋਸਾ, ਵਿੰਦਰ ਨੱਥੂਮਾਜਰਾ ਨੇ ਲਿਖੇ ਹਨ। ਇਨ੍ਹਾਂ ਗੀਤਾਂ ਨੂੰ ਨਿੰਜਾ, ਨਵਰਾਜ ਹੰਸ, ਕਮਲ ਖਾਨ, ਮਾਸ਼ਾ ਅਲੀ, ਸਿਮਰਨ ਚੌਧਰੀ ਅਤੇ ਅੰਬਰ ਵਸ਼ਿਸ਼ਟ ਨੇ ਦਿੱਤੀ ਹੈ। ਇਸ ਫਿਲਮ ਤੋਂ ਆਸਾਂ ਹਨ ਕਿ ਇਹ ਫਿਲਮ ਪੰਜਾਬੀ ਸਿਨਮਾ ਦੀ ਸ਼ਾਨ ਵਿਚ ਹੋਰ ਵਾਧਾ ਕਰੇਗੀ।

## 14 ਨਵੰਬਰ 2024 ਬਰਸੀ 'ਤੇ ਵਿਸ਼ੇਸ਼

# ਜਨਰਲ ਹਰਬਖਸ਼ ਸਿੰਘ ਨੂੰ ਯਾਦ ਕਰਦਿਆਂ

ਡਾ. ਚਰਨਜੀਤ ਸਿੰਘ ਗੁਮਟਾਲਾ
001-937-573-9812 ਡੇਟਨ (ਓਹਾਇਓ), ਯੂ.ਐੱਸ.ਏ.,
91-94175-33060 (ਵਟਸਐਪ)
ਪੰਜਾਬ ਮੇਲ USA









ਭਾਰਤ ਦੇ ਇਤਿਹਾਸ ਵਿਚ ਜਦ ਵੀ 1965 ਦੀ ਭਾਰਤ-ਪਾਕਿਸਤਾਨ ਲੜਾਈ ਦਾ ਜ਼ਿਕਰ ਆਵੇਗਾ, ਤਾਂ ਜਨਰਲ ਹਰਬਖਸ਼ ਸਿੰਘ ਨੂੰ ਜ਼ਰੂਰ ਯਾਦ ਕੀਤਾ ਜਾਵੇਗਾ। ਜਦ 1965 'ਚ ਇਹ ਲੜਾਈ ਹੋਈ, ਤਾਂ ਇਹ ਲੇਖਕ ਖਾਲਸਾ ਕਾਲਜ ਅੰਮ੍ਰਿਤਸਰ ਦਾ ਪ੍ਰੀ-ਮੈਡੀਕਲ ਦਾ ਵਿਦਿਆਰਥੀ ਸੀ। ਮੇਰਾ ਪਿੰਡ ਗੁਮਟਾਲਾ ਜੋ ਕਿ ਅੰਮ੍ਰਿਤਸਰ ਸ਼ਹਿਰ ਦਾ ਹਿੱਸਾ ਹੈ, ਜਿੱਥੇ ਕਿ ਅੱਜਕੱਲ੍ਹ ਰਣਜੀਤ ਐਵਨਿਊ ਹੈ, ਇੱਥੇ ਪਾਕਿਸਤਾਨ ਦੇ ਹਵਾਈ ਜਹਾਜ਼ਾਂ ਨੂੰ ਡੇਗਣ ਲਈ ਐਂਟੀਏਅਰ ਕਰਾਫਟ ਗੰਨਜ਼ ਲਾਈਆਂ ਗਈਆਂ ਸਨ, ਤਾਂ ਜੋ ਦੁਸ਼ਮਣ ਦੇ ਹਵਾਈ ਜਹਾਜ਼ ਸ਼ਹਿਰ 'ਤੇ ਬੰਬਾਰੀ ਨਾ ਕਰ ਸਕਣ। ਇਸ ਦੇ ਬਾਵਜੂਦ ਵੀ ਪਾਕਿਸਤਾਨ ਦੀ ਫੌਜ ਦੇ ਹਵਾਈ ਜਹਾਜ਼ ਬੰਬ ਸੁੱਟਣ ਵਿਚ ਕਮਾਯਾਬ ਹੋ ਗਏ। ਪਿੰਡ ਗੁਮਟਾਲਾ ਤੇ ਸ਼ਹਿਰ ਦੇ ਇਲਾਕੇ ਇਸ ਕਰਕੇ ਬਚ ਗਏ ਕਿਉਂਕਿ ਇਹ ਬੰਬ ਖੇਤਾਂ ਵਿਚ ਡਿੱਗ ਪਏ। ਛੇਹਰਟਾ ਖੇਤਰ ਪਾਕਿਸਤਾਨ ਦੇ ਫੌਜੀ ਜਹਾਜ਼ ਬੰਬ ਸੁੱਟਣ ਵਿਚ ਕਾਮਯਾਬ ਹੋ ਗਏ, ਜਿਸ ਨਾਲ ਕੁਝ ਮੌਤਾਂ ਹੋਈਆਂ ਤੇ ਕੁਝ ਘਰ ਢਹਿ ਗਏ। ਪਾਕਿਸਤਾਨ ਦਾ ਇੱਕ ਲੜਾਕੂ ਜਹਾਜ਼ ਸਾਡੀਆਂ ਗੰਨਾਂ ਨੇ ਡੇਗ ਲਿਆ।

ਜਿੱਥੋਂ ਤੀਕ ਮੇਜਰ ਜਨਰਲ ਹਰਬਖਸ਼ ਸਿੰਘ ਦਾ ਸਬੰਧ ਹੈ, ਉਨ੍ਹਾਂ ਨੇ ਬੜੀ ਦੂਰ ਅੰਦੇਸ਼ੀ ਤੋਂ ਕੰਮ ਲੈਂਦੇ ਹੋਏ ਮਾਝੇ ਨੂੰ ਤਬਾਹੀ ਤੋਂ ਬਚਾਅ ਲਿਆ। ਹੋਇਆ ਇੰਜ ਕਿ ਇਸ ਲੜਾਈ ਵਿਚ ਅੰਮ੍ਰਿਤਸਰ ਤੇ ਡੇਰਾ ਬਾਬਾ ਨਾਨਕ ਸੈਕਟਰ ਵਿਚ ਪਾਕਿਸਤਾਨ ਦੀਆਂ ਫੌਜਾਂ ਦੀਆਂ ਕਈ ਡਵੀਜ਼ਨਾਂ ਨੇ ਇੱਕ ਵਾਰ ਅਚਾਨਕ ਹਮਲਾ ਕਰ ਦਿੱਤਾ। ਉਸ ਸਮੇਂ ਇਸ ਇਲਾਕੇ ਦੀ ਕਮਾਂਡ ਦੇ ਮੁਖੀ ਉਸ ਸਮੇਂ ਦੇ ਆਪ ਸਨ। ਇਹ ਹਮਲਾ ਏਨਾ ਜ਼ਬਰਦਸਤ ਕਿ ਇਸ ਦੀ ਖ਼ਤਰਨਾਕਤਾ ਨੂੰ ਵੇਖਦੇ ਹੋਏ ਉਸ ਸਮੇਂ ਦੇ ਭਾਰਤੀ ਫੌਜ ਦੇ ਮੁਖੀ ਮਿਸਟਰ ਚੌਧਰੀ ਦਾ ਹੁਕਮ ਆਪ ਨੂੰ ਆਇਆ ਕਿ ਉਹ ਆਪਣੀਆਂ ਫੌਜਾਂ ਨੂੰ ਪਿੱਛੇ ਦਰਿਆ ਬਿਆਸ ਦੇ ਜਲੰਧਰ ਵਾਲੇ ਪਾਸੇ ਲੈ ਆਉਣ।

ਇਸ ਹੁਕਮ ਨੂੰ ਲਾਗੂ ਕਰਨਾ ਇੱਕ ਬਹੁਤ ਵੱਡੀ ਚੁਣੌਤੀ ਸੀ। ਜੇ ਉਹ ਫੌਜ ਨੂੰ ਪਿੱਛੇ ਲੈ ਆਉਂਦੇ ਤੇ ਪਾਕਿਸਤਾਨੀ ਫੌਜਾਂ ਮਾਝੇ ਦੇ ਇਲਾਕੇ ਉਪਰ ਕਬਜ਼ਾ ਕਰਕੇ ਇਸ ਨੂੰ ਤਬਾਹ ਕਰ ਦੇਂਦੀਆਂ, ਤਾਂ ਸਾਡੇ ਲੋਕਾਂ ਅਤੇ ਧਾਰਮਿਕ ਸਥਾਨਾਂ ਦਾ ਕੀ ਬਣਨਾ ਸੀ। ਜੋ ਕੁਝ 1947 ਵਿਚ ਪੰਜਾਬੀਆਂ ਦਾ ਉਜਾੜਾ ਹੋਇਆ, ਜਿਸ ਵਿਚ ਦਸ ਲੱਖ ਦੇ ਕਰੀਬ ਲੋਕ ਮਾਰੇ ਗਏ। ਘਰ-ਘਾਟ ਛੱਡ ਕੇ ਉਧਰੋਂ ਲੋਕ ਆਏ, ਉਹੋ ਹਾਲਤ ਉਸ ਸਮੇਂ ਮਾਝੇ ਦੇ ਲੋਕਾਂ ਦੀ ਹੋਣੀ ਸੀ, ਜਿਸ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਨੇ ਇਸ ਫੈਸਲੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਪਾਕਿਸਤਾਨ ਫੌਜ ਦਾ ਡੱਟ ਕੇ ਮੁਕਾਬਲਾ ਕੀਤਾ। ਸਰਹੱਦੀ ਪਿੰਡ ਆਸਲ ਉਤਾੜ ਪਿੰਡ ਨੇੜੇ ਹੋਈ ਲੜਾਈ ਵਿਚ ਪਾਕਿਸਤਾਨ ਦੇ ਕਈ ਪੈਟਰਨ ਟੈਂਕ ਤਬਾਹ ਕਰ ਦਿੱਤੇ, ਜਿਸ ਨਾਲ ਲੜਾਈ ਦਾ ਪਾਸਾ ਪਲਟ ਦਿੱਤਾ। ਪਾਕਿਸਤਾਨੀ ਰਾਸ਼ਟਰਪਤੀ ਆਯੂਬ ਖ਼ਾਨ ਨੇ ਖੁਦ ਮੰਨਿਆ ਕਿ ਪਾਕਿਸਤਾਨੀ ਫੌਜ ਕਦੇ ਨਾ ਹਾਰਦੀ, ਜੇ ਉਸ ਸਾਹਮਣੇ ਪਰਬਤ ਜਿੱਡੇ ਜਿਗਰ ਵਾਲਾ ਹਿੰਮਤੀ ਜਰਨੈਲ ਹਰਬਖ਼ਸ਼ ਸਿੰਘ ਤੇ ਉਸ ਦੀ ਅਗਵਾਈ ਵਿਚ ਲੜਦੀ ਹੋਈ ਨਿਡਰ ਫੌਜ ਨਾ ਹੁੰਦੀ। ਇਸ ਲੜਾਈ ਤੋਂ ਬਾਅਦ ਉਨ੍ਹਾਂ ਨੂੰ ਖਾਲਸਾ ਖਾਲਜ ਅੰਮ੍ਰਿਤਸਰ ਵਿਖੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿਚ ਸ਼ਹਿਰੀਆਂ ਤੋਂ ਇਲਾਵਾ ਮੇਰੇ ਸਮੇਤ ਕਾਲਜ ਦੇ ਬਹੁਤ ਸਾਰੇ ਵਿਦਿਆਰਥੀ ਸ਼ਾਮਲ ਹੋਏ।

ਜਦ ਅਸੀਂ ਉਨ੍ਹਾਂ ਦੀ ਜ਼ਿੰਦਗੀ 'ਤੇ ਝਾਤੀ ਮਾਰਦੇ ਹਾਂ, ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਦਾ ਜਨਮ 1 ਅਕਤੂਬਰ, 1913 ਈ. ਸੰਗਰੂਰ ਦੇ ਨੇੜੇ ਬਡਰੁਖਾਂ ਪਿੰਡ ਜਿਹੜਾ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਨਾਨਕਾ ਪਿੰਡ ਸੀ, ਵਿਖੇ ਇੱਕ ਅਮੀਰ ਕਿਸਾਨ ਪਰਿਵਾਰ ਵਿਚ ਹੋਇਆ। ਉਨ੍ਹਾਂ ਦੇ ਪਿਤਾ ਡਾ. ਹਰਨਾਮ ਸਿੰਘ ਪਿੰਡ ਦੇ ਪਹਿਲੇ ਅਜਿਹੇ ਵਿਅਕਤੀ ਸਨ, ਜੋ ਡਾਕਟਰ ਬਣੇ। ਸੰਗਰੂਰ ਦੇ ਰਣਬੀਰ ਹਾਈ ਸਕੂਲ ਵਿਚੋਂ ਦਸਵੀਂ ਪਾਸ ਕਰਕੇ ਆਪ ਨੇ ਕਾਲਜ ਵਿਚ ਦਾਖਲਾ ਲਿਆ। ਉਚੇਰੀ ਪੜ੍ਹਾਈ ਉਨ੍ਹਾਂ ਗੌਰਮਿੰਟ ਕਾਲਜ ਲਾਹੌਰ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੇ ਇੰਡੀਅਨ ਮਿਲਟਰੀ ਅਕੈਡਮੀ ਦੀ ਪ੍ਰੀਖਿਆ ਪਾਸ ਕਰਕੇ ਮਾਰਚ 1933 ਵਿਚ ਦੇਹਰਾਦੂਨ ਇੰਡੀਅਨ ਮਿਲਟਰੀ ਅਕੈਡਮੀ ਵਿਚ ਦਾਖਲ ਹੋਏ। 15 ਜੁਲਾਈ 1935 ਨੂੰ ਕਮਿਸ਼ਨ ਦਿੱਤਾ ਗਿਆ ਅਤੇ ਉਨ੍ਹਾਂ ਨੇ ਆਪਣਾ ਕੈਰੀਅਰ ਦੂਜੀ ਬਟਾਲੀਅਨ, ਅਰਗਿਲ ਅਤੇ ਸਦਰਲੈਂਡ ਹਾਈਲੈਂਡਰਜ਼ ਨਾਲ ਇੱਕ ਸਾਲ ਦੇ ਕਮਿਸ਼ਨ-ਉਪਰੰਤ ਸੰਬੰਧ ਨਾਲ ਸ਼ੁਰੂ ਕੀਤਾ, ਫਿਰ ਰਾਵਲਪਿੰਡੀ ਵਿਖੇ ਤਾਇਨਾਤ ਕੀਤਾ ਗਿਆ। ਉਨ੍ਹਾਂ ਨੇ 1935 ਦੀ ਮੁਹੰਮਦ ਮੁਹਿੰਮ ਦੌਰਾਨ ਉੱਤਰ ਪੱਛਮੀ ਸਰਹੱਦ 'ਤੇ ਸੇਵਾ ਨਿਭਾਈ। ਹਾਈਲੈਂਡਰਜ਼ ਨਾਲ ਇੱਕ ਸਾਲ ਦੀ ਸਾਂਝ ਤੋਂ ਬਾਅਦ, ਉਹ 19 ਅਗਸਤ 1936 ਨੂੰ ਔਰੰਗਾਬਾਦ ਵਿਖੇ 5ਵੀਂ ਬਟਾਲੀਅਨ, 11ਵੀਂ ਸਿੱਖ ਰੈਜੀਮੈਂਟ (ਪਹਿਲਾਂ 47ਵੀਂ ਸਿੱਖ ) ਵਿਚ ਸ਼ਾਮਲ ਹੋਏ।



ਦੂਜੇ ਵਿਸ਼ਵ ਯੁੱਧ ਸਮੇਂ ਉਨ੍ਹਾਂ ਦੀ ਬਟਾਲੀਅਨ ਨੂੰ ਅਪ੍ਰੈਲ 1939 ਵਿਚ ਵਿਦੇਸ਼ ਜਾਣ ਦੀ ਤਿਆਰੀ ਕਰਨ ਦੇ ਆਦੇਸ਼ ਮਿਲੇ। ਕੁਝ ਦਿਨਾਂ ਬਾਅਦ ਉਹ ਸਿੰਗਾਪੁਰ ਪਹੁੰਚ ਗਏ। ਉਹ ਫਿਰ ਇਪੋਹ ਸ਼ਹਿਰ ਚਲੇ ਗਏ, ਜੋ ਉਨ੍ਹਾਂ ਦਾ ਅੰਤਰਿਮ ਸਟੇਸ਼ਨ ਸੀ। 5 ਜਨਵਰੀ 1942 ਨੂੰ ਕੁਆਂਤਾਨ ਤੋਂ ਵਾਪਸੀ ਦੇ ਦੌਰਾਨ, ਉਹ ਇੱਕ ਜਾਪਾਨੀ ਹਮਲੇ ਵਿਚ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ। ਉਨ੍ਹਾਂ ਦਾ ਇਲਾਜ ਸਿੰਗਾਪੁਰ ਦੇ ਅਲੈਗਜ਼ੈਂਡਰਾ ਹਸਪਤਾਲ ਵਿਚ ਕੀਤਾ ਗਿਆ। ਉਨ੍ਹਾਂ ਨੂੰ 15 ਫਰਵਰੀ 1942 ਨੂੰ ਜੰਗੀ ਕੈਦੀ ਬਣਾ ਲਿਆ ਗਿਆ ਤੇ ਇੰਪੀਰੀਅਲ ਜਾਪਾਨੀ ਆਰਮੀ ਏਅਰ ਸਰਵਿਸ ਨੂੰ ਸੌਂਪ ਦਿੱਤਾ ਗਿਆ। ਉਸ ਦਾ ਭਰਾ ਲੈਫਟੀਨੈਂਟ ਕਰਨਲ ਗੁਰਬਖਸ਼ ਸਿੰਘ ਅਤੇ ਜੀਂਦ ਇਨਫੈਂਟਰੀ ਦੀ ਬਟਾਲੀਅਨ ਉਸ ਦੇ ਨਾਲ ਉਸੇ ਕੈਂਪ ਵਿਚ ਸੀ। ਉਨ੍ਹਾਂ ਨੇ ਜੰਗ ਦੇ ਬਾਕੀ ਸਾਲ ਕਲੂਆਂਗ ਕੈਂਪ ਵਿਚ ਇੱਕ ਜੰਗੀ ਫੌਜੀ ਵਜੋਂ ਬਿਤਾਏ। ਉਨ੍ਹਾਂ ਨੂੰ ਸਤੰਬਰ 1945 'ਚ ਦੁਸ਼ਮਣੀ ਖ਼ਤਮ ਹੋਣ ਤੋਂ ਬਾਅਦ ਹੀ ਵਾਪਸ ਭੇਜਿਆ ਗਿਆ ਸੀ।

ਸਾਲ ਦੇ ਅੰਤ ਤੱਕ, ਉਹ ਦੇਹਰਾਦੂਨ ਵਿਚ ਯੂਨਿਟ ਦੇ ਕਮਾਂਡਰਜ਼ ਕੋਰਸ ਵਿਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਅਪ੍ਰੈਲ 1945 ਵਿਚ, ਕੈਂਪਬੈਲਪੁਰ (ਹੁਣ ਅਟਕ) ਵਿਖੇ 4ਵੀਂ ਬਟਾਲੀਅਨ, 11ਵੀਂ ਸਿੱਖ ਰੈਜੀਮੈਂਟ (4/11 ਸਿੱਖ) ਦੇ ਦੂਜੇ-ਇਨ-ਕਮਾਂਡ ਵਜੋਂ ਤਾਇਨਾਤ ਕੀਤਾ ਗਿਆ। ਫਰਵਰੀ 1947 ਵਿਚ, ਉਨ੍ਹਾਂ ਨੂੰ ਸਟਾਫ ਕਾਲਜ, ਕੋਇਟਾ ਦੇ ਪਹਿਲੇ ਲੰਬੇ ਕੋਰਸ ਵਿਚ ਸ਼ਾਮਲ ਹੋਣ ਲਈ ਚੁਣਿਆ ਗਿਆ।

ਆਜ਼ਾਦੀ-ਉਪਰੰਤ ਉਨ੍ਹਾਂ ਨੂੰ ਸਟਾਫ ਕਾਲਜ ਵਿਚ ਕੋਰਸ ਪੂਰਾ ਕਰਨ ਤੋਂ ਬਾਅਦ, ਉਨ੍ਹਾਂ ਨੂੰ ਜੀ.ਐੱਸ.ਓ.-1 (ਓਪਰੇਸ਼ਨ ਅਤੇ ਸਿਖਲਾਈ), ਈਸਟਰਨ ਕਮਾਂਡ ਵਜੋਂ ਤਾਇਨਾਤ ਕੀਤਾ ਗਿਆ। ਅਕਤੂਬਰ 1947 ਵਿਚ, ਉਨ੍ਹਾਂ ਨੇ ਬਟਾਲੀਅਨ, ਜਿਸ ਦਾ ਲੈਫਟੀਨੈਂਟ ਕਰਨਲ ਦੀਵਾਨ ਰਣਜੀਤ ਰਾਏ, ਪਹਿਲੀ ਬਟਾਲੀਅਨ, ਸਿੱਖ ਰੈਜੀਮੈਂਟ ਦਾ ਕਮਾਂਡਿੰਗ ਅਫਸਰ ਜੋ 1948 ਵਿਚ ਕਸ਼ਮੀਰ ਦੇ ਆਪਰੇਸ਼ਨ ਦੌਰਾਨ ਮਾਰਿਆ ਗਿਆ ਸੀ, ਦੀ ਕਮਾਂਡ ਕਰਨ ਲਈ ਸਵੈ-ਇੱਛਾ ਨਾਲ ਕੰਮ ਕੀਤਾ; ਹਾਲਾਂਕਿ, ਉਹ 161 ਇਨਫੈਂਟਰੀ ਬ੍ਰਿਗੇਡ ਦੇ ਡਿਪਟੀ ਕਮਾਂਡਰ ਵਜੋਂ ਤਾਇਨਾਤ ਸਨ। ਉਨ੍ਹਾਂ ਨੇ 7 ਨਵੰਬਰ 1947 ਨੂੰ ਸ਼ੈਲਾਤਾਂਗ ਪੁਲ 'ਤੇ ਧਾੜਵੀਆਂ ਵਿਰੁੱਧ ਮੁੱਖ ਲੜਾਈ ਲੜੀ। ਇਹ ਫੈਸਲਾਕੁੰਨ ਲੜਾਈ, ਜਿਸ ਵਿਚ ਪਹਿਲੀ ਬਟਾਲੀਅਨ ਸਿੱਖ ਰੈਜੀਮੈਂਟ ਅਤੇ ਚੌਥੀ ਬਟਾਲੀਅਨ ਕੁਮਾਉਂ ਰੈਜੀਮੈਂਟ ਸ਼ਾਮਲ ਸੀ, ਯੁੱਧ ਵਿਚ ਇੱਕ ਮੀਲ ਪੱਥਰ ਸਾਬਤ ਹੋਈ।

12 ਦਸੰਬਰ 1947 ਨੂੰ ਉਨ੍ਹਾਂ ਨੇ ਬਟਾਲੀਅਨ ਨੂੰ ਸ੍ਰੀਨਗਰ ਵਾਪਸ ਲਿਆਂਦਾ। ਲੜਾਈਆਂ ਦੀ ਇੱਕ ਲੜੀ ਤੋਂ ਬਾਅਦ, ਬਟਾਲੀਅਨ ਨੇ ਦੁਸ਼ਮਣ ਨੂੰ ਕਸ਼ਮੀਰ ਦੀ ਘਾਟੀ ਵਿਚੋਂ ਬਾਹਰ ਕੱਢ ਦਿੱਤਾ।1948 ਵਿਚ, ਉਨ੍ਹਾਂ ਨੂੰ ਬ੍ਰਿਗੇਡੀਅਰ ਦੇ ਅਹੁਦੇ 'ਤੇ ਤਰੱਕੀ ਦਿੱਤੀ ਗਈ। ਉਨ੍ਹਾਂ ਨੇ ਛੇ ਦਿਨਾਂ ਦੀ ਲੜਾਈ ਲੜ ਕੇ 23 ਮਈ 1948 ਨੂੰ ਟਿੱਥਵਾਲ ਉੱਤੇ ਕਬਜ਼ਾ ਕਰ ਲਿਆ ਗਿਆ। ਉਨ੍ਹਾਂ ਨੂੰ ਬਹਾਦਰੀ ਲਈ ਪਦਮ ਵਿਭੂਸ਼ਣ ਜੋ ਕਿ ਭਾਰਤ ਰਤਨ ਤੋਂ ਹੇਠਲੇ ਦਰਜੇ ਦਾ ਹੈ, ਪਦਮ ਭੂਸ਼ਣ ਅਤੇ ਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ। ਉਹ 14 ਨਵੰਬਰ 1999 ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਯਾਦ ਵਿਚ ਹਰ ਸਾਲ ਸਮਾਗਮ ਹੁੰਦੇ ਰਹਿੰਦੇ ਹਨ। ਉਨ੍ਹਾਂ ਦਾ 111ਵਾਂ ਜਨਮ ਦਿਨ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਹਾਲ ਮਨਾਇਆ ਗਿਆ, ਜਿਸ ਵਿਚ ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਨੂੰ ਭਾਰਤ ਰਤਨ ਪੁਰਸਕਾਰ ਦਿੱਤਾ ਜਾਵੇ। ਸਮੂਹ ਦੇਸ਼ ਵਾਸੀਆਂ ਤੇ ਰਾਜਨੀਤਿਕ ਪਾਰਟੀਆਂ ਨੂੰ ਰਾਜਨੀਤੀ ਤੋਂ ਉਪਰ ਉੱਠ ਕੇ ਇਸ ਮੰਗ ਦੀ ਹਮਾਇਤ ਕਰਨੀ ਚਾਹੀਦੀ ਹੈ।

ਉਨ੍ਹਾਂ ਦੀ ਜੀਵਨੀ ਬਾਰੇ ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ ਨੇ ਪੁਸਤਕ 'ਪੰਜਾਬ ਤੇ ਕਸ਼ਮੀਰ ਦਾ ਰਾਖਾ, ਜਨਰਲ ਹਰਬਖ਼ਸ਼ ਸਿੰਘ' ਲਿਖੀ ਹੈ, ਜੋ ਕਿ ਸਿੰਘ ਬ੍ਰਦਰਜ਼ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ ਹੈ, ਜੋ ਕਿ ਹਰ ਭਾਰਤੀ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ।

ਜਿੱਥੋਂ ਤੀਕ ਮੇਜਰ ਜਨਰਲ ਹਰਬਖਸ਼ ਸਿੰਘ ਦਾ ਸਬੰਧ ਹੈ, ਉਨ੍ਹਾਂ ਨੇ ਬੜੀ ਦੂਰ ਅੰਦੇਸ਼ੀ ਤੋਂ ਕੰਮ ਲੈਂਦੇ ਹੋਏ ਮਾਝੇ ਨੂੰ ਤਬਾਹੀ ਤੋਂ ਬਚਾਅ ਲਿਆ। ਹੋਇਆ ਇੰਜ ਕਿ ਇਸ ਲੜਾਈ ਵਿਚ ਅੰਮ੍ਰਿਤਸਰ ਤੇ ਡੇਰਾ ਬਾਬਾ ਨਾਨਕ ਸੈਕਟਰ ਵਿਚ ਪਾਕਿਸਤਾਨ ਦੀਆਂ ਫੌਜਾਂ ਦੀਆਂ ਕਈ ਡਵੀਜ਼ਨਾਂ ਨੇ ਇੱਕ ਵਾਰ ਅਚਾਨਕ ਹਮਲਾ ਕਰ ਦਿੱਤਾ। ਉਸ ਸਮੇਂ ਇਸ ਇਲਾਕੇ ਦੀ ਕਮਾਂਡ ਦੇ ਮੁਖੀ ਉਸ ਸਮੇਂ ਦੇ ਆਪ ਸਨ। ਇਹ ਹਮਲਾ ਏਨਾ ਜ਼ਬਰਦਸਤ ਕਿ ਇਸ ਦੀ ਖ਼ਤਰਨਾਕਤਾ ਨੂੰ ਵੇਖਦੇ ਹੋਏ ਉਸ ਸਮੇਂ ਦੇ ਭਾਰਤੀ ਫੌਜ ਦੇ ਮੁਖੀ ਮਿਸਟਰ ਚੌਧਰੀ ਦਾ ਹੁਕਮ ਆਪ ਨੂੰ ਆਇਆ ਕਿ ਉਹ ਆਪਣੀਆਂ ਫੌਜਾਂ ਨੂੰ ਪਿੱਛੇ ਦਰਿਆ ਬਿਆਸ ਦੇ ਜਲੰਧਰ ਵਾਲੇ ਪਾਸੇ ਲੈ ਆਉਣ।

# ਪੰਜਾਬੀ ਫ਼ਿਲਮ ਦਰਪਣ

-ਅੰਮ੍ਰਿਤ ਪਵਾਰ
ਪੰਜਾਬ ਮੇਲ USA

## (1) ਸ਼ਿਵਚਰਨ ਜੱਗੀ ਕੁੱਸਾ ਦੇ ਨਾਵਲ ਹਿੱਟ ਫਿਲਮਾਂ



ਜੱਗੀ ਕੁੱਸਾ ਗੁੱਗੂ ਗਿੱਲ ਨਾਲ।

ਸਾਡੀ ਸਮਝ ਤੋਂ ਪਰ੍ਹੇ ਇਹ ਗੱਲ ਕਿ ਹਿੰਦੀ ਫ਼ਿਲਮਾਂ ਵਾਲੇ ਸਾਹਿਤ ਤੇ ਗੁਲਸ਼ਨ ਨੰਦਾ ਦੇ ਨਾਵਲਾਂ ਤੇ ਫ਼ਿਲਮਾਂ ਬਣਾ ਸਕਦੇ ਨੇ ਪਰ ਪੰਜਾਬੀ ਫ਼ਿਲਮਾਂ ਵਾਲੇ ਘਿਸੀ ਪਿਟੀ ਨਕਲ, ਫੂਹੜ ਕਮੇਡੀ ਤੇ ਲੱਚਰ ਚੁਟਕਲੇ ਵਰਤੀ ਜਾਂਦੇ ਹਨ। ਸ਼ਿਵਚਰਨ ਜੱਗੀ ਕੁੱਸਾ ਦੇ ਨਾਵਲ ਕਥਾ ਕਹਾਣੀ ਹੁੰਦੀ ਹੈ। ਜਜ਼ਬਾਤ, ਪਿਆਰ, ਬਦਲਾ ਤੇ ਜਨਜੀਵਨ ਪਰ ਅਸੀਂ ਕਦੇ ਜੱਗੀ ਕੁੱਸਾ ਵੱਲ ਕੇਂਦਰਿਤ ਹੀ ਨਹੀਂ। ਜੱਗੀ ਕੁੱਸਾ ਦੇ ਨਾਵਲ ਮੈਗਜ਼ੀਨ, ਅਖ਼ਬਾਰਾਂ ਛਾਪ ਕਿ ਪ੍ਰਸੰਨ ਹਨ ਪਰ ਪਾਲੀਵੁੱਡ ਵਾਲਿਓ ਕਰੋ ਫ਼ਿਲਮਾਂ ਦੇਖੋ ਜੱਗੀ ਕੁੱਸਾ ਦੇ ਨਾਵਲ। ਗਰੰਟੀ ਹੈ ਕਿ ਫਿਲਮੀ ਰੂਪ ਨਾਵਲ ਨੂੰ ਦਿਉਗੇ ਹਿੱਟ ਫ਼ਿਲਮ ਬਣੇਗੀ। ਆਪਾਂ ਤੇ ਆਪਣੀ ਕਹਤੀ ਬਾਕੀ ਛੱਡੀਆਂ ਤੇਰੇ 'ਤੇ ਪਾਲੀਵੁੱਡ।

## (2) ਅਮਰਪਾਲ ਦੀ ਦੀਕਸ਼ਾ ਹੈ "ਲੁਟੇਰੀ ਹਸੀਨਾ"



ਅਮਰਪਾਲ ਲੁਟੇਰੀ ਹਸੀਨਾ।

ਅਮਰਪਾਲ ਲਈ ਵਕਤ ਸੁਨਹਿਰੀ ਟਿਕ-ਟਿਕ ਕਰ ਰਿਹਾ ਹੈ। ਵੀਡਿਓ ਨਿਰਦੇਸ਼ਕ ਉਹ ਚਰਚਿਤ ਨੇ ਤੇ ਤਿੰਨ ਫ਼ਿਲਮਾਂ ਉਨ੍ਹਾਂ ਦੀਆਂ ਆਉਣ ਨੂੰ ਤਿਆਰ ਹਨ। ਹੁਣ ਉਨ੍ਹਾਂ ਨੇ ਅੱਜਕੱਲ੍ਹ ਜਿਊਂਦਾ ਜਾਗਦਾ ਹਨੀ ਟ੍ਰੈਪ ਲੋਕਾਂ ਨੂੰ ਚੁੰਗਲ ਵਿਚ ਲੈਂਦਾ ਹੈ ਤੇ ਫ਼ਿਲਮ ਸ਼ੁਰੂ ਕੀਤੀ ਹੈ। ਇਸ ਦਾ ਨਾਂ "ਲੁਟੇਰੀ ਹਸੀਨਾ" ਰੱਖਿਆ ਗਿਆ ਹੈ। ਫ਼ਿਲਮ ਢਿੱਲਵਾਂ ਦੇ ਆਸ-ਪਾਸ ਹੋਈ ਹੈ ਤੇ ਗੁਰਦੀਪ ਸੰਧੂ ਇਸ ਦੇ ਨਾਇਕ ਹਨ। ਅਮਰਪਾਲ ਨੇ ਟਾਈਟਲ ਭੂਮਿਕਾ ਦੀਕਸ਼ਾ ਨੂੰ ਦਿੱਤੀ ਹੈ ਤੇ ਸੰਧੂ ਸ਼ੁਰੂ ਤੋਂ ਉਨ੍ਹਾਂ ਦੇ ਚਹੇਤੇ ਨਾਇਕ ਹਨ। "ਲੁਟੇਰੀ ਹਸੀਨਾ" ਬਣੀ ਦੀਕਸ਼ਾ ਨੇ ਕਿਹਾ ਕਿ ਜਦ ਫ਼ਿਲਮ ਲਫਜ਼ ਤੁਹਾਡੇ ਨਾਲ ਜੁੜ ਜਾਂਦਾ ਹੈ, ਤਦ ਖੁਸ਼ੀ ਦੀ ਊਰਜਾ ਨਾਲ ਤੁਸੀਂ ਬਲਵਾਨ ਬਣ ਜਾਂਦੇ ਹੋ ਤੇ ਗੁਰਦੀਪ ਸੰਧੂ ਹਮੇਸ਼ਾਂ ਤੋਂ ਅਮਰਪਾਲ ਦੇ ਖਾਸ ਨਾਇਕ ਨੇ ਤੇ "ਲੁਟੇਰੀ ਹਸੀਨਾ" ਕਰ ਕੇ ਉਹ ਕਾਫ਼ੀ ਖੁਸ਼ ਹਨ, ਫ਼ਿਲਮ ਦੀ ਕਹਾਣੀ ਟਵਿਸਟ ਵਾਲੀ ਹੈ।

## (3) ਕਨਵਰ ਸਿੰਘ ਨੇ ਕਿਹਾ "ਜਾਗੋ ਆਈ ਆ"



ਕਨਵਰ ਸਿੰਘ ਜਾਗੋ ਆਈਆ।

ਅਮਰੀਕਾ ਰਹਿਣਾ ਤੇ ਢਿੱਡੋਂ ਆਪਣੀ ਬੋਲੀ ਪੰਜਾਬੀ ਦੇ ਮਨੋਰੰਜਨ ਖੇਤਰ ਲਈ ਰੀਝ ਕਨਵਰ ਸਿੰਘ ਕੋਲ ਇਹ ਸਭ ਕੁਝ ਹੈ। ਸਿਆਟਲ ਦੇ ਕਨਵਰ ਦੀ ਫ਼ਿਲਮ "ਜਾਗੋ ਆਈ ਆ" ਆ ਰਹੀ ਹੈ, ਜਿਸ ਦਾ ਨਿਰਦੇਸ਼ਕ ਸੰਨੀ ਬਿਨਿੰਗ ਹੈ ਤੇ ਡੀ.ਓ.ਪੀ. ਸੋਨੀ ਸਿੰਘ ਹਨ। ਕਾਇਮ ਹੋ ਜਾਓ ਕਨਵਰ ਦਾ ਪ੍ਰਵੇਸ਼ ਗੁੱਗੂ ਗਿੱਲ, ਪੂਨਮ ਢਿੱਲੋਂ, ਰਾਜ ਸੰਧੂ ਤੇ ਸਰਦਾਰ ਸੋਹੀ ਜਿਹੇ ਸਟਾਰ ਕਲਾਕਾਰਾਂ ਨਾਲ ਹੋ ਰਿਹਾ ਹੈ। ਫ਼ਿਲਮ ਵਿਚ ਸਰਬਜੀਤ ਚੀਮਾ ਤੇ ਰਵਨੀਤ ਕੌਰ ਵੀ ਹਨ। ਸ਼ੁੱਭ ਕਾਮਨਾਵਾਂ ਕਨਵਰ ਸਿੰਘ "ਜਾਗੋ ਆਈ ਆ" ਲਈ।

## (4) ਸਾਬਾਸ਼ ਦੇਵੀ ਸ਼ਰਮਾ ਐਂਡ ਕੰਪਨੀ, ਸਾਬਾਸ਼ ਬਠਿੰਡੇ ਵਾਲੇ




ਦੇਵੀ ਸ਼ਰਮਾ ਫਿਲਮ ਬਠਿੰਡਾ।

ਦੇਵੀ ਸ਼ਰਮਾ ਡੀ.ਓ.ਪੀ. ਨੰਬਰ ਵੰਨ ਤੇ ਪੰਜਾਬੀ ਫ਼ਿਲਮਾਂ ਦੇ ਮੇਕਰ, ਨਿਰਦੇਸ਼ਕ ਹਨ ਨੇ ਆਪਣੇ ਮਨੋਰੰਜਨ ਪ੍ਰੇਮੀਆਂ ਨਾਲ ਮਿਲ ਬਠਿੰਡਾ ਵਿਚ ਪੰਜਾਬੀ ਫ਼ਿਲਮਾਂ ਦਾ ਸਨਮਾਨ ਸਮਾਰੋਹ ਰੱਖਿਆ। ਸਿਨੇ ਲਵਰ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ ਕਰਵਾਉਣਾ ਸੌਖੀ ਗੱਲ ਨਹੀਂ ਪਰ ਦੇਵੀ ਨੇ ਡੇਵੀ ਸਿੰਘ, ਹਰਜੀਤ ਵਾਲੀਆ, ਦਲਜੀਤ ਅਰੋੜਾ ਜਿਹੇ ਨਾਮਵਰ ਫਿਲਮੀ ਲੋਕ ਬੁਲਾ ਪੰਜਾਬੀ ਫ਼ਿਲਮਾਂ ਨੂੰ ਉਤਸ਼ਾਹਿਤ ਕੀਤਾ। ਦੇਵੀ ਸ਼ਰਮਾ ਦੀ ਜਾਨਮ ਖੁਸ਼ਬੂ ਸ਼ਰਮਾ ਅੱਤੀ ਉੱਤਮ ਲੇਖਿਕਾ ਹੈ ਤੇ ਹੁਣ ਨਿਰਦੇਸ਼ਕਾ ਵੀ ਹੈ, ਨੂੰ ਵੀ ਸਨਮਾਨਿਤ ਹੋਣ ਤੇ ਮੁਬਾਰਕਾਂ।

## (5) ਰੁਪਾਲੀ ਸੰਧੂ ਰੂਪ ਦੀ ਰਾਣੀ, ਅਭਿਨੈ ਦੀ ਕਹਾਣੀ

ਜੀ ਪੰਜਾਬੀ ਦੇ ਸੀਰੀਅਲ ਤੇ ਉਨ੍ਹਾਂ ਵਿਚ ਐਕਟਿੰਗ ਕਰ ਕੇ ਰੁਪਾਲੀ ਸੰਧੂ ਹਰ ਘਰ ਦੀ ਪਛਾਣ ਵਾਲੀ ਐਕਟਰੈੱਸ ਹੈ। ਉਹ ਸੁਰੀਲੀ ਆਵਾਜ਼ ਦੀ ਮਾਲਿਕ ਵੀ ਹੈ ਤੇ ਗੋਗੀ ਟਿਵਾਣਾ ਨਾਲ ਸਟੇਜ ਵੀ ਕਰਦੀ ਹੈ। ਮਾਡਲ ਰੁਪਾਲੀ ਨੰਬਰ ਵੰਨ ਹੈ ਤੇ ਬਲਵਿੰਦਰ ਸੇਖੋਂ ਦੇ ਗੀਤ ਨਾਲ ਅੱਜਕੱਲ੍ਹ ਉਹ ਚਰਚਾ ਵਿਚ ਹੈ। ਰੁਪਾਲੀ ਨੇ "ਰੰਗਲਾ ਪੰਜਾਬ" ਫ਼ਿਲਮ ਵੀ ਕੀਤੀ ਹੈ। ਰੁਪਾਲੀ ਸੰਧੂ ਨਿਰੀ ਜਯਾ ਪ੍ਰਦਾ ਲੱਗਦੀ ਹੈ। ਰੁਪਾਲੀ ਰੂਪ ਦੀ ਰਾਣੀ ਹੈ ਤੇ ਇਸ ਰਾਣੀ ਗਲੇ ਸੋਨੇ ਦਾ ਹਾਰ ਪਾਉਣ ਲਈ ਲੱਖਾਂ ਦੀਵਾਨੇ ਆਵਾਜ਼ ਤੇ ਅੰਦਾਜ਼ ਦੇ ਤਿਆਰ ਹਨ, ਜੈ ਹੋ। ਰੁਪਾਲੀ ਸੰਧੂ ਨੇ ਐਡ ਫ਼ਿਲਮਾਂ ਦੇ ਨਾਲ ਪੰਜਾਬੀ ਵੀਡਿਓ ਗੀਤਾਂ ਤੇ ਲਾਈਵ ਸ਼ੋਅ ਵਿਚ ਵੀ ਬਿਹਤਰ ਕੰਮ ਕਰ ਦਿਖਾਇਆ ਹੈ ਤੇ ਜਲਦੀ ਉਹ ਵੱਡੇ ਪੱਧਰ 'ਤੇ ਵੱਡੀਆਂ ਫ਼ਿਲਮਾਂ ਵਿਚ ਦਿਖਾਈ ਦੇਵੇਗੀ।



ਰੁਪਾਲੀ ਸੰਧੂ

## 6. ਗੁਰਦੀਪ ਸੰਧੂ ਪੰਜਾਬ



ਗੁਰਦੀਪ ਸੰਧੂ ਪੰਜਾਬ ਸਰਕਾਰ।

### ਸਰਕਾਰ ਕਰੂ ਸਨਮਾਨਿਤ

ਹਰਫਨਮੌਲਾ ਕਲਾਕਾਰ ਗੁਰਦੀਪ ਸੰਧੂ ਹੈ, ਲਿਖਦਾ, ਗਾਂਵਦਾ ਤੇ ਡਾਇਰੈਕਟ ਕਰਦਾ ਸੰਧੂ ਵਕਤ ਦੀ ਨਬਜ਼ ਨਾਲ ਗੀਤਕਾਰੀ ਕਰਦਾ ਹੈ ਤੇ ਲੋਕਾਂ ਨਾਲ ਗਾ ਕੇ ਜੁੜਦਾ ਹੈ। ਟੀ.ਵੀ. ਤੇ ਫਿਲਮੀ ਅਦਾਕਾਰ ਗੁਰਦੀਪ ਸੰਧੂ ਨੇ ਪਰਾਲੀ ਸਾੜਨ ਦੀ ਗੰਭੀਰ ਸਮੱਸਿਆ 'ਤੇ ਗੀਤ ਗਾ ਕਿ ਬਹੁਤ ਵਧੀਆ ਉਪਰਾਲਾ ਕੀਤਾ ਹੈ। "ਹਾਸੇ ਦਾ ਮੜਾਸਾ" ਦਾ ਹੀਰੋ ਗੁਰਦੀਪ ਸੰਧੂ ਅਜਿਹਾ ਗੀਤ ਗਾ ਕੇ ਵਧਾਈ ਦੇ ਨਾਲ ਐਵਾਰਡ ਦਾ ਵੀ ਹੱਕਦਾਰ ਹੈ। ਪੰਜਾਬ ਸਰਕਾਰ ਦੇ ਸੱਭਿਆਚਾਰਕ ਮੰਤਰਾਲੇ ਤੇ ਸਥਾਨਕ ਪ੍ਰਸ਼ਾਸਨ ਵੱਲੋਂ ਉਸ ਨੂੰ ਸਨਮਾਨ ਦੇ ਕੇ ਲੋਕ ਮੁੱਦਿਆਂ ਲਈ ਕਲਾਕਾਰ ਕੰਮ ਕਰਨ ਦੀ ਗੀਤ ਬਰਕਰਾਰ ਰੱਖਣੀ ਚਾਹੀਦੀ ਹੈ। ਇਸ ਵੇਲੇ ਗੁਰਦੀਪ ਸੰਧੂ ਦੀਆਂ ਤਿੰਨ ਫ਼ਿਲਮਾਂ ਤੇਜ਼ੀ ਨਾਲ ਤਿਆਰ ਹੋ ਰਹੀਆਂ ਹਨ।

# ਲੰਗਰ ਸ੍ਰੀ ਗੁਰੂ ਨਾਨਕ ਦੇਵ ਜੀ

-ਹਰਜਿੰਦਰ ਕੌਰ
ਪੰਜਾਬ ਮੇਲ USA

**ਸ਼ੁਰੂਆਤ** : ਲੰਗਰ ਮਤਲਬ ਰੋਟੀ-ਪਾਣੀ (ਖਾਣ ਦੇ ਪਦਾਰਥ) ਜੋ ਸਾਨੂੰ ਗੁਰਦੁਆਰਿਆਂ ਵਿਚ ਬਿਨਾਂ ਪੈਸੇ ਖਰਚ ਕੀਤਿਆਂ ਮਿਲਦੇ ਹਨ। ਸਵੇਰੇ ਸ਼ਾਮ ਤੇ ਕਈ ਵਾਰ 24 ਘੰਟੇ ਲੰਗਰ ਦੀ ਸੇਵਾ ਚੱਲਦੀ ਹੀ ਰਹਿੰਦੀ ਹੈ। ਬੱਚਿਆਂ ਲਈ ਦੁੱਧ, ਵੱਡਿਆਂ ਲਈ ਪ੍ਰਸ਼ਾਦਾ ਤੇ ਸਬਜ਼ੀ, ਚਾਅ ਦੇ ਸਭ ਨੂੰ ਲੰਗਰ ਵਰਤਾਇਆ ਜਾਂਦਾ ਹੈ। ਕਈ ਵਾਰ ਚਾਹ, ਫਲ-ਫਰੂਟ, ਪਕੌੜੇ ਮਿਲਦੇ ਹਨ ਤੇ ਮਿਠਾਈਆਂ ਵੀ ਵਰਤਾਈਆਂ ਜਾਂਦੀਆਂ ਹਨ। ਜੋ ਸਭ ਕੁੱਝ ਬਹੁਤ ਵਧੀਆ ਲੱਗਦਾ ਹੈ ਪਰ ਅੱਜ ਸੰਸਾਰ ਦੇ ਲੋਕਾਂ ਨੂੰ ਸ਼ੂਗਰ, ਬਲੱਡ ਪ੍ਰੈਸ਼ਰ, ਕੋਲੈਸਟਰੋਲ ਆਦਿ ਕਈ ਭਿਆਨਕ ਬਿਮਾਰੀਆਂ ਹਨ। ਇਹ ਸਭ ਵੱਡਿਆਂ ਵਿਚ ਤਾਂ ਹੈ, ਕਈ ਵਾਰ ਸ਼ੂਗਰ ਛੋਟੇ ਬੱਚਿਆਂ ਵਿਚ ਵੀ ਦੇਖਣ ਨੂੰ ਮਿਲਦੀ ਹੈ, ਬਲਕਿ ਆਮ ਜਿਹੀ ਗੱਲ ਹੈ।

ਮੈਂ ਬੱਸ ਇਹ ਕਹਿਣਾ ਚਾਹੁੰਦੀ ਹਾਂ ਕਿ ਲੰਗਰ ਜ਼ਰੂਰ ਲਗਾਉ, ਜੋ ਕਿ ਸਿਹਤ ਲਈ ਲਾਹੇਵੰਦ ਹੋਵੇ। ਲੋਕ ਖਾ ਕੇ ਬਿਮਾਰ ਨਾ ਹੋਣ, ਸਗੋਂ ਸਿਹਤ ਨੂੰ ਹੋਰ ਵਧੀਆ ਬਣਾਉਣ। ਕਈ ਵਾਰ ਲੋਕ ਇਨਾ ਮਿਠਾ ਜਾਂ ਘਿਉ ਤਿੰਨ ਮਹੀਨਿਆਂ ਵਿਚ ਨਹੀਂ



ਖਾਂਦੇ, ਸਗੋਂ ਇਕ ਵਾਰ ਲੰਗਰ ਖਾਣ ਨਾਲ ਹੀ ਸਿਹਤ ਨੂੰ ਖਰਾਬ ਕਰ ਲੈਂਦੇ ਹਨ। ਬਹੁਤ ਲੋਕ ਲੰਗਰ ਖਾ ਕੇ, ਭਰ ਕੇ ਘਰਾਂ ਨੂੰ ਵੀ ਲੈ ਜਾਂਦੇ ਹਨ, ਫਿਰ ਦੋ-ਤਿੰਨ ਦਿਨ ਉਹ ਹੀ ਲੰਗਰ ਗਰਮ ਕਰਕੇ ਖਾਂਦੇ ਰਹਿੰਦੇ ਹਨ। ਇਹ ਸਿਹਤ ਲਈ ਬਹੁਤ ਹਾਨੀਕਾਰਕ ਹੈ। ਸਾਨੂੰ ਸਭ ਕੁੱਝ ਮਰਿਯਾਦਾ ਅਨੁਸਾਰ ਕਰਨਾ ਚਾਹੀਦਾ ਹੈ।

**ਲੰਗਰਾਂ ਵਿਚ ਸੁਆਦ ਨਾਲੋਂ ਜ਼ਿਆਦਾ ਸਿਹਤ ਵਰਤਾਉ**:- ਸਾਨੂੰ ਉਬਲੀਆਂ ਸਬਜ਼ੀਆਂ, ਖੁਸ਼ਕ ਪ੍ਰਸ਼ਾਦੇ, ਫਲ, ਘੱਟ ਚੀਨੀ ਤੇ ਨਮਕ ਵਾਲੇ ਬਿਸਕੁਟ, ਦਲੀਆ, ਕਿੰਨੂਆਂ ਬਹੁਤ ਸਾਰੀਆਂ ਸਬਜ਼ੀਆਂ ਪਾ ਕੇ ਵਰਤਾਉ, ਬੱਚਿਆਂ ਲਈ ਬਰਗਰ ਬਣਾਓ, ਤਾਂ ਬਹੁਤ ਸਬਜ਼ੀਆਂ ਦੀ ਵਰਤੋਂ ਕਰੋ। ਲੰਗਰਾਂ 'ਚ ਦੁੱਧ, ਸ਼ਰਦਾਈ ਪੁਰਾਤਨ ਖੁਰਾਕਾਂ ਨੂੰ ਧਿਆਨ ਵਿਚ ਰੱਖਕੇ ਵਸਤਾਂ ਦੀ ਵਰਤੋਂ ਕਰੋ।

ਮੇਰੀ ਬੇਨਤੀ ਹੈ ਕਿ ਸਮਾਜ ਬਹੁਤ ਸਿਹਤਮੰਦ ਹੋਵੇਗਾ, ਤਾਂ ਚੰਗਾ ਸੋਚੇਗਾ। ਚੰਗੀ ਸਿਹਤ ਨਾਲ ਸਭ ਕੁਝ ਹੋ ਸਕਦਾ ਹੈ। ਪਰ ਸਿਹਤ ਤੋਂ ਬਿਨਾਂ ਸੋਚ ਚੰਗੀ ਨਹੀਂ ਬਣਦੀ। ਇਹ ਪੀਜ਼ੇ, ਬਰਗਰ, ਜਲੇਬੀਆਂ, ਪਨੀਰ, ਮਿਠਾਈਆਂ ਆਦਿ ਖਾਣ ਵਿਚ ਤਾਂ ਬਹੁਤ ਸੁਆਦ ਨੇ ਪਰ ਪਚਾਉਣੇ ਬਹੁਤ ਮੁਸ਼ਕਿਲ ਹਨ। ਲੋਕ ਲਾਲਚ ਨਾਲ ਬਹੁਤ ਖਾ ਕੇ ਸੁਸਤ ਹੋ ਜਾਂਦੇ ਹਨ। ਬਿਮਾਰੀਆਂ ਹੋਰ ਵੱਧ ਜਾਂਦੀਆਂ ਹਨ, ਬਿਮਾਰ ਸਮਾਜ ਕਿਵੇਂ ਤਰੱਕੀ ਕਰੇਗਾ।

ਸਾਨੂੰ ਸਭ ਨੂੰ ਇਸ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਘਰਾਂ ਵਿਚ ਆਟਾ ਸਿਰਫ ਕਣਕ ਦਾ ਨਾ ਵਰਤੋਂ, ਸਗੋਂ ਕਣਕ, ਜੌਂ, ਰਾਗੀ, ਮੱਕੀ, ਬਾਜਰਾ, ਸਿੰਘਾੜਿਆਂ ਦਾ ਆਟਾ, ਕੋਦਰਾ ਆਦਿ ਸਭ ਮਿਲਾ ਕੇ ਰੋਟੀ ਬਣਾਉ, ਜੋ ਸਾਨੂੰ ਸਿਦਕ ਤੇ ਸਿੱਖਿਆ ਦਿੰਦੀ ਹੈ ਕਿ ਸਿਹਤਮੰਦ ਹੀ ਰਹੋ। ਜ਼ਿਆਦਾ ਲੂਣ, ਖੰਡ, ਘਿਉ, ਮਸਾਲੇ, ਮੱਖਣ, ਤਲ਼ੀਆਂ ਚੀਜ਼ਾਂ ਸਿਰਫ ਸੁਆਦ ਤਾਂ ਜ਼ਰੂਰ ਲੱਗਦੀਆਂ ਹਨ, ਪਰ ਸਿਹਤ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਦਾ ਹੈ।

## ਅਵਤਾਰ ਦਿਵਸ 'ਤੇ ਵਿਸ਼ੇਸ਼

# ਸ਼੍ਰੋਮਣੀ ਭਗਤ ਨਾਮਦੇਵ ਜੀ : ਜੀਵਨ ਤੇ ਰਚਨਾ

-ਡਾ. ਚਰਨਜੀਤ ਸਿੰਘ ਗੁਮਟਾਲਾ
ਡੇਟਨ ਓਹਾਇਓ, ਯੂ.ਐੱਸ.ਏ.
001-937-573-9812
ਵਟਸ ਐਪ: 91-94175-33060
gumtalacs@gmail.com
ਪੰਜਾਬ ਮੇਲ USA



ਬ੍ਰਹਮ ਗਿਆਨੀ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਜਨਮ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ। ਮਰਾਠੀ, ਅੰਗਰੇਜ਼ੀ ਤੇ ਹਿੰਦੀ ਦੇ ਵਿਦਵਾਨ ਵੱਖੋ-ਵੱਖਰੀਆਂ ਤਰੀਕਾਂ ਦਿੰਦੇ ਹਨ। ਬੰਸੀਧਰ ਸ਼ਾਸਤਰੀ ਨਾਮਦੇਵ ਦਾ ਜਨਮ 1363 ਈ. ਵਿਚ ਹੋਇਆ ਦੱਸਦੇ ਹਨ। ਪ੍ਰੋ. ਵੀ.ਬੀ. ਪਟਵਰਧਨ, ਡਾ. ਭੰਡਾਰਕਰ, ਡਾ. ਨਿਕਲ ਮੈਕਲੀਕੋਲ ਤੇ ਭਾਗਤ ਰਾਮ 1370 ਈ. ਵਿਚ ਉਨ੍ਹਾਂ ਦਾ ਜਨਮ ਹੋਇਆ ਲਿਖਦੇ ਹਨ। ਗਰਸਾ-ਡੀ ਟੈਸੀ 1278 ਤੇ ਡਾ. ਮੋਹਨ ਸਿੰਘ ਦੀਵਾਨਾ ਇਹ ਵਰ੍ਹਾ 1390 ਈ. ਲਿਖਦੇ ਹਨ। ਗਿ. ਗੁਰਦਿੱਤ ਸਿੰਘ ਆਪਣੀ ਪੁਸਤਕ ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਿੱਧ ਕਰਦੇ ਹਨ, ਜਿਸ ਨੂੰ ਕਿ ਡਾ. ਅਤਰ ਸਿੰਘ, ਸ. ਨਰਿੰਦਰ ਸਿੰਘ ਸੋਚ ਆਦਿ ਨੇ ਨਕਾਰਿਆ ਹੈ। ਇਸ ਵਾਦ-ਵਿਵਾਦ ਉਪਰ ਡਾ. ਅਵਤਾਰ ਸਿੰਘ ਨੇ ਆਪਣੀ ਪੁਸਤਕ ਨਿਰਗੁਣ-ਕਾਵਿ ਅਤੇ ਭਗਤ ਨਾਮਦੇਵ ਪ੍ਰਕਾਸ਼ਕ ਡਾ. ਅਮਨਦੀਪ, 235 ਅੰਤਰਜਾਮੀ ਕਲੋਨੀ ਅੰਮ੍ਰਿਤਸਰ ਵਿਚ ਵਿਚਾਰ ਚਰਚਾ ਕਰਦੇ ਹੋਏ ਪੰਨਾ 56 ਤੇ 57 ਉਪਰ ਲਿਖਿਆ ਹੈ ਕਿ ਭਾਈ ਗੁਰਦਾਸ ਜੀ ਦੀ 10ਵੀਂ ਵਾਰ ਦੀ 15ਵੀਂ ਪੌੜੀ ਵਿਚ ਭਗਤ ਕਬੀਰ ਜੀ ਨੂੰ ਰਾਮਾਨੰਦ ਜੀ ਤੋਂ 'ਰਾਮ ਨਾਮ' ਦਾ ਉਪਦੇਸ਼ ਮਿਲਣ ਦੀ ਘਟਨਾ ਦਾ ਬਿਆਨ ਕੀਤਾ ਹੈ। ਜੇ ਕਬੀਰ ਜੀ ਜਾਂ ਨਾਮਦੇਵ ਜੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਹੁੰਦੇ, ਤਾਂ ਭਾਈ ਗੁਰਦਾਸ ਜੀ ਨੇ ਇਸ ਦਾ ਜ਼ਿਕਰ ਜ਼ਰੂਰ ਇਸ ਵਾਰ ਵਿਚ ਕਰਨਾ ਸੀ। ਗੁਰੂ ਗ੍ਰੰਥ ਸਾਹਿਬ ਦੇ ਅੰਗ 1372-73 ਵਿਚ ਨਾਮਦੇਵ-ਤ੍ਰਿਲੋਚਨ ਨੇ ਸੰਵਾਦ ਦੀ ਗਵਾਹੀ ਮਿਲਦੀ ਹੈ:-

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥ 212 ॥
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥ 213 ॥

(ਗੁਰੂ ਗ੍ਰੰਥ ਸਾਹਿਬ, ਅੰਗ : 1372-73)

ਸ੍ਰੀ ਨਾਮਦੇਵ ਗਾਥਾ ਸੰਗ੍ਰਹਿ ਦੇ ਅਭੰਗ 1240 ਤੋਂ ਸਾਬਤ ਹੋ ਜਾਂਦਾ ਹੈ ਕਿ ਆਪ ਨੇ 1270 ਈ. ਵਿਚ ਅਵਤਾਰ ਧਾਰਿਆ।

ਉਪਰੋਕਤ ਅਭੰਗ ਦੇ ਆਧਾਰ ਉੱਤੇ ਆਰ.ਡੀ. ਰਾਨਾਡੇ, ਲਕਸ਼ਮਣ ਗਣੇਸ਼ਯੋਗ, ਮਾਧਵ ਗੋਪਾਲ ਦੇਸ਼ਮੁਖ, ਡਾ. ਤਾਰਨ ਸਿੰਘ, ਭਾਈ ਜੋਧ ਸਿੰਘ, ਕਿਰਪਾਲ ਸਿੰਘ ਨਾਰੰਗ, ਗਿਆਨੀ ਖ਼ਜ਼ਾਨ ਸਿੰਘ ਅਤੇ ਡਾ. ਛੰ.ਕੇ. ਆਡਕਰ ਤੋਂ ਬਿਨਾਂ ਅਣਗਿਣਤ ਹੋਰ ਵਿਦਵਾਨ ਦੀ ਆਪ ਦੀ ਜਨਮ ਮਿਤੀ 26 ਅਕਤੂਬਰ 1270 ਈ. (ਸ਼ਕ ਸੰਮਤ 1192. ਕੱਤਕ ਦੀ ਸ਼ੁਕਲ ਇਕਾਦਸ਼ੀ) ਸਵੀਕਾਰ ਚੁੱਕੇ ਹਨ।

**ਜਨਮ ਸਥਾਨ** : ਜਿੱਥੋਂ ਤੀਕ ਜਨਮ ਸਥਾਨ ਦਾ ਸੰਬੰਧ ਹੈ, ਇਸ ਬਾਰੇ ਵੀ ਦੋ ਮਤ ਹਨ, ਕਈ ਲੇਖਕ ਪੰਡਰਪੁਰ ਨੂੰ ਜਨਮ ਸਥਾਨ ਮੰਨਦੇ ਹਨ ਤੇ ਕਈ ਪਿੰਡ ਨਰਸੀ ਨੂੰ ਮੰਨਦੇ ਹਨ। ਹਿੰਦੀ ਵਿਚ ਸਭ ਤੋਂ ਪਹਿਲਾਂ ਚਰਿੱਤਰ ਲਿਖਣ ਵਾਲੇ ਅਨੰਤਦਾਸ, ਨਾਮਦੇਵ ਦਾ ਜਨਮ ਸਥਾਨ ਪੰਡਰਪੁਰ ਮੰਨਦੇ ਹਨ। ਪੰਜਾਬੀ ਦੇ ਸਾਖੀਕਾਰ ਪੂਰਨਦਾਸ, ਸੋਹਨ ਲਾਲ ਮਨੋਹਰ ਤੇ ਗਿਆਨੀ ਖਜ਼ਾਨਾ ਸਿੰਘ ਵੀ ਪੰਡਰਪੁਰ ਨੂੰ ਜਨਮ ਸਥਾਨ ਮੰਨਦੇ ਹਨ।

ਪਰ ਸ੍ਰੀ ਨਾਮਦੇਵ ਗਾਥਾ ਅਨੁਸਾਰ ਆਪਦਾ ਜਨਮ ਗੋਣਾਈ ਦੇ ਉਦਰ ਤੋਂ ਨਰਸੀ ਪਿੰਡ ਵਿਚ ਹੋਇਆ। ਇਨ੍ਹਾਂ ਵਿਚ ਪ੍ਰੋ. ਸਾਹਿਬ ਸਿੰਘ, ਮੈਕਾਲਿਫ, ਮਰਾਠੀ ਵਿਦਵਾਨ-ਕੇਸ਼ਵ ਰਾਮ ਕੋਹਾਤਪੁਰ, ਅਜਗਾਉਂਕਰ ਆਦਿ ਤੇ ਹਿੰਦੀ ਦੇ ਵਿਦਵਾਨ ਮਾਧਵ ਗੋਪਾਲ ਦੇਸ਼ਮੁਖ, ਡਾ. ਭਗੀਰਥ ਮਿਸਰ ਆਦਿ।

ਇਸ ਤਰ੍ਹਾਂ ਅੱਜਕੱਲ੍ਹ ਨਰਸੀ ਬਾਹਮਣੀ ਪਿੰਡ ਜੋ ਕਿ ਬੰਬਈ ਸੂਬੇ ਦੇ ਜ਼ਿਲ੍ਹਾ ਸਤਾਰਾ ਵਿਚ ਪੈਂਦਾ ਹੈ, ਉਸ ਨੂੰ ਹੀ ਜਨਮ ਸਥਾਨ ਸਵੀਕਾਰ ਕੀਤਾ ਜਾਂਦਾ ਹੈ।



ਭਗਤ ਨਾਮਦੇਵ ਜੀ

**ਮਾਤਾ ਪਿਤਾ** : ਜਿੱਥੋਂ ਤੀਕ ਮਾਤਾ-ਪਿਤਾ ਦਾ ਸੰਬੰਧ ਹੈ, ਕਈਆਂ ਨੇ ਤਾਂ ਅਣਹੋਣੀ ਗੱਲ ਲਿਖ ਮਾਰੀ ਕਿ ਉਹ ਇੱਕ ਕੁਆਰੀ ਦੇਵਦਾਸੀ ਦੇ ਉਦਰ ਤੋਂ ਪੈਦਾ ਹੋਏ, ਜਦਕਿ ਗੁਰਬਾਣੀ ਅਨੁਸਾਰ :-

ਛੀਪੇ ਕੈ ਘਰਿ ਜਨਮੁ ਵੈਲਾ ਗੁਰ ਉਪਦੇਸੁ ਭੈਲਾ ॥

(ਗਉੜੀ ਨਾਮਦੇਵ, ਆਦਿ ਗ੍ਰੰਥ ਅੰਗ : 486)

ਭਾਵ ਕਿ ਨਾਮਦੇਵ ਮਾਤਾ ਦੇ ਉਦਰ ਤੋਂ ਪੈਦਾ ਹੋਏ। ਨਾਮਦੇਵ ਜੀ ਦੇ ਪਿਤਾ ਦਾ ਨਾਂ ਦਾਮੇਸ਼ ਮਾਤਾ ਦਾ ਨਾਂ ਗੋਣਾਈ, ਭੈਣ ਅਉਂਤਾਈ, ਪਤਨੀ ਦਾ ਨਾਂ ਰਾਜਾਈ, ਜੇਠੇ ਪੁੱਤਰ ਦਾ ਨਾਂ ਨਾਰਾ ਤੇ ਉਸ ਦੀ ਪਤਨੀ ਭਾਵ ਨੂੰਹ ਦਾ ਨਾਂ ਲਾਡਾਈ, ਦੂਸਰੇ ਪੁੱਤਰ ਦਾ ਨਾਂ ਵਿਠਾ ਤੇ ਉਸ ਦੀ ਪਤਨੀ ਦਾ ਨਾਂ ਗੋਡਾਈ, ਤੀਜੇ ਪੁੱਤਰ ਦਾ ਨਾਂ ਗੋਦਾ ਤੇ ਉਸ ਦੀ ਪਤਨੀ ਦਾ ਨਾਂ ਯੇਸਾਈ, ਚੌਥੇ ਪੁੱਤਰ ਦਾ ਨਾਂ ਮਹਾਦਾ ਤੇ ਉਸ ਦੀ ਪਤਨੀ ਦਾ ਨਾਂ ਸਾਖਾਰਾਈ, ਧੀ ਦਾ ਨਾਂ ਲਿੰਬਾਈ। ਆਪ ਦੀ ਦਾਸੀ (ਸ਼ਿਸ਼) ਦਾ ਨਾਂ ਜਨਾਬਾਈ ਸੀ।

**ਗੁਰੂ** : ਦੇਹਧਾਰੀ ਗੁਰੂ ਦੀ ਲੋੜ ਸੰਬੰਧੀ ਗਿਆਨ ਆਪ ਨੂੰ ਗਿਆਨਸ਼ੇਵਰ ਅਤੇ ਨਵਿਰਤੀ ਨਾਥ ਆਦਿ ਭਗਤਾਂ ਪਾਸੋਂ ਹੋਇਆ। ਇਸ ਮੌਕੇ ਘੁਮਿਆਰ ਭਗਤ ਸ੍ਰੀ ਗੋਰਾ ਵੀ ਉਥੇ ਮੌਜੂਦ ਸੀ। ਉਸ ਨੇ ਆਪ ਨੂੰ ਨਿਰਗੁਣਧਾਰਾ ਵੱਲ ਪ੍ਰੇਰਿਤ ਕੀਤਾ।

ਵਿਸ਼ਬਾਖੇਚਰ ਦੀ ਸੰਗਤ ਨੇ ਨਾਮਦੇਵ ਦੇ ਭਰਮ-ਜਾਲ ਨੂੰ ਤੋੜ ਦਿੱਤਾ। ਉਹ 'ਬੀਠੁਲ' ਹੁਣ ਨਾਮਦੇਵ ਨੂੰ ਘਟ-ਘਟ ਵਿਚ ਰਮਿਆ ਵਿਖਾਈ ਦੇਣ ਲੱਗਾ : ਹੁਣ ਪੰਡਰਪੁਰ ਹੀ ਨਹੀਂ, ਸਗੋਂ ਸਾਰਾ ਸੰਸਾਰ ਆਪ ਨੂੰ ਆਪਣਾ-ਆਪਣਾ ਲੱਗਣ ਲੱਗਾ, ਉਹ ਬੀਠਲ (ਵਿਠੁਲ) ਜਿਹੜਾ ਪੰਡਰਪੁਰ ਦੇ ਮੰਦਰ ਵਿਚਲੀ ਮੂਰਤੀ ਵਿਚੋਂ ਹੀ ਆਪ ਨੂੰ ਦਿੱਸਦਾ ਸੀ, ਜ਼ਰੇ-ਜ਼ਰੇ ਵਿਚ ਪ੍ਰਤੀਤ ਹੋਣ ਲੱਗ ਪਿਆ :-

ਸਭਿ ਗੋਬਿੰਦੁ ਹੈ ਸਭਿ ਗੋਬਿੰਦੁ ਹੈ ਗੋਬਿੰਦੁ ਬਿਨੁ ਨਹੀਂ ਕੋਇ

ਅਤੇ

ਈਭੈ ਬੀਠਲੁ ਉਭੈ ਬੀਠਲੁ ਬੀਠਲੁ ਬਿਨੁ ਸੰਸਾਰੁ ਨਹੀਂ

ਹੁਣ ਆਪ ਨਿਰਗੁਣ ਬ੍ਰਹਮ ਦੇ ਉਪਾਸਕ ਹੋ ਚੁੱਕੇ ਸਨ।

**ਯਾਤਰਾਵਾਂ** : ਆਰੰਭ ਵਿਚ ਉਨ੍ਹਾਂ ਉਤਰੀ ਭਾਰਤ ਦਾ ਭ੍ਰਮਣ ਕੀਤਾ। ਵਰਣਨ ਮਿਲਦਾ ਹੈ। ਪਹਿਲੀ ਯਾਤਰਾ ਸੰਨ 1293 ਦੇ ਆਸ-ਪਾਸ ਹੋਈ। ਕਾਂਸ਼ੀ ਦੇ ਦਸ਼ਾਂਸ਼ਵਮੇਧ ਘਾਟ ਉੱਤੇ ਗਿਆਨੇਸ਼ਵਰ ਮੱਠ ਹੈ। ਉਥੇ ਇੱਕ ਸਤੰਭ ਉੱਤੇ ਸੰਮਤ 1351 ਲਿਖਿਆ ਹੈ। ਸੰਮਤ 1351 ਦੇ ਸਮਾਨੰਤਰ ਸੰਨ 1293 ਆਉਂਦਾ ਹੈ। ਗਿਆਨੇਸ਼ਵਰ ਦੇ ਨਾਲ ਜਦੋਂ ਨਾਮਦੇਵ ਕਾਂਸ਼ੀ ਯਾਤਰਾ 'ਤੇ ਗਏ, ਤਾਂ ਉਹ ਉੱਥੇ ਹੀ ਠਹਿਰੇ ਸਨ।

ਕ੍ਰਿਪਾਲ ਸਿੰਘ ਨਾਰੰਗ ਅਨੁਸਾਰ, ਨਾਮਦੇਵ ਗਿਆਨੇਸ਼ਵਰ ਦੇ ਨਾਲ ਪਹਿਲੀ ਯਾਤਰਾ ਸਮੇਂ ਰਾਜਸਥਾਨ ਵੀ ਗਏ। ਇਸ ਇਲਾਕੇ ਵਿਚ ਆਪ ਦੀ ਯਾਤਰਾ ਦੀ ਸਮ੍ਰਿਤੀ ਵਿਚ ਇੱਕ ਖੂਹ ਵੀ ਹੈ। ਇਹ ਖੂਹ ਕੋਲਾਯਾਤ ਵਿਖੇ ਹੈ, ਜੋ ਬੀਕਾਨੇਰ ਤੋਂ 40 ਕਿਲੋਮੀਟਰ ਦੂਰ ਹੈ। ਖੂਹ ਵਿਚ ਪਾਣੀ ਇਤਨਾ ਡੂੰਘਾ ਸੀ ਕਿ ਪਾਣੀ ਕੱਢ ਸਕਣਾ ਅਸੰਭਵ ਸੀ। ਗਿਆਨੇਸ਼ਵਰ ਜੋਗ ਮਤ ਦੀ ਲਘਿਮਾ ਸਿੱਧੀ ਰਾਹੀਂ ਖੂਹ ਵਿਚ ਉਤਰ ਕੇ ਪਾਣੀ ਪੀ ਆਏ ਪਰ ਨਾਮਦੇਵ ਰਿਧੀਆਂ-ਸਿਧੀਆਂ ਦੇ ਜਾਲ ਵਿਚ ਨਾ ਪੈ ਕੇ ਪ੍ਰਾਣਾਂ ਦੀ ਆਹੂਤੀ ਦੇਣ ਲਈ ਤਿਆਰ ਹੋ ਗਏ। ਸ਼੍ਰੀ ਨਾਮਦੇਵ ਗਾਥਾ ਦਾ ਇੱਕ ਅਭੰਗ ਵੀ ਗਵਾਹੀ ਦਿੰਦਾ ਹੈ ਕਿ ਭਗਵਾਨ ਦੀ ਕ੍ਰਿਪਾ ਰਾਹੀਂ ਪਾਣੀ ਉਸ ਸਮੇਂ ਖੂਹ ਵਿਚ ਉਪਰ ਚੜ੍ਹ ਆਇਆ ਅਤੇ ਨਾਮਦੇਵ ਨੇ ਪਿਆਸ ਬੁਝਾ ਲਈ।

ਭਾਈ ਜੋਧ ਸਿੰਘ ਅਨੁਸਾਰ, ਆਪਣੀ ਇਸ ਯਾਤਰਾ ਸਮੇਂ ਉਹ ਦੇਵਗਿਰੀ ਵੀ ਗਏ, ਜਿਥੇ ਆਪ ਸਧਨਾ ਕਸਾਈ ਪਾਸ ਠਹਿਰੇ। ਫਿਰ ਉਹ ਐਲੋਗ, ਘ੍ਰਿੰਸ਼ਸੇਵਰ, ਪੰਚਵਟੀ ਆਦਿ ਥਾਵਾਂ ਤੋਂ ਹੁੰਦੇ ਹੋਏ ਜੂਨਾਗੜ੍ਹ ਪਹੁੰਚੇ ਅਤੇ ਅੰਤ ਦਿੱਲੀ ਪਧਾਰੇ। ਦਿੱਲੀ ਤੋਂ ਕਾਂਸ਼ੀ, ਪ੍ਰਯਾਗ, ਅਯੁੱਧਿਆ, ਮਥੁਰਾ, ਗੋਕਲ, ਬ੍ਰਿੰਦਾਬਨ, ਜਗਨਨਾਥ ਅਤੇ ਦਵਾਰਕਾ ਵੀ ਗਏ। ਮੈਕਾਲਿਫ ਵੀ ਲਿਖਦਾ ਹੈ ਕਿ ਉਹ ਮਾਰਵਾੜ ਵਿਚੋਂ ਲੰਘਦੇ ਹੋਏ ਕਾਮੇਸ਼ਵਰ ਦਾ ਦਰਸ਼ਨ ਕਰਨ ਚਲੇ ਗਏ। ਫਿਰ ਔਧਿਆ ਨਾਗ ਨਾਥ ਤੋਂ ਹੁੰਦੇ ਹੋਏ ਪੰਡਰਪੁਰ ਪਰਤ ਗਏ।

ਇਸ ਤਰ੍ਹਾਂ ਭਗਤ ਨਾਮਦੇਵ ਨੇ ਗਿਆਨੇਸ਼ਵਰ ਦੀ ਸੰਗਤ ਵਿਚ ਭਾਰਤ ਦੇ ਪ੍ਰਮੁੱਖ ਤੀਰਥ-ਸਥਾਨਾਂ ਦੀ ਯਾਤਰਾ ਕੀਤੀ। ਜਦੋਂ ਇਹ ਸੰਤ-ਮੰਡਲੀ ਇਸ ਯਾਤਰਾ ਤੋਂ ਵਾਪਸ ਪਰਤੀ, ਤਾਂ ਗਿਆਨੇਸ਼ਵਰ ਸ਼ਕ ਸੰਮਤ 1218 (1296 ਈ.) ਨੂੰ ਆਲੰਦੀ ਵਿਖੇ ਸਮਾ ਗਏ। ਇੱਕ ਪਿਆਰੇ ਸੱਜਣ ਦੀ ਮ੍ਰਿਤੂ ਨੇ ਨਾਮਦੇਵ ਦੇ ਹਿਰਦੇ ਨੂੰ ਉਚਾਟ ਕਰ ਦਿੱਤਾ ਅਤੇ ਉਹ ਆਪਣੀ ਮਾਤ-ਭੂਮੀ ਨੂੰ ਅੰਤਮ ਤੌਰ 'ਤੇ ਅਲਵਿਦਾ ਕਹਿ ਕੇ ਸਿੱਧੇ ਪੰਜਾਬ ਆ ਨਿਕਲੇ। ਇਹ ਉਨ੍ਹਾਂ ਦੀ ਦੂਸਰੀ ਯਾਤਰਾ ਸੀ।

ਉਹ ਹਰਿਦੁਆਰ ਤੋਂ ਚੱਲ ਕੇ ਅੰਮ੍ਰਿਤਸਰ ਜ਼ਿਲ੍ਹੇ ਦੇ ਇੱਕ ਪਿੰਡ 'ਭੂਤ ਪਿੰਡ' ਵਿਖੇ ਆ ਟਿਕੇ। ਇੱਥੋਂ ਦੇ ਇੱਕ ਪ੍ਰੇਮੀ ਸਿੱਖ ਬਹੁੜ ਦਾਸ ਜਾਂ ਬੋਹੜ ਦਾਸ ਨਾਲ ਉਨ੍ਹਾਂ ਦਾ ਸੰਪਰਕ ਹੋਇਆ।

ਭੂਤਵਿੰਡ ਤੋਂ ਅਗਲੇਰਾ ਪੜਾਅ ਉਨ੍ਹਾਂ ਮਰੜ੍ਹ ਪਿੰਡ (ਜ਼ਿਲ੍ਹਾ ਗੁਰਦਾਸਪੁਰ) ਵਿਚ ਕੀਤਾ। ਮਰੜ੍ਹ ਤੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੀ ਇੱਕ ਹੋਰ ਪਿੰਡ ਭੱਟੀਵਾਲ ਗਏ। ਇਸ ਪਿੰਡ ਵਿਚ ਨਾਮਦੇਵ ਨੇ ਇੱਕ ਖੂਹ ਲਗਵਾਇਆ। ਇਸ ਜ਼ਿਲ੍ਹੇ ਵਿਚ ਭਗਤ ਨਾਮਦੇਵ ਜੀ ਦੀ ਇੱਕ ਹੋਰ ਯਾਦਗਾਰ ਪਿੰਡ ਸੱਖੋਵਾਲ ਵਿਚ ਬਣੀ ਹੈ। ਸਭ ਤੋਂ ਪ੍ਰਸਿੱਧ ਅਤੇ ਕੇਂਦਰੀ ਅਹਿਮੀਅਤ ਰੱਖਣ ਵਾਲਾ ਨਾਮਦੇਵ ਜੀ ਦਾ ਯਾਦਗਾਰੀ ਸਥਾਨ ਘੁਮਾਣ (ਗੁਰਦਾਸਪੁਰ) ਵਿਚ ਹੈ, ਜਿਸ ਨਗਰ ਨਾਲ ਅਨੇਕਾਂ ਲੋਕ-ਸਮ੍ਰਿਤੀਆਂ ਜੁੜੀਆਂ ਹਨ।

**ਜੋਤੀ ਜੋਤ ਸਮਾਉਣਾ** : ਆਪ ਨੇ 1350 ਈਸਵੀ ਵਿਚ ਆਪਣੇ ਪੰਜ ਭੂਤਕ ਸਰੀਰ ਦਾ ਤਿਆਗ ਕੀਤਾ। ਇਸ ਤੱਥ ਦਾ ਆਧਾਰ ਸ੍ਰੀ ਨਾਮਦੇਵ ਗਾਥਾ ਵਿਚਲੇ ਅਭੰਗ ਹਨ। ਉਨ੍ਹਾਂ ਦਾ ਦੇਹੁਰਾ ਘੁਮਾਣ ਜ਼ਿਲ੍ਹਾ ਗੁਰਦਾਸਪੁਰ ਵਿਚ ਮੌਜੂਦ ਹੈ।

**ਰਚਨਾ** : (ੳ) ਆਪਦੀ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਹ 18 ਰਾਗਾਂ ਵਿਚ ਹੈ ਤੇ ਸ਼ਬਦਾਂ ਦੀ ਗਿਣਤੀ 61 ਹੈ।

**ਆਦਿ ਗ੍ਰੰਥ ਤੋਂ ਬਾਹਰ ਹਿੰਦੀ ਬਾਣੀ** :- ਆਦਿ ਗ੍ਰੰਥ ਤੋਂ ਬਾਹਰ ਨਾਮਦੇਵ ਕੀ ਹਿੰਦੀ ਪਦਾਵਲੀ ਹਿੰਦੀ ਦੇ ਪਦਿਆਂ ਦੀ ਕੁਲ ਗਿਣਤੀ 231 ਹੈ, ਜੋ ਕਿ 15 ਰਾਗਾਂ ਵਿਚ ਹਨ। ਹਿੰਦੀ ਪਦਿਆਂ ਵਿਚੋਂ 25 ਪਦੇ ਤਾਂ ਅਜਿਹੇ ਹਨ, ਜੋ ਆਦਿ ਗ੍ਰੰਥ ਵਿਚਲੇ ਸ਼ਬਦਾਂ ਨਾਲ ਹੂ-ਬ-ਹੂ ਮਿਲਦੇ ਹਨ।

**(ਅ) ਮਰਾਠੀ ਰਚਨਾ** : ਨਾਮਦੇਵ ਦੀ ਮਰਾਠੀ ਰਚਨਾ ਅਭੰਗਾਂ ਵਿਚ ਹੈ, ਜੋ ਕਿ ਸ੍ਰੀ ਨਾਮਦੇਵ ਗਾਥਾ ਵਿਚ ਸੰਗ੍ਰਹਿਤ ਹਨ। ਇਨ੍ਹਾਂ ਅਭੰਗਾਂ ਦੀ ਗਿਣਤੀ 2655 ਹੈ। ਇਨ੍ਹਾਂ ਅਭੰਗਾਂ ਵਿਚ ਨਾਮਦੇਵ ਦੇ ਪਰਿਵਾਰ ਦੇ ਮੈਂਬਰਾਂ ਵੱਲੋਂ ਰਚਿਤ 548 ਅਭੰਗ ਵੀ ਸ਼ਾਮਲ ਹਨ।



ਸ੍ਰੀ ਨਾਮਦੇਵ ਦਰਬਾਰ ਘੁਮਾਣ, ਜਿਲਾ ਗੁਰਦਾਸਪੁਰ

# ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਦਾ ਕਿਸਾਨਾਂ ਬਾਰੇ ਦਿੱਤਾ ਬਿਆਨ ਭਾਰਤੀ ਜਨਤਾ ਪਾਰਟੀ ਲਈ ਮਾਰੂ ਸਾਬਿਤ ਹੋਵੇਗਾ

-ਜੰਗ ਸਿੰਘ
ਮਰਸਡ ਕੈਲੀਫੋਰਨੀਆ (ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA



ਕੁਝ ਸਮਾਂ ਪਹਿਲਾਂ ਕਾਂਗਰਸ ਪਾਰਟੀ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਏ ਆਗੂ ਸ. ਰਵਨੀਤ ਸਿੰਘ ਬਿੱਟੂ ਵਲੋਂ ਜਿਹੜਾ ਹਾਲ ਹੀ ਬਿਆਨ ਉਨ੍ਹਾਂ ਨੇ ਭਾਰਤ ਦੇ ਕਿਸਾਨਾਂ ਵਿਰੁੱਧ ਦਿੱਤਾ ਹੈ ਕਿ ਉਹ 'ਕਿਸਾਨ ਨਹੀਂ, ਬਲਕਿ ਤਾਲਿਬਾਨੀਂ ਹਨ' ਅਤੇ 'ਉਨ੍ਹਾਂ ਦੇ ਆਗੂਆਂ ਦੀਆਂ ਜਾਇਦਾਦਾਂ ਦੀ ਪੜਤਾਲ ਕਰਾਈ ਜਾਵੇਗੀ'। ਇਸ ਬਿਆਨ ਨੇ ਭਾਰਤੀ ਸਿਆਸਤ ਵਿਚ ਇਕ ਅਨੋਖੀ ਹਲਚਲ ਪੈਦਾ ਕਰ ਦਿੱਤੀ ਹੈ। ਸ. ਬਿੱਟੂ ਜਿਨ੍ਹਾਂ ਨੇ ਕਈ ਦਹਾਕੇ ਕਾਂਗਰਸ ਪਾਰਟੀ ਦੇ ਰਾਜ ਭਾਗ ਦਾ ਅਨੰਦ ਮਾਣਿਆ, ਦੋ ਵਾਰੀ ਲੁਧਿਆਣੇ ਤੋਂ ਅਤੇ ਇਕ ਵਾਰੀ ਸ੍ਰੀ ਅਨੰਦਪੁਰ ਸਾਹਿਬ ਤੋਂ ਲੋਕ ਸਭਾ ਦੇ ਮੈਂਬਰ ਚੁਣੇ ਜਾਂਦੇ ਰਹੇ ਹਨ। ਜਦੋਂ ਤੋਂ ਇਨ੍ਹਾਂ ਨੇ ਕਾਂਗਰਸ ਪਾਰਟੀ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਮੂਲੀਅਤ ਕੀਤੀ ਹੈ, ਉਦੋਂ ਤੋਂ ਹੀ ਇਨ੍ਹਾਂ ਨੇ ਕਾਂਗਰਸ ਪਾਰਟੀ ਵਿਰੁੱਧ ਧੂੰਆਂਧਾਰ ਭਾਸ਼ਨ ਦੇਣੇ ਸ਼ੁਰੂ ਕੀਤੇ ਹੋਏ ਹਨ।

ਦੇਸ਼ ਦੇ ਕੁਝ ਲੋਕਾਂ ਦਾ ਕਹਿਣਾ ਹੈ ਕਿ ਇਹ ਵੀ ਕੰਗਣਾ ਰਣੌਤ ਦੀ ਤਰਜ 'ਤੇ ਚੱਲ਼ ਕੇ ਹੀ ਨਹੀਂ, ਬਲਕਿ ਉਸ ਤੋਂ ਕਿਤੇ ਵੱਡੀਆਂ ਛਾਲਾਂ ਮਾਰ ਕੇ ਇਹ ਦੱਸਣਾ ਚਾਹੁੰਦੇ ਹਨ ਕਿ ਉਹ ਤਾਂ ਭਾਰਤੀ ਜਨਤਾ ਪਾਰਟੀ ਦੇ ਸਭ ਤੋਂ ਵੱਡੇ ਖੈਰ ਖੁਆ ਹਨ। ਦੇਸ਼ ਦੇ ਅਮਨ ਪਸੰਦ ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਬੜੀ ਜਲਦੀ ਸ. ਰਵਨੀਤ ਸਿੰਘ ਬਿੱਟੂ ਵੀ ਕੰਗਣਾ ਰਣੌਤ ਤੋਂ ਵਧੇਰੇ ਆਪਣੀ ਝੰਡ ਕਿਸਾਨਾਂ ਤੇ ਦੇਸ਼ ਦੇ ਅਮਨਪਸੰਦ ਲੋਕਾਂ ਕੋਲੋਂ ਕਰਾ ਬੈਠਣਗੇ। ਉਨ੍ਹਾਂ ਨੇ ਦੇਸ਼ ਦੇ ਲੋਕਾਂ ਦਾ ਢਿੱਡ ਭਰਨ ਵਾਲੇ ਕਿਸਾਨਾਂ ਨੂੰ "ਤਾਲਿਬਾਨ" ਕਹਿਣ ਦੇ ਨਾਲ ਇਹ ਵੀ ਕਿਹਾ ਹੈ ਕਿ "ਕਿਸਾਨ ਲੀਡਰਾਂ ਦੀਆਂ ਜਾਇਦਾਦਾਂ ਦੀ ਜਾਂਚ ਵੀ ਕਰਾਈ ਜਾਵੇਗੀ। ਇਹ ਕਹਿ ਕੇ ਕਿਸਾਨਾਂ ਦੀ ਨਾਰਾਜ਼ਗੀ ਤਾਂ ਮੁੱਲ ਲਈ ਹੀ ਹੈ, ਉਨ੍ਹਾਂ ਨੇ ਵੱਡੀ ਗਿਣਤੀ ਵਿਚ ਭਾਰਤ ਹੀ ਨਹੀਂ, ਬਲਕਿ ਸੰਸਾਰ ਭਰ ਵਿਚ ਵਸਣ ਵਾਲੇ ਭਾਰਤੀਆਂ ਕੋਲੋਂ ਵੀ ਨਮੋਸ਼ੀ ਖੱਟ ਲਈ ਹੈ। ਕਿਸਾਨ ਹਿਤੈਸ਼ੀ ਲੋਕਾਂ ਦਾ ਕਹਿਣਾ ਹੈ ਕਿ ਸ਼ਾਇਦ ਸ. ਰਵਨੀਤ ਬਿੱਟੂ ਇਹ ਭੁੱਲ ਗਏ ਹਨ ਕਿ ਇਹ ਉਹ ਹੀ ਕਿਸਾਨ ਹਨ, ਜਿਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਦੇ ਸਿਰਕੱਢ ਆਗੂ ਤੇ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜਿਨ੍ਹਾਂ ਬਾਰੇ ਇਹ ਕਿਹਾ ਜਾਂਦਾ ਸੀ ਕਿ ਉਨ੍ਹਾਂ ਦੇ ਮੂੰਹੋਂ ਕੱਢੀ ਗੱਲ ਵਾਪਸ ਨਹੀਂ ਮੁੜਦੀ ਪਰ ਇਹ ਉਹ ਹੀ ਕਿਸਾਨ ਹਨ, ਜਿਨ੍ਹਾਂ ਨੇ ਸਵਾ ਸਾਲ ਦੇ ਕਰੀਬ ਦਿੱਲੀ ਦੀਆਂ ਬਰੂਹਾਂ 'ਤੇ ਸੰਘਰਸ਼ ਲੜ ਕੇ, ਆਪਣੇ 750 ਤੋਂ ਵਧੇਰੇ ਕਿਸਾਨ ਸ਼ਹੀਦ ਕਰਾ ਕੇ ਉਸੇ ਮੋਦੀ ਕੋਲੋਂ ਬਿਨਾ ਸ਼ਰਤ ਤਿੰਨੇ ਕਿਸਾਨ ਵਿਰੋਧੀ ਕਾਨੂੰਨ ਵਾਪਸ ਕਰਾਕੇ, ਭਾਰਤ ਭਰ ਦੇ 100 ਸਾਲਾ ਇਤਿਹਾਸ ਨੂੰ ਮੁੜ ਦੁਹਰਾ ਕੇ ਆਪਣੀ ਜਿਊਂਦੀ ਜਾਗਦੀ ਹੋਂਦ ਦਾ ਪ੍ਰਗਟਾਵਾ ਕਰ ਦਿੱਤਾ ਸੀ। ਇਹ ਗੱਲ ਵੱਖਰੀ ਹੈ ਕਿ ਬਾਅਦ ਵਿਚ ਭਾਜਪਾ ਨੇ ਕਿਸਾਨਾਂ ਵਿਚ ਫੁੱਟ ਪੁਆ ਕੇ ਉਨ੍ਹਾਂ ਕਾਨੂੰਨਾਂ ਦੀ ਲੋਕ ਸਭਾ ਦੇ ਨਾਲ ਭਾਰਤ ਦੇ ਰਾਸ਼ਟਰਪਤੀ ਕੋਲੋਂ ਰੱਦ ਕੀਤੇ ਜਾਣ ਦੀ ਮਨਜ਼ੂਰੀ ਲੈ ਕੇ ਵੀ ਫਿਰ ਲਾਗੂ ਨਾ ਕਰਕੇ ਕਿਸਾਨਾਂ ਨਾਲ ਬੇਈਮਾਨੀ ਕਰਨ ਦਾ ਸਬੂਤ ਦਿੱਤਾ ਹੈ। ਪਰ ਕਿਸਾਨ ਆਗੂ ਜਿਸ ਸਿਰੜ੍ਹ ਨਾਲ ਆਪਣੀ ਏਕਤਾ ਸਿਰਜਣ ਵੱਲ ਜੁੱਟੇ ਹੋਏ ਹਨ, ਉਹ ਦਿਨ ਬਹੁਤੇ ਦੂਰ ਨਹੀਂ ਹਨ ਕਿ ਮੁੜ ਸਾਰੇ ਦੇਸ਼ ਦੇ ਕਿਸਾਨ ਇਕ ਲੜੀ ਵਿਚ ਫਿਰ ਪਰੁੱਤੇ ਨਾ ਜਾਣ ਕਿਉਂਕਿ ਉਨ੍ਹਾਂ ਕੋਲ ਹੋਰ ਕੋਈ ਰਸਤਾ ਨਹੀਂ, ਜੇ ਉਹ ਵੱਖਰੇ-ਵੱਖਰੇ ਧੜਿਆਂ ਵਿਚ ਰਹੇ, ਤਾਂ ਉਹ ਦਿਨ ਦੂਰ ਨਹੀਂ ਹੋਣੇਂ, ਜਦੋਂ ਕਾਰਪੋਰੇਟਾਂ ਨੇ ਇਨ੍ਹਾਂ ਦੀ ਜ਼ਮੀਨ ਜਬਰੀ ਲੈ ਕੇ ਇਨ੍ਹਾਂ ਨੂੰ ਮਾਲਕਾਂ ਤੋਂ ਮੁਜਾਰੇ ਨਾ ਬਣਾ ਦੇਣ। ਜਦੋਂ ਕਿ ਕੋਈ ਵੀ ਕਿਸਾਨ ਸਿੱਖਾਂ ਦੇ ਪਹਿਲੇ ਬੇਤਾਜ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਜਿਸ ਨੇ ਕਿਸਾਨਾਂ ਨੂੰ ਜ਼ਮੀਨਾਂ ਦੇ ਮੁਜਾਰਿਆਂ ਤੋਂ ਮਾਲਕ ਬਣਾਇਆ ਸੀ। ਉਹ ਮੁੜ੍ਹ ਤੋਂ ਮੁਜਾਰਾ ਬਣਨ! ਭਾਜਪਾ ਸਰਕਾਰ ਨੂੰ ਵੀ ਕਿਸਾਨਾਂ ਕੋਲੋਂ ਫਿਰ ਮੂੰਹ ਦੀ ਖਾਣੀ ਪਵੇਗੀ ਕਿਉਂਕਿ ਕਿਸਾਨ ਆਗੂ ਗੰਭੀਰਤਾ ਨਾਲ ਆਪਣੀ ਏਕਤਾ ਨੂੰ ਉਸਾਰ ਕੇ ਮੁੜ ਸੰਘਰਸ਼ ਉਲੀਕਣ ਵੱਲ ਲੱਗੇ ਹੋਏ ਹਨ। ਸ. ਰਵਨੀਤ ਬਿੱਟੂ ਨੂੰ ਯਾਦ ਰੱਖਣਾ ਹੋਵੇਗਾ ਕਿ ਕੰਗਣਾ ਰਣੌਤ ਤਾਂ ਉਸ ਧਰਮ ਨਾਲ ਸਬੰਧਤ ਹੈ, ਜਿਸ ਦੀ ਦੇਸ਼ ਵਿਚ 80% ਤੋਂ ਵਧੇਰੇ ਦੀ ਅਬਾਦੀ ਹੈ ਤੇ ਉਹ ਧਾਰਮਿਕ ਤੌਰ 'ਤੇ ਵੱਡੇ ਵਰਗ ਨਾਲ ਸਬੰਧਤ ਹੈ, ਇਸ ਲਈ ਉਸ ਨੂੰ ਤਾਂ ਲੋਕਾਂ ਨੇ ਮੈਂਬਰ ਪਾਰਲੀਮੈਂਟ ਚੁਣ ਲਿਆ ਪਰ ਬਿੱਟੂ ਜੀ ਤੁਸੀਂ ਘੱਟ ਗਿਣਤੀ ਦੇ ਫਿਰਕੇ ਨਾਲ ਸਬੰਧਤ 'ਸਿੱਖ ਹੋ'। ਦੂਸਰਾ ਪੰਜਾਬ ਦੇ ਵਾਸੀ ਵਿਸ਼ੇਸ਼ ਕਰਕੇ ਸਿੱਖ ਬੜੀ ਚੰਗੀ ਤਰ੍ਹਾਂ ਭਾਜਪਾ ਦੀ ਫਿਤਰਤ ਨੂੰ ਜਾਣਦੇ ਹਨ ਕਿ ਇਹ ਪਾਰਟੀ ਕੱਟੜ ਹਿੰਦੂਤਵੀਆਂ ਦੀ ਪਾਰਟੀ ਹੈ, ਜਿਸ ਨੇ ਪੰਜਾਬ ਤੇ ਪੰਜਾਬੀ ਬੋਲੀ ਦਾ ਵੱਡਾ ਘਾਣ ਕੀਤਾ ਹੈ। ਪੰਜਾਬ ਬਾਰੇ ਕਿਹਾ ਜਾਂਦਾ ਕਿ "ਪੰਜਾਬ ਜਿਊਂਦਾ ਗੁਰੂਆਂ ਦੇ ਨਾਮ 'ਤੇ"। ਇਹ ਹੀ ਕਾਰਨ ਹੈ ਕਿ ਪੰਜਾਬ ਦੇ ਲੋਕਾਂ ਨੇ ਇਸ ਭਾਜਪਾ ਨੂੰ ਹੁਣ ਤੱਕ ਮੂੰਹ ਨਹੀਂ ਲਗਾਇਆ। ਪੰਜਾਬ ਵਾਸੀ ਇਹ ਵੀ ਕਹਿੰਦੇ ਸੁਣੇ ਜਾ ਰਹੇ ਹਨ ਕਿ ਬਿੱਟੂ ਜੀ ਉਹੀ ਲੁਧਿਆਣਾ ਹੈ, ਜਿਥੋਂ ਤੁਸੀਂ ਦੋ ਵਾਰੀ ਲੋਕ ਸਭਾ ਦੇ ਮੈਂਬਰ ਕਾਂਗਰਸ ਪਾਰਟੀ ਵਲੋਂ ਬਣਦੇ ਰਹੇ ਹੋ। ਇਸ ਵਾਰ ਤੁਸੀਂ ਭਾਜਪਾ ਵਲੋਂ ਟਿਕਟ ਲੈ ਕੇ ਉਸੇ ਲੁਧਿਆਣੇ ਤੋਂ ਖੜ੍ਹੇ ਹੋਏ ਸੀ, ਜਿਥੋਂ ਤੁਹਾਨੂੰ ਪੰਜਾਬ ਦੇ ਕਿਸੇ ਹੋਰ ਹਲਕੇ ਦੇ ਕਾਂਗਰਸੀ ਲੀਡਰ ਨੇ ਇਸ ਤਰ੍ਹਾਂ ਦਾ ਚਿੱਤ ਕੀਤਾ ਹੈ ਕਿ ਤੁਸੀਂ ਸਾਰੀ ਉਮਰ ਭੁੱਲੋਗੇ ਨਹੀਂ। ਇਹ ਗੱਲ ਵੱਖਰੀ ਹੈ ਕਿ ਭਾਜਪਾ ਨੇ ਸਿੱਖ ਚਿਹਰੇ ਨੂੰ ਆਪਣੇ ਹਿੱਤ ਲਈ ਵਰਤਣ ਵਾਸਤੇ ਤੁਹਾਡੇ ਵਰਗੇ ਕਈ ਹੋਰ ਸਿੱਖ ਲੀਡਰਾਂ ਜਿਹੜੇ ਕਿ ਹੋਰ ਪਾਰਟੀਆਂ ਦੇ ਹਨ, ਧੜਾਧੜ ਆਪਣੀ ਪਾਰਟੀ ਵਿਚ ਸ਼ਾਮਲ ਕਰ ਰਹੇ ਹਨ। ਘੱਟ ਗਿਣਤੀਆਂ ਦੇ ਲੋਕ ਵਿਸ਼ੇਸ਼ ਕਰਕੇ ਸਿੱਖ ਤੇ ਪੰਜਾਬ ਦੇ ਵਾਸੀ ਭਲੀਭਾਂਤ ਜਾਣਦੇ ਹਨ ਕਿ ਇਹ ਪਾਰਟੀ ਸਾਰੇ ਧਰਮਾਂ, ਘੱਟ ਗਿਣਤੀਆਂ ਦਾ ਖਾਤਮਾ ਕਰਕੇ ਦੇਸ਼ ਨੂੰ 'ਹਿੰਦੂ ਰਾਸ਼ਟਰ' ਬਣਾਉਣ ਵੱਲ ਤੁਰੀ ਹੋਈ ਹੈ। ਤੁਹਾਨੂੰ ਸਭ ਨੂੰ ਤਾਂ ਇਨ੍ਹਾਂ ਨੇ ਆਪਣੇ ਮਕਸਦ ਲਈ ਵਰਤਣ ਲਈ ਅੱਗੇ ਲਗਾਇਆ ਹੋਇਆ। ਇਹ ਨਾ ਸਮਝਿਓ ਕਿ ਤੁਹਾਨੂੰ ਹਾਰੇ ਹੋਏ ਲੋਕ ਸਭਾ ਮੈਂਬਰ ਨੂੰ ਉਨ੍ਹਾਂ ਨੇ ਕੇਂਦਰ ਵਿਚ ਰਾਜ ਮੰਤਰੀ ਬਣਾ ਰੱਖਿਆ ਹੈ ਪਰ ਯਾਦ ਰੱਖਿਓ ਜਦੋਂ ਉਨ੍ਹਾਂ ਦਾ ਮਤਲਬ ਹੱਲ ਹੋ ਗਿਆ, ਤਾਂ ਤੁਹਾਨੂੰ ਤਾਂ ਇਨ੍ਹਾਂ ਨੇ ਇਸ ਤਰ੍ਹਾਂ ਵਗਾ ਕੇ ਸੁੱਟਣਾ ਹੈ ਕਿ ਫਿਰ ਤੁਸੀ ਅੱਖਾਂ ਵਿਚ ਘਸੁੰਨ ਦੇ ਕੇ ਰੋਂਦੇ ਫਿਰੋਗੇ ਤੇ ਤੁਸੀਂ ਕਿਸੇ ਪਾਸੇ ਜੋਗੇ ਦੇ ਵੀ ਨਹੀਂ ਰਹਿ ਗਏ ਹੋਵੋਗੇ! ਇਹ ਠੀਕ ਹੈ ਕਿ ਜੇ ਕਾਂਗਰਸ ਪਾਰਟੀ ਚੰਗੇ ਢੰਗ ਨਾਲ ਰਾਜ ਕਰਦੀ ਹੁੰਦੀ, ਤਾਂ ਭਾਜਪਾ ਨੂੰ ਦੇਸ਼ ਵਿਚ ਕਿਸ ਨੇ ਪੁੱਛਣਾ ਸੀ? ਤੁਹਾਡੇ ਵੱਲੋਂ ਅੱਗੇ ਵੱਧ-ਵੱਧ ਕੇ ਕਾਂਗਰਸ ਨੂੰ ਕੋਸਣਾ, ਜੇ ਤੁਸੀਂ ਸਮਝਦੇ ਹੋਵੋ ਕਿ ਤੁਹਾਡੇ ਭਾਜਪਾ ਵਿਚ ਨੰਬਰ ਬਣ ਰਹੇ ਹਨ। ਇਹ ਜਮਾਤ ਤਾਂ ਇੰਨੀ ਸ਼ਾਤਰ ਹੈ ਕਿ ਇਨ੍ਹਾਂ ਦੇ ਆਗੂਆਂ ਨੇ 100 ਸਾਲ ਤੋਂ ਵਧੇਰੇ ਉਮਰ ਦੀ ਉਸ ਅਕਾਲੀ ਪਾਰਟੀ ਜਿਸ ਦਾ ਸ਼ਾਨਦਾਰ ਜੁਝਾਰੂ ਇਤਿਹਾਸ ਰਿਹਾ ਹੈ, ਜਿਸ ਪਾਰਟੀ ਦੇ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਬਣਦੇ ਰਹੇ ਤੇ ਜਿਹੜੇ ਕਹਿੰਦੇ ਸਨ ਕਿ ਉਨ੍ਹਾਂ ਨੂੰ ਪੰਜਾਬ ਵਿਚ ਕੀੜ੍ਹੀ ਚੱਲਦੀ ਦਾ ਪਤਾ ਲੱਗ ਜਾਂਦਾ ਹੈ, ਉਸੇ ਪਾਰਟੀ ਦੇ ਆਗੂਆਂ ਕੋਲੋਂ ਅਜਿਹੇ ਪੰਥ ਤੇ ਪੰਜਾਬ ਵਿਰੋਧੀ ਕੰਮ ਕਰਾਏ ਕਿ ਉਸ ਪਾਰਟੀ ਦਾ ਵਕਤੀ ਤੌਰ 'ਤੇ ਖਾਤਮਾ ਹੀ ਕਰਕੇ ਰੱਖ ਦਿੱਤਾ ਹੈ, ਉਸੇ ਅਕਾਲੀ ਪਾਰਟੀ ਦੇ ਆਗੂ ਆਪਣੀ ਪਾਰਟੀ ਦੀ ਹੋਂਦ ਬਣਾਉਣ ਦੀ ਲੜਾਈ ਲੜ ਰਹੇ ਹਨ। ਇਸ ਲਈ ਸ. ਰਵਨੀਤ ਸਿੰਘ ਬਿੱਟੂ ਜੀ, ਤੁਸੀਂ ਹੁਣ ਖੁਦ ਅੰਦਾਜ਼ਾ ਲਗਾ ਲਓ ਕਿ ਤੁਸੀਂ ਕਿਸ ਬਾਗ ਦੀ ਮੂਲੀ ਹੋ। ਸ. ਮਨਪ੍ਰੀਤ ਸਿੰਘ ਬਾਦਲ ਜਿਹੜੇ ਭਾਜਪਾ ਵਲੋਂ ਗਿਦੜ੍ਹਬਾਹੇ ਤੋਂ ਚੋਣ ਲੜ ਰਹੇ ਹਨ, ਉਨ੍ਹਾਂ ਨੇ ਤੁਹਾਨੂੰ ਆਪਣੀ ਮਦਦ ਵਾਸਤੇ ਚੋਣ ਪ੍ਰਚਾਰ ਲਈ ਲਿਆਂਦਾ ਸੀ ਪਰ ਤੁਹਾਡੇ ਇਸ ਬਿਆਨ ਨੇ ਉਨ੍ਹਾਂ ਦੀ ਚੋਣਾਂ ਵਿਚ ਮਿੱਟੀ ਜ਼ਰੂਰ ਮੇਸ ਦਿੱਤੀ ਹੈ। ਪੰਜਾਬ ਦੇ ਲੋਕ ਉੱਚੀ ਆਵਾਜ਼ ਵਿਚ ਇਹ ਕਹਿੰਦੇ ਵੀ ਜ਼ਰੂਰ ਸੁਣੇ ਜਾ ਰਹੇ ਹਨ ਕਿ ਤੁਹਾਡੇ ਇਸ ਬਿਆਨ ਨੇ ਪੰਜਾਬ ਵਿਚ 20 ਨਵੰਬਰ ਨੂੰ ਹੋ ਰਹੀਆਂ ਚਾਰ ਵਿਧਾਨ ਸਭਾ ਸੀਟਾਂ, ਜਿਸ 'ਤੇ ਇਸ ਪਾਰਟੀ ਨੇ ਹੋਰ ਪਾਰਟੀਆਂ ਤੋਂ ਲਾਲਚ ਵੱਸ ਪੁੱਟ ਕੇ ਲਿਆਂਦੇ ਲੀਡਰ ਉਮੀਦਵਾਰ ਵਜੋਂ ਖੜ੍ਹੇ ਕੀਤੇ ਹੋਏ ਹਨ, ਸਮੇਤ ਤੁਹਾਡੇ ਉਨ੍ਹਾਂ ਸਭ ਦੀਆਂ ਬੇੜੀਆਂ ਵਿਚ ਵੱਟੇ ਜ਼ਰੂਰ ਪਾ ਦਿੱਤੇ ਹਨ।



# ਸ਼ੁੱਧ ਮਨ ਹੋਵੇ ਤਨ ਮਾਰਦਾ ਉਡਾਰੀਆਂ

-ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
98150-18947
ਪੰਜਾਬ ਮੇਲ USA



## ਨਿੱਕੀ ਦੁਨੀਆਂ

ਮਨ ਅਤੇ ਤਨ ਦੇ ਰਿਸ਼ਤੇ ਨੂੰ ਵਿਚਾਰਨ ਵਾਸਤੇ ਇਨ੍ਹਾਂ ਦੋਨਾਂ ਦੀਆਂ ਡੂੰਘੀਆਂ ਪਰਤਾਂ ਨੂੰ ਫਰੋਲਣਾ ਪੈਂਦਾ ਹੈ। ਅਸੀਂ ਕਈ ਵਾਰ ਆਖ ਦਿੰਦੇ ਹਾਂ, ਯਾਰ ਮੇਰਾ ਮਨ ਨਹੀਂ ਮੰਨਦਾ। ਇਸ ਦਾ ਭਾਵ ਇਹ ਹੁੰਦਾ ਹੈ ਕਿ ਸਾਡਾ ਤਨ ਭਾਵੇਂ ਤਿਆਰ ਹੋਵੇ ਪਰ ਮਨ ਨਹੀਂ ਮੰਨਦਾ। ਜਦੋਂ ਤੱਕ ਤਨ ਅਤੇ ਮਨ ਦਾ ਆਪਸੀ ਸੁਮੇਲ ਨਹੀਂ ਹੁੰਦਾ, ਉਦੋਂ ਤੱਕ ਕਾਰਜ ਸਫ਼ਲ ਨਹੀਂ ਹੁੰਦੇ। ਬਾਲ ਅਵਸਥਾ ਵਿਚ ਬੱਚੇ ਦਾ ਧਿਆਨ ਖੇਡਣ ਮਲ੍ਹਣ ਵਿਚ ਹੁੰਦਾ ਹੈ। ਉਸ ਦੇ ਮਾਪੇ ਅਤੇ ਅਧਿਆਪਕ ਉਸ ਨੂੰ ਆਖਦੇ ਨੇ ਕਿ ਉਹ ਪੜ੍ਹਾਈ ਵਿਚ ਧਿਆਨ ਲਾਵੇ। ਪਰ ਉਸ ਦਾ ਮਨ ਆਖਦਾ ਹੈ ਕਿ ਛੱਡ ਪਰ੍ਹਾਂ ਕੀ ਕਰਨਾ ਪੜ੍ਹਾਈ ਨੂੰ? ਤੂੰ ਖੇਡ ਤੇ ਮੌਜਾਂ ਮਾਣ। ਬਚਪਨ ਦੀਆਂ ਮੌਜਾਂ ਬਹੁਤੀ ਦੇਰ ਨਹੀਂ ਲੱਭਦੀਆਂ। ਅੱਜਕੱਲ੍ਹ ਤਾਂ ਮਾਪੇ ਢਾਈ ਤਿੰਨ ਸਾਲ ਦੇ ਬੱਚੇ ਨੂੰ ਹੀ ਨਰਸਰੀ ਵਿਚ ਦਾਖਲ ਕਰਵਾ ਦਿੰਦੇ ਹਨ। ਨਰਸਰੀ ਵਿਚ ਭਾਵੇਂ ਖੇਡਣ ਮਲ੍ਹਣ ਦੀਆਂ ਬਹੁਤ ਸਾਰੀਆਂ ਤਕਨੀਕਾਂ ਮੌਜੂਦ ਹੁੰਦੀਆਂ ਹਨ ਪਰ ਉਹ ਆਪਣੇ ਮਨ ਦੀ ਮੌਜ ਨਹੀਂ ਕਰ ਸਕਦਾ। ਉਸ ਦੀ ਅਗਵਾਈ ਨਰਸਰੀ ਟੀਚਰ ਕਰਦੇ ਹਨ। ਜਿਵੇਂ ਉਹ ਗਾਈਡ ਕਰਦੇ ਹਨ, ਤਾਂ ਉਹ ਉਸੇ ਤਰ੍ਹਾਂ ਕਰਦਾ ਚਲਿਆ ਜਾਂਦਾ ਹੈ। ਸਭ ਤੋਂ ਵੱਡੀ ਜ਼ਰੂਰਤ ਮਨ ਦੇ ਮੁਤਾਬਿਕ ਕਰਨ ਦੀ ਹੁੰਦੀ ਹੈ। ਕਿਉਂਕਿ ਬਚਪਨ ਅਣਭੋਲ ਨਿਰਛਲ ਅਤੇ ਨਿਰਵੈਰ ਹੁੰਦਾ ਹੈ।

**ਸਾਡੇ ਮਨ ਅੰਦਰ ਨਿਰਮਲਤਾ ਕਾਇਮ ਰਹਿਣੀ ਚਾਹੀਦੀ ਹੈ**

ਇਸੇ ਕਰਕੇ ਸਿਆਣੇ ਆਖਦੇ ਨੇ ਸਾਨੂੰ ਆਪਣੇ ਮਨ ਵਿਚੋਂ ਬਚਪਨ ਨੂੰ ਨਹੀਂ ਗਵਾਉਣਾ ਚਾਹੀਦਾ। ਭਾਵ ਸਾਡੇ ਮਨ ਅੰਦਰ ਨਿਰਮਲਤਾ ਸਦਾ ਕਾਇਮ ਰਹਿਣੀ ਚਾਹੀਦੀ ਹੈ। ਜੇਕਰ ਅੱਜ ਅਸੀਂ ਸਮੱਸਿਆਵਾਂ ਨਾਲ ਉਲਝੇ ਪਏ ਹਾਂ, ਤਾਂ ਉਸ ਦਾ ਮੁੱਖ ਕਾਰਨ ਇਹੀ ਹੈ ਕਿ ਅਸੀਂ ਆਪਣੇ ਵਿਚੋਂ ਬਚਪਨੇ ਨੂੰ ਮਾਰ ਦਿੱਤਾ ਹੈ। ਬਚਪਨ ਵਿਚ ਨਾ ਕੋਈ ਵੈਰੀ ਹੁੰਦਾ ਹੈ ਤੇ ਨਾ ਕੋਈ ਬੇਗਾਨਾ। ਸਾਰਾ ਸੰਸਾਰ ਤੇ ਆਲਾ-ਦੁਆਲਾ ਆਪਣਾ-ਆਪਣਾ ਹੁੰਦਾ ਹੈ। ਹਰ ਕਿਸੇ ਨਾਲ ਮੁਹੱਬਤ ਕਰਨ ਨੂੰ ਜੀਅ ਕਰਦਾ ਹੈ। ਵੈਰ-ਵਿਰੋਧ ਦੀਆਂ ਗੱਲਾਂ ਤਾਂ ਕਿਤੇ ਨੇੜੇ-ਤੇੜੇ ਵੀ ਨਹੀਂ ਹੁੰਦੀਆਂ। ਜਿਵੇਂ-ਜਿਵੇਂ ਬੱਚਾ ਵੱਡਾ ਹੁੰਦਾ ਜਾਂਦਾ ਹੈ, ਉਸ ਦਾ ਘਰੇਲੂ ਮਾਹੌਲ ਉਸਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੰਦਾ। ਮਾਤਾ-ਪਿਤਾ ਅਤੇ ਭੈਣਾਂ-ਭਰਾਵਾਂ ਦਾ ਆਪਸੀ ਪਿਆਰ ਅਤੇ ਆਪਸੀ ਲੜਾਈ ਉਸ ਦੇ ਮਨ 'ਤੇ ਡੂੰਘਾ ਅਸਰ ਪਾਉਂਦੇ ਹਨ। ਜੇਕਰ ਪਰਿਵਾਰ ਵਿਚ ਰਿਸ਼ਤਿਆਂ ਦੀ ਕਦਰ ਤੇ ਰਿਸ਼ਤਿਆਂ ਦਾ ਆਦਰ ਹੈ, ਤਾਂ ਉਸ ਬੱਚੇ ਅੰਦਰ ਖ਼ੁਦ-ਬ-ਖ਼ੁਦ ਨੈਤਿਕ ਕਦਰਾਂ-ਕੀਮਤਾਂ ਪੈਦਾ ਹੋ ਜਾਂਦੀਆਂ ਹਨ। ਜੇਕਰ ਘਰੇਲੂ ਮਾਹੌਲ ਤਣਾਅ ਵਾਲਾ ਹੈ, ਤਾਂ ਉਸ ਦਾ ਬਚਪਨ ਵੀ ਤਣਾਅ ਭਰਪੂਰ ਬਣ ਜਾਂਦਾ ਹੈ।

**ਮਾਪਿਆਂ ਤੇ ਅਧਿਆਪਕਾਂ ਨੂੰ ਸੁਚੇਤ ਹੋਣਾ ਪੈਂਦਾ**

ਅਜਿਹੀਆਂ ਪ੍ਰਸਥਿਤੀਆਂ ਵਿਚ ਬਚਪਨ ਨੂੰ ਸੰਭਾਲਣ ਦੀ ਜ਼ਰੂਰਤ ਹੁੰਦੀ। ਬੱਚੇ ਨੂੰ ਘਰ ਤੇ ਸਕੂਲ ਵਿਚ ਸਕਾਰਾਤਮਕ ਮਾਹੌਲ ਦਿੱਤਾ ਜਾਣਾ ਬਣਦਾ ਹੈ। ਜਿਸ ਨਾਲ ਉਸ ਅੰਦਰ ਉਚੇਰੀਆਂ ਕਦਰਾਂ-ਕੀਮਤਾਂ ਦਾ ਸੰਚਾਰ ਹੋਵੇ। ਹੁਣ ਗੱਲ ਕਰਨੀ ਬਣਦੀ ਹੈ ਤਨ ਅਤੇ ਮਨ ਦੀ ਏਕਤਾ ਦੀ। ਜੇਕਰ ਸਾਡੇ ਤਨ ਅਤੇ ਮਨ ਦੀ ਏਕਤਾ ਨਹੀਂ, ਤਾਂ ਕੋਈ ਵੀ ਕਾਰਜ ਸਫ਼ਲ ਨਹੀਂ ਹੋ ਸਕਦਾ। ਇਸੇ ਕਰਕੇ ਕਿਹਾ ਗਿਆ ਹੈ, ਸ਼ੁੱਧ ਮਨ ਹੋਵੇ ਤਨ ਮਾਰਦਾ ਉਡਾਰੀਆਂ। ਮਨ ਦੀ ਨਿਰਮਲਤਾ ਨਾਲ ਵੱਡੀਆਂ-ਵੱਡੀਆਂ ਜੰਗਾਂ ਜਿੱਤੀਆਂ ਜਾ ਸਕਦੀਆਂ ਹਨ। ਜੇਕਰ ਸਾਡੇ ਮਨ ਅੰਦਰ ਦੂਈ ਦਵੈਤ ਭਰੀ ਪਈ ਹੈ, ਤਾਂ ਸ਼ੁਭ ਵਿਚਾਰ ਮਨ ਵਿਚ ਦਾਖਲ ਨਹੀਂ ਹੋ ਸਕਦੇ। ਸ਼ੁਭ ਅਤੇ ਉਚੇਰੇ ਵਿਚਾਰ ਹੀ ਸਾਨੂੰ ਉਚੇਰੀਆਂ ਮੰਜ਼ਲਾਂ ਦੇ ਪਾਂਧੀ ਬਣਾਉਂਦੇ ਹਨ। ਇਹ ਵਿਚਾਰ ਸਾਨੂੰ ਸੱਚੀ-ਸੁੱਚੀ ਸੰਗਤ, ਮਾਪਿਆਂ ਅਤੇ ਅਧਿਆਪਕਾਂ ਤੋਂ ਮਿਲਦੇ ਹਨ। ਇਸ ਲਈ ਬਚਪਨ ਵਿਚ ਬਾਲ ਮਨ ਨੂੰ ਸ਼ਿੰਗਾਰਨ ਤੇ ਸੰਵਾਰਨ ਵਾਸਤੇ ਮਾਪਿਆਂ ਤੇ ਅਧਿਆਪਕਾਂ ਨੂੰ ਸੁਚੇਤ ਹੋਣਾ ਪੈਂਦਾ। ਜਿਹੜੇ ਮਾਪੇ ਬੱਚਿਆਂ ਦੇ ਮਨ ਵਿਚ ਸ਼ੁੱਧ ਵਿਚਾਰ ਭਰ ਦਿੰਦੇ ਹਨ, ਉਹ ਬੱਚੇ ਹਮੇਸ਼ਾ ਸ਼ੁੱਭ ਕਾਰਜ ਕਰਦੇ ਹਨ। ਸ਼ੁੱਭ ਕਾਰਜਾਂ ਕਰਕੇ ਹੀ ਸਾਡੀ ਸ਼ਖਸੀਅਤ ਦਾ ਨਿਰਮਾਣ ਹੁੰਦਾ ਹੈ। ਮਨੁੱਖ ਦੀ ਪਛਾਣ ਕਾਰਜਾਂ ਕਰਕੇ ਹੁੰਦੀ ਹੈ, ਨਾ ਕਿ ਨਾਮ ਕਰਕੇ। ਚੰਗੇ ਕੰਮਾਂ ਵਾਲੇ ਇਨਸਾਨ ਨੂੰ ਹਰ ਕੋਈ ਜਾਣਦਾ ਅਤੇ ਪਹਿਚਾਣਦਾ ਹੁੰਦਾ। ਕੁਝ ਲੋਕ ਨਾਮ ਦੀ ਖਾਤਰ ਪੁੱਠੇ-ਸਿੱਧੇ ਕੰਮ ਕਰਨ ਲੱਗ ਪੈਂਦੇ ਹਨ। ਉਹ ਨਾਵਾਂ ਤਾਂ ਕਮਾ ਲੈਂਦੇ ਹਨ ਪਰ ਨਾਮ ਨਹੀਂ ਕਮਾਇਆ ਜਾਂਦਾ। ਨਾਮ ਕਮਾਉਣ ਵਾਸਤੇ ਨਿਰਸਵਾਰਥੀ ਕਾਰਜਾਂ ਦੀ ਜ਼ਰੂਰਤ ਹੁੰਦੀ ਹੈ। ਨਿਰਸਵਾਰਥੀ ਭਾਵਨਾ ਨਾਲ ਕੀਤਾ ਕਾਰਜ ਕਦੀ ਵਿਅਰਥ ਨਹੀਂ ਜਾਂਦਾ। ਇਸ ਲਈ ਸਾਨੂੰ ਲੋੜ ਹੈ ਕਿ ਅਸੀਂ ਹਮੇਸ਼ਾ ਆਪਣੇ ਮਨ ਦੀ ਸ਼ੋਭਾ ਨੂੰ ਕਾਇਮ ਰੱਖੀਏ।

**ਨਰੋਆ ਸਾਹਿਤ ਸਾਡੇ ਲਈ ਸੰਜੀਵਨੀ ਸਿੱਧ ਹੋ ਸਕਦਾ**

ਜਿਹੜੇ ਬੱਚੇ ਆਪਣੇ ਮਨ ਦੀ ਨਿਰਮਲਤਾ ਨੂੰ ਕਾਇਮ ਰੱਖਦੇ ਹਨ, ਉਨ੍ਹਾਂ ਦਾ ਸਮਾਜ ਵਿਚ ਮਾਣ-ਸਨਮਾਨ ਵੱਧਦਾ ਜਾਂਦਾ ਹੈ। ਇੱਥੇ ਹੀ ਬੱਸ ਨਹੀਂ, ਸਗੋਂ ਉਹ ਪ੍ਰਾਪਤੀਆਂ ਦਰ ਪ੍ਰਾਪਤੀਆਂ ਕਰਦੇ ਹੋਰ ਅੱਗੇ ਤੋਂ ਅਗੇਰੇ ਵਧਦੇ ਜਾਂਦੇ ਹਨ। ਉਹ ਹਰ ਖੇਤਰ ਵਿਚ ਸਨਮਾਨਯੋਗ ਥਾਂ ਹਾਸਲ ਕਰ ਲੈਂਦੇ ਹਨ। ਕਾਰਨ ਇਹੋ ਹੁੰਦਾ ਹੈ ਕਿ ਉਹ ਸ਼ੁੱਧ ਮਨ ਦੇ ਨਾਲ ਤਨ ਦੇ ਕਾਰਜ ਕਰਦੇ ਹਨ। ਜੇਕਰ ਸਾਡੇ ਮਨ ਵਿਚ ਦੂਈ ਦਵੈਤ, ਵੈਰ-ਵਿਰੋਧ ਅਤੇ ਈਰਖਾ ਭਾਵਨਾ ਨਹੀਂ, ਤਾਂ ਅਸੀਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਵੀ ਬਚੇ ਰਹਿੰਦੇ ਹਾਂ। ਖੋਜੀ ਦੱਸਦੇ ਹਨ ਕਿ ਅਸੀਂ ਉਲਟੀਆਂ-ਸਿੱਧੀਆਂ ਵਿਚਾਰਾਂ ਨਾਲ ਡਿਪਰੈਸ਼ਨ ਵਰਗੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਾਂ। ਮਨ ਦੀ ਸ਼ੁੱਧਤਾ ਵਾਸਤੇ ਸਾਨੂੰ ਚੰਗੀ ਸੰਗਤ ਕਰਨੀ ਚਾਹੀਦੀ ਹੈ। ਨਰੋਆ ਸਾਹਿਤ ਸਾਡੇ ਲਈ ਸੰਜੀਵਨੀ ਸਿੱਧ ਹੋ ਸਕਦਾ। ਉੱਚ ਦਰਜੇ ਦੇ ਸਾਹਿਤ ਦੇ ਪਾਠਕ ਬਣ ਕੇ ਅਸੀਂ ਤਨ ਅਤੇ ਮਨ ਨੂੰ ਨਰੋਆ ਕਰ ਸਕਦੇ ਹਾਂ। ਫਿਰ ਸਾਡੇ ਅੱਗੇ ਕੋਈ ਵੀ ਔਕੜ ਖੜ ਨਹੀਂ ਸਕਦੀ।

**ਵਗਦੇ ਪਾਣੀ ਵਾਂਗ ਨਿਮਰ ਰਹਿ ਕੇ ਚੱਲੀਏ**

ਮਹਾਂਪੁਰਸ਼ਾਂ ਨੇ ਵੀ ਇਹੀ ਕਿਹਾ ਹੈ ਕਿ ਮਨ ਜੀਤੇ ਜਗ ਜੀਤ। ਜਿਹੜੇ ਆਪਣੇ ਮਨ ਨੂੰ ਕਾਬੂ ਵਿਚ ਰੱਖ ਕੇ ਸਹੀ ਦਿਸ਼ਾ ਵੱਲ ਚਲਦੇ ਹਨ, ਉਹ ਸੰਸਾਰ ਵਿਚ ਆਪਣੇ ਝੰਡੇ ਗੱਡ ਜਾਂਦੇ ਹਨ। ਸਿਆਣੇ ਇਹ ਵੀ ਆਖਦੇ ਨੇ ਕਿ ਮੰਨੇ ਦੀ ਮਨੌਤ ਹੁੰਦੀ ਹੈ। ਜੇਕਰ ਅਸੀਂ ਪ੍ਰਮਾਤਮਾ ਦੀ ਰਜ਼ਾ ਵਿਚ ਰਹਿੰਦੇ ਹੋਏ ਕਾਰਜਸ਼ੀਲ ਰਹੀਏ, ਤਾਂ ਅਸੀਂ ਮੰਜ਼ਿਲਾਂ ਨੂੰ ਸੌਖੇ ਹੀ ਸਰ ਕਰ ਸਕਦੇ ਹਾਂ। ਜਿਹੜੇ ਲੋਕ ਹਮੇਸ਼ਾ ਵਗਦੇ ਪਾਣੀ ਵਾਂਗ ਨਿਮਰ ਰਹਿ ਕੇ ਚੱਲਦੇ ਹਨ, ਉਹ ਸਭ ਲਈ ਕਲਿਆਣਕਾਰੀ ਹੁੰਦੇ ਹਨ। ਇਸ ਲਈ ਸਾਨੂੰ ਬਾਲ ਅਵਸਥਾ ਵਿਚ ਮਨ ਅਤੇ ਤਨ ਦੀ ਸੁਮੇਲਤਾ ਕਾਇਮ ਰੱਖਣ ਲਈ ਚੰਗੇ ਸਾਥੀਆਂ ਅਤੇ ਚੰਗੀਆਂ ਪੁਸਤਕਾਂ ਨੂੰ ਅਪਣਾਉਣਾ ਚਾਹੀਦਾ ਹੈ।


**ਚੰਗੇ ਤੇ ਮਾੜੇ ਵਿਚਾਰਾਂ ਦੀ ਹਮੇਸ਼ਾ ਜੰਗ ਚੱਲਦੀ**


ਮਨ ਵਿਚ ਚੰਗੇ ਅਤੇ ਮਾੜੇ ਵਿਚਾਰਾਂ ਦੀ ਹਮੇਸ਼ਾ ਜੰਗ ਚਲਦੀ ਰਹਿੰਦੀ ਹੈ। ਸੂਝਵਾਨ ਲੋਕ ਚੰਗੇ ਵਿਚਾਰਾਂ ਨੂੰ ਅਪਣਾ ਲੈਂਦੇ ਹਨ ਅਤੇ ਬੁਰੇ ਵਿਚਾਰਾਂ ਨੂੰ ਪਿੱਛੇ ਪਾ ਦਿੰਦੇ। ਕਈ ਵਾਰੀ ਅਸੀਂ ਮਨ ਦੇ ਪ੍ਰਭਾਵ ਹੇਠਾਂ ਆ ਕੇ ਬੁਰੇ ਕੰਮਾਂ ਵਿਚ ਪੈ ਜਾਂਦੇ ਹਾਂ। ਅਜਿਹੀ ਅਵਸਥਾ ਤੋਂ ਬਚਣ ਦਾ ਇੱਕੋ ਇੱਕ ਤਰੀਕਾ ਕਿ ਮਨ ਨੂੰ ਗਿਆਨ ਦਾ ਕੁੰਡਾ ਮਾਰ ਕੇ ਰੱਖਿਆ ਜਾਵੇ। ਮਾਪੇ ਅਤੇ ਅਧਿਆਪਕਾਂ ਦੇ ਕਹਿਣੇਕਾਰ ਬਣ ਕੇ ਅਸੀਂ ਜੀਵਨ ਵਿਚ ਸੁੱਖ ਪ੍ਰਾਪਤ ਕਰ ਸਕਦੇ ਹਾਂ। ਅਸਲੀ ਸੁੱਖ ਸਾਡੇ ਮਨ ਦੀ ਅਵਸਥਾ ਹੈ। ਇਹ ਅਵਸਥਾ ਤਦ ਉਪਜਦੀ ਹੈ, ਜਦੋਂ ਅਸੀਂ ਮਨ ਨੂੰ ਨਿਰਮਲ ਰੱਖਦੇ ਹੋਏ ਸਰਬੱਤ ਦੇ ਭਲੇ ਲਈ ਕਾਰਜ ਕਰਦੇ ਹਾਂ। ਹਰ ਪਾਸੇ ਮੁਹੱਬਤਾਂ ਦੇ ਛੱਟੇ ਦਿੰਦੇ ਹਾਂ। ਜਿਨ੍ਹਾਂ ਦਾ ਮਨ ਸਾਫ਼ ਹੁੰਦਾ ਹੈ, ਉਨ੍ਹਾਂ ਨੂੰ ਆਲਾ-ਦੁਆਲਾ ਵੀ ਚੰਗਾ-ਚੰਗਾ ਲੱਗਦਾ ਹੈ। ਉਹ ਅੱਗੇ ਵਧਦੇ ਹੋਏ ਕਿਸੇ ਦਾ ਨੁਕਸਾਨ ਨਹੀਂ ਕਰਦੇ, ਸਗੋਂ ਆਲੇ-ਦੁਆਲੇ ਨੂੰ ਵੀ ਅਗੇਰੇ ਤੋਰਦੇ ਹਨ। ਜੇਕਰ ਅਸੀਂ ਇਸ ਸੰਸਾਰ ਵਿਚ ਆਪਣੀ ਗਿਣਤੀ ਚੰਗੇ ਇਨਸਾਨਾਂ ਵਿਚ ਕਰਵਾਉਣੀ ਚਾਹੁੰਦੇ ਹਾਂ, ਤਾਂ ਸਾਨੂੰ ਸ਼ੁੱਧ ਮਨ ਨਾਲ ਨਿਰਮਲ ਕਾਰਜ ਹਮੇਸ਼ਾ ਕਰਦੇ ਰਹਿਣਾ ਚਾਹੀਦਾ ਹੈ। ਕੁਦਰਤ ਦੁਆਰਾ ਬਖਸ਼ੀਆਂ ਨਿਆਮਤਾਂ ਦੀ ਕਦਰ ਕਰਦੇ ਹੋਏ ਇਸ ਸੰਸਾਰ ਦੀ ਭਲਾਈ ਵਿਚ ਹੀ ਸਾਡੀ ਭਲਾਈ ਹੈ। 'ਨਾ ਕੋ ਬੈਰੀ ਨਾ ਹੀ ਬੇਗਾਨਾ' ਦੇ ਵਿਚਾਰ ਨੂੰ ਹਮੇਸ਼ਾ ਮਨ ਵਿਚ ਸੰਭਾਲ ਕੇ ਰੱਖਣਾ ਚਾਹੀਦਾ ਹੈ। ਮਨ ਅਤੇ ਤਨ ਦੀ ਇਕ ਸੁਰਤਾਹੀ ਸਾਨੂੰ ਜੀਵਨ ਵਿਚ ਬੁਲੰਦੀਆਂ ਬਖਸ਼ਦੀ ਹੈ।

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



# ਬਰਫ਼ 'ਚ ਉੱਗੇ ਅਮਲਤਾਸ ਪੁਸਤਕ : ਵਿਰਾਸਤ ਤੇ ਆਧੁਨਿਕਤਾ ਦਾ ਸੁਮੇਲ




ਗੁਰਿੰਦਰਜੀਤ ਦੀ ਪੁਸਤਕ 'ਬਰਫ਼ 'ਚ ਉੱਗੇ ਅਮਲਤਾਸ' ਪ੍ਰੰਪਰਾਤਕ ਪੁਸਤਕਾਂ ਤੋਂ ਨਿਵੇਕਲੀ ਪੁਸਤਕ ਹੈ। ਲੇਖਕ ਨੇ ਇਸ ਪੁਸਤਕ ਵਿਚ ਵਾਰਤਕ ਤੇ ਕਵਿਤਾ ਦਾ ਸੁਮੇਲ ਵੀ ਕੀਤਾ ਹੈ। ਇਸ ਪੁਸਤਕ ਨੂੰ ਵਿਰਾਸਤ ਤੇ ਆਧੁਨਿਕਤਾ ਅਤੇ ਦੇਸ ਤੇ ਪ੍ਰਦੇਸ ਦੀਆਂ ਵਿਵਹਾਰਿਕ ਪ੍ਰਸਥਿਤੀਆਂ ਦਾ ਸੁਮੇਲ ਵੀ ਕਿਹਾ ਜਾ ਸਕਦਾ ਹੈ। ਇੱਕ ਪਾਸੇ ਗੁਰਿੰਦਰਜੀਤ ਆਪਣੀ ਭਾਰਤੀ ਤੇ ਪੰਜਾਬੀ ਵਿਰਾਸਤ ਦਾ ਗੁਣਗਾਨ ਕਰਦਾ ਨਹੀਂ ਥੱਕਦਾ ਪ੍ਰੰਤੂ ਇਸ ਦੇ ਨਾਲ ਹੀ ਆਧੁਨਿਕਤਾ ਦਾ ਹੇਜ ਅਤੇ ਪ੍ਰਵਾਸ ਦੀ ਰਹਿਤਲ ਦੀਆਂ ਸੁੱਖਦਾਇਕ, ਦੁੱਖਦਾਇਕ ਤੇ ਉਥੇ ਸੈਟਲ ਹੋਣ ਦੇ ਹੱਥ ਕੰਡਿਆਂ ਬਾਰੇ ਜਾਣਕਾਰੀ ਦਿੰਦਾ ਵੀ ਵਿਖਾਈ ਦਿੰਦਾ ਹੈ। ਸਮੇਂ ਦੇ ਬੀਤਣ ਨਾਲ ਸਮਾਜਿਕ ਤਾਣੇ ਵਿਚ ਵਿਲੱਖਣ ਤਬਦੀਲੀ ਆਈ ਹੈ। ਇਹ ਪੁਸਤਕ ਦੋਵੇਂ ਸਮਿਆਂ ਦੀ ਤਸਵੀਰ ਖਿੱਚ ਕੇ ਸਾਹਮਣੇ ਰੱਖ ਦਿੰਦੀ ਹੈ। ਲੇਖਕ ਨੇ ਬਹੁਤੀਆਂ ਘਟਨਾਵਾਂ/ਗੱਲਾਂ ਸਿੰਬਾਲਿਕ ਲਿਖੀਆਂ ਹਨ। ਇਸ ਪੁਸਤਕ ਦੇ 8 ਅਧਿਆਇ ਬਿੰਬਾਵਲੀ, ਗੂ.ਗਲ ਤੋਂ ਪਹਿਲਾਂ, ਪਰਵਾਸ, ਬਰਫ਼ 'ਚ ਉੱਗੇ ਅਮਲਤਾਸ, ਕਾਵਿਆਲੋਜੀ, ਗਰੇਟਾ ਥਨਬਰਗ ਦੇ ਖ਼ਾਬ, ਟਿੱਕਰੀ ਬਾਰਡਰ ਅਤੇ ਨਾਗੋ ਆਇਆ ਨਾਗੋ ਜਾਸੀ ਹਨ। ਸਾਰੀ ਪੁਸਤਕ ਵਿਚ ਪੁਰਾਤਨ ਤੇ ਆਧੁਨਿਕ ਸਮੇਂ ਦੇ ਫ਼ਰਕ ਨੂੰ ਉਦਾਹਰਨਾਂ ਦੇ ਦੱਸਿਆ ਗਿਆ ਹੈ। ਪੁਸਤਕ, ਪੁਰਾਤਨਤਾ, ਨਵੀਨਤਾ, ਦੇਸ ਤੇ ਪ੍ਰਦੇਸ ਦੇ ਧੁਰੇ ਦੁਆਲੇ ਘੁੰਮਦੀ ਹੈ। ਮੁੱਢਲੇ ਤੌਰ 'ਤੇ ਗੁਰਿੰਦਰਜੀਤ ਨੇ ਇਹ ਪੁਸਤਕ ਆਪਣੇ ਜੀਵਨ ਦੇ ਨਿੱਜੀ ਤਜ਼ਰਬਿਆਂ 'ਤੇ ਆਧਾਰਿਤ ਲਿਖੀ ਹੈ ਪ੍ਰੰਤੂ ਉਸਦੀ ਕਾਬਲੀਅਤ ਇਹ ਹੈ ਕਿ ਉਸ ਨੇ ਇਸਨੂੰ ਲੋਕਾਈ ਦੀ ਬਣਾ ਦਿੱਤਾ ਹੈ। ਇੱਕ ਕਿਸਮ ਨਾਲ ਇਸਨੂੰ ਗੁਰਿੰਦਰਜੀਤ ਦੀ ਆਤਮ ਕਥਾ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਇਸ ਵਿਚਲੀਆਂ ਘਟਨਾਵਾਂ ਉਸਦੀ ਅਤੇ ਪਰਿਵਾਰ ਦੀ ਜ਼ਿੰਦਗੀ ਨਾਲ ਸੰਬੰਧਤ ਹਨ। ਲੇਖਕ ਨੇ ਇਸ ਪੁਸਤਕ ਵਿਚ ਜ਼ਿੰਦਗੀ ਦੇ ਹਰ ਪਹਿਲੂ ਬਾਰੇ ਜਾਣਕਾਰੀ ਦਿੰਦਿਆਂ ਕਮਾਲ ਦੇ ਨੁਕਤੇ ਉਠਾਏ ਹਨ, ਜਿਨ੍ਹਾਂ ਦੀ ਸਮਾਜਿਕ ਤਾਣੇ-ਬਾਣੇ ਵਿਚ ਵਿਸ਼ੇਸ਼ ਮਹੱਤਤਾ ਹੈ। ਪਹਿਲਾ ਅਧਿਆਇ ਬਿੰਬਾਵਲੀ ਵਿਚ 14 ਨਿੱਕੇ-ਨਿੱਕੇ ਲੇਖ ਹਨ, ਜਿਨ੍ਹਾਂ ਵਿਚ ਉਸਨੇ ਪੰਜਾਬੀ ਪੁਰਾਤਨ ਸੱਭਿਆਚਾਰ ਨੂੰ ਕਾਵਿਕ ਰੂਪ ਦੇ ਕੇ ਉਸ ਤੋਂ ਦੂਰ ਹੋਣ ਦਾ ਹੰਦੇਸ਼ਾ ਪ੍ਰਗਟ ਕੀਤਾ ਹੈ। ਵਰਤਮਾਨ ਦੀ ਆਧੁਨਿਕਤਾ ਵੀ ਪੁਰਾਤਨਤਾ ਦਾ ਮੁਕਾਬਲਾ ਨਹੀਂ ਕਰ ਸਕਦੀ। ਸਬਰ ਸੰਤੋਖ, ਮਿਲਵਰਤਨ, ਮੁਹੱਬਤ, ਪਰਿਵਾਰਾਂ ਦਾ ਇਕੱਠਿਆਂ ਰਹਿਣਾ, ਬਿਨਾ ਭੇਦਭਾਵ, ਦੋਸਤਾਂ-ਮਿੱਤਰਾਂ, ਰਿਸ਼ਤੇਦਾਰੀਆਂ, ਮਾਪਿਆਂ ਦੀ ਅਹਿਮੀਅਤ ਨੂੰ ਸਮਝਣਾ, ਅਧਿਆਪਕਾਂ ਦਾ ਸਤਿਕਾਰ, ਸਾਧਾਰਨ ਪਹਿਰਾਵਾ, ਤਪੜਾਂ 'ਤੇ ਪੜ੍ਹਾਈ, ਆਦਿ ਪੁਰਾਤਨ ਵਿਰਾਸਤ ਦੇ ਗੁਣ ਸਨ। ਹੁਣ ਅਧਿਆਪਕ ਮੁਰਗੇ ਨਹੀਂ ਬਣਾਉਂਦੇ ਪੜ੍ਹਾਈਆਂ ਮਹਿੰਗੀਆਂ ਹੋ ਗਈਆਂ ਤੇ ਆਧੁਨਿਕਤਾ ਨਾਲ ਇਨ੍ਹਾਂ ਨੂੰ ਨੁਕਸਾਨ ਪਹੁੰਚਿਆ ਹੈ। ਪਰਿਵਾਰ ਇਕੱਠੇ ਨਹੀਂ, ਵੰਡਾਂ ਨੇ ਨਫ਼ਰਤ ਫੈਲਾ ਦਿੱਤੀ, ਵੰਡ ਭਾਵੇਂ 1947 ਵਿਚ ਦੇਸ਼ ਦੀ ਹੋਵੇ, ਦੇਸ਼ ਦੀ ਵੰਡ ਨੇ ਖ਼ੂਨ ਵਹਾਏ। ਲੜਾਈ-ਝਗੜੇ, ਨਸਲੀ ਜੰਗਾਂ ਨੇ ਚਾਚੀਆਂ, ਤਾਈਆਂ ਵਿਚ ਵੀ ਵੰਡੀਆਂ ਪਾ ਦਿੱਤੀਆਂ, ਹੁਣ ਦਾਦੇ ਪੋਤਰਿਆਂ, ਦੋਹਤਰਿਆਂ ਲਈ ਘੋੜੇ ਨਹੀਂ ਬਣਦੇ। ਗ਼ਾਲ੍ਹਾਂ ਦੀ ਭਰਮਾਰ ਹੈ। ਵਿਆਹ ਘਰਾਂ ਤੋਂ ਮੈਰਿਜ ਪੈਲਸਾਂ ਵਿਚ ਚਲੇ ਗਏ। ਝੂਠੀਆਂ ਵਸੀਅਤਾਂ ਬਣਾਕੇ ਠੱਗੀ ਮਾਰੀ ਜਾ ਰਹੀ ਹੈ। ਬੱਚੇ ਵਿਦੇਸ਼ ਭੱਜੇ ਜਾ ਰਹੇ ਹਨ, ਪਰਿਵਾਰ ਸੈਟ ਕਰਵਾਉਣ ਦੇ ਜੁਗਾੜ ਬਣਾਉਂਦੇ ਹਨ, ਜੁਗਾੜੂ ਸਫਲ ਹੁੰਦੇ ਹਨ। ਲੇਖਕ ਨੇ ਵਾਰਤਕ ਅਤੇ ਕਵਿਤਾ ਰਾਹੀਂ ਬਿਜਲੀ ਦੇ ਲਾਭ ਅਤੇ ਨੁਕਸਾਨ ਦਰਸਾਏ ਹਨ। ਦੀਵੇ ਦੀ ਰੌਸ਼ਨੀ ਵਿਚ ਮਿਲ ਬੈਠਣ ਦਾ ਮੌਕਾ ਮਿਲਦਾ ਸੀ, ਬਿਜਲੀ ਆਉਣ ਨਾਲ ਮਿੰਟਾਂ-ਸਕਿੰਟਾਂ ਵਿਚ ਕੰਮ ਹੋ ਜਾਂਦੇ ਹਨ ਪ੍ਰੰਤੂ ਪਰਿਵਾਰ ਬਿਖਰ ਜਾਂਦੇ ਹਨ। ਗੁਰਦੁਆਰਿਆਂ ਵਿਚ ਸੰਗਮਰਮਰ ਲੱਗ ਗਏ ਹਨ ਪ੍ਰੰਤੂ ਦੇਗ ਮੰਗ ਕੇ ਖਾਣ ਦੀ ਪ੍ਰੰਪਰਾ ਖ਼ਤਮ ਹੋ ਗਈ, ਪਾਠੀ ਪਾਠ ਕਰਦੇ ਹਨ, ਘਰ ਦੇ ਮੈਂਬਰ ਕੋਲ ਬੈਠਕੇ ਸੁਣਦੇ ਨਹੀਂ। ਬਚਪਨਾ ਵੀ ਗਾਇਬ ਹੋ ਗਿਆ। ਕੜਕਦੀ ਗਰਮੀ ਵਿਚ ਬਰਫ ਦੀ ਵਰਤੋਂ, ਜ਼ਮੀਨਾਂ ਠੇਕੇ 'ਤੇ ਹੋ ਗਈਆਂ, ਭਾਵੇਂ ਗੁਰਦੁਆਰੇ ਜਾਂਦੇ ਹਨ ਪ੍ਰੰਤੂ ਇਸਤਰੀਆਂ ਜ਼ਾਤ-ਪਾਤ ਦੀਆਂ ਧਾਰਨੀ ਹੁੰਦੀਆਂ ਸਨ। ਦਾਲਾਂ ਦੀਆਂ ਕਈ ਕਿਸਮਾਂ 'ਤੇ ਤੜਕੇ ਤੇ ਗੁਰੂ ਘਰਾਂ ਵਾਲੀਆਂ ਦਾਲਾਂ ਸੁਆਦੀ ਹੁੰਦੀਆਂ ਹਨ। ਗੂ.ਗਲ ਤੋਂ ਪਹਿਲਾਂ ਅਧਿਆਇ ਵਿਚ ਦੱਸਿਆ ਹੈ ਕਿ ਪਹਿਲਾਂ ਜ਼ਿੰਦਗੀ ਇਨਸਾਨੀਅਤ ਦੇ ਸਹਾਰੇ ਪ੍ਰੰਤੂ ਹੁਣ ਜੀ.ਪੀ.ਐੱਸ. ਵਰਗੇ ਯੰਤਰਾਂ ਦੇ ਸਹਾਰੇ ਚਲਦੀ ਹੈ। ਲੋਕ ਮੁਹੱਬਤੀ ਤੇ ਦੁੱਖ-ਸੁੱਖ ਦੇ ਸਾਂਝੀਵਾਲ ਹੁੰਦੇ ਸਨ। ਹੁਣ ਖਾਣ-ਪੀਣ ਦੀਆਂ ਵਸਤਾਂ ਵਿਚ ਮਿਲਾਵਟ ਹੈ, ਪਿੰਨੀ ਤੇ ਗਜਰੇਲੇ ਨਹੀਂ। ਚਿੱਠੀ ਪੱਤਰ ਦੀ ਥਾਂ ਈ-ਮੇਲ ਨੇ ਲੈ ਲਈ, ਜੋ ਭਾਵਨਾਵਾਂ ਤੋਂ ਰਹਿਤ ਹੁੰਦੀ ਹੈ। ਬਜ਼ੁਰਗਾਂ ਨਾਲ ਮੋਹ ਮੁਹੱਬਤ ਖ਼ਤਮ ਹੋ ਗਈ। ਸਭ ਕੁਝ ਕੋਲ ਹੁੰਦੇ ਗੁਆਚ ਗਿਆ। ਪਰਵਾਸ ਅਧਿਆਇ ਵਿਚ ਦੂਰ ਸੰਚਾਰ ਕਰਕੇ ਸੰਸਾਰ ਇੱਕ ਵੱਡਾ ਪਿੰਡ ਬਣ ਗਿਆ। ਵਿਕਾਸ ਦੇ ਨਾਮ 'ਤੇ ਕਦਰਾਂ-ਕੀਮਤਾਂ ਅਣਡਿੱਠ ਹੋ ਜਾਂਦੀਆਂ ਹਨ। ਗ਼ੈਰ ਕਾਨੂੰਨੀ ਪਰਵਾਸ ਦੁੱਖਾਂ ਦੀ ਪੰਡ, ਕੋੜਮਿਆਂ ਨੂੰ ਬੁਲਾ ਲੈਂਦੇ ਹਨ, ਡਾਲਰਾਂ ਦੇ ਸਬਜ਼ਬਾਗ ਵਿਚ ਫਸ ਜਾਂਦੇ ਹਨ, ਮਸ਼ੀਨੀ ਜ਼ਿੰਦਗੀ ਹੈ, ਵੱਟੇ ਦੇ ਵਿਆਹ ਤੇ ਫਿਰ ਡਾਈਵੋਰਸ, ਪੈਸੇ ਦੀ ਦੋਸਤੀ, ਜ਼ਿੰਦਗੀ ਜੱਦੋ-ਜਹਿਦ ਦਾ ਦੂਜਾ ਨਾਮ ਤੇ ਇਸ ਨੂੰ ਵੈਲ ਸੈਟਲਡ ਕਹਿੰਦੇ ਹਨ। ਪ੍ਰੰਤੂ ਨਾ ਏਧਰ ਤੇ ਨਾ ਓਧਰ ਜੋਗੇ ਰਹਿੰਦੇ ਹਨ। ਫਿਰ ਬਜ਼ੁਰਗਾਂ ਦੀਆਂ ਨਿਸ਼ਾਨੀਆਂ ਦਾ ਮੋਹ ਜਾਗਦਾ ਤੇ ਉਨ੍ਹਾਂ ਨੂੰ ਪਰਵਾਸ ਵਿਚ ਲੈ ਜਾਂਦੇ ਹਨ। ਕਾਰਾਂ ਚਲਾਉਂਦੇ ਸਮੇਂ ਬਾਪੂ ਦਾ ਸਾਈਕਲ ਯਾਦ ਆਉਂਦੈ। ਪਿੰਡ ਆ ਕੇ ਵੱਟਾ ਬੰਨ੍ਹਿਆਂ ਤੇ ਗੋਹਰਾਂ ਸੰਤੁਸ਼ਟੀ ਦਿੰਦੀਆਂ ਹਨ। ਮਾਪਿਆਂ ਦੇ ਮੋਹ ਨੂੰ ਪਸ਼ੂਆਂ ਦੇ ਮੋਹ ਨਾਲ ਜੋੜਕੇ ਸਿੰਬਾਲਿਕ ਲਿਖਿਆ ਹੈ। ਪਰ ਧੀਆਂ ਪੁਤ ਮਾਪੇ ਗੁਆ ਚੁੱਕੇ ਹੁੰਦੇ ਹਨ। ਵੱਡੇ ਘਰ ਪ੍ਰੰਤੂ ਸਾਂਭ-ਸੰਭਾਲ ਔਖੀ ਹੈ। ਪਰਵਾਸ ਵਿਚ ਜਾ ਕੇ ਪੰਜਾਬ ਦੇ ਦਰਿਆਵਾਂ ਦੀ ਯਾਦ ਸਤਾਉਂਦੀ ਹੈ। ਗੋਰਿਆਂ ਦੇ ਤਿਓਹਾਰਾਂ ਨੂੰ ਆਪਣੇ ਤਿਓਹਾਰ ਸਮਝਕੇ ਮਨਾਇਆ ਜਾਂਦਾ ਹੈ। ਪੰਜਾਬ ਦੀ ਬੇਰੋਜ਼ਗਾਰੀ, ਰਿਸ਼ਵਤਖ਼ੋਰੀ, ਧੱਕੇਸ਼ਾਹੀ ਤੇ ਪ੍ਰਦੂਸ਼ਣ ਆਦਿ ਤੋਂ ਪਰਵਾਸ ਵਿਚ ਨਿਜਾਤ ਪ੍ਰੰਤੂ ਪਰਿਵਾਰ ਵਿਚ ਬੈਠਿਆਂ ਵੀ ਇਕੱਲਾਪਣ ਤੰਗ ਕਰਦਾ ਹੈ। ਭਾਂਤ-ਸੁਭਾਂਤੇ ਗੁਆਂਢੀ ਡਰ ਪੈਦਾ ਕਰਦੇ ਹਨ। ਪ੍ਰੰਤੂ ਪਰਵਾਸ ਵਿਚ ਗਏ ਪੰਜਾਬੀਆਂ ਨੂੰ ਦੇਸ਼ ਦੀ ਆਜ਼ਾਦੀ ਦਾ ਜਾਗ ਲੱਗਿਆ। ਬਰਫ਼ 'ਚ ਉੱਗੇ ਅਮਲਤਾਸ ਅਧਿਆਇ ਦਾ ਮੁੱਖ ਤੌਰ 'ਤੇ ਭਾਵ ਪਰਵਾਸ ਦੇ ਠੰਡੇ ਵਾਤਾਵਰਨ ਵਿਚ ਆ ਕੇ ਪਰਵਾਸੀਆਂ ਨੇ ਮੱਲ੍ਹਾਂ ਮਾਰੀਆਂ ਹਨ, ਇਥੋਂ ਤੱਕ ਕਿ ਉੱਚੇ ਅਹੁਦਿਆਂ ਤੱਕ ਪਹੁੰਚੇ ਹਨ। ਕੁਝ ਲੋਕ ਪਰਵਾਸ ਵਿਚ ਆ ਕੇ ਅਡਜਸਟ ਹੋ ਜਾਂਦੇ ਹਨ ਤੇ ਕੁਝ ਵਿਦੇਸ਼ੀ ਵਹਾਅ ਵਿਚ ਵਹਿ ਜਾਂਦੇ ਹਨ। ਪੰਜਾਬੀ ਆਪਣੀ ਵਿਰਾਸਤ ਨਾਲ ਜੁੜਨ ਦੀਆਂ ਕੋਸ਼ਿਸ਼ਾਂ ਵਿਚ ਲੱਗੇ ਰਹਿੰਦੇ ਹਨ। ਦਾਦੀਆਂ ਨਾਨੀਆਂ ਕਹਾਣੀਆਂ ਸੁਣਾਉਂਦੀਆਂ ਸਨ ਪ੍ਰੰਤੂ ਏਥੇ ਅਧਿਆਪਕ ਉਹ ਕਹਾਣੀਆਂ ਸੁਣਾਉਂਦੇ ਹਨ। ਬਹੁ ਸੱਭਿਆਚਾਰ ਹੈ ਤੇ ਰੰਗ-ਬਰੰਗੇ ਲੋਕਾਂ ਨਾਲ ਮੇਲ-ਮਿਲਾਪ ਹੁੰਦਾ ਹੈ। ਪਰਵਾਸ ਵਿਚ ਜਾ ਕੇ ਮਾੜੀਆਂ ਆਦਤਾਂ/ਗੱਲਾਂ ਛੱਡ ਕੇ ਚੰਗੀਆਂ ਸਿੱਖਣ ਨੂੰ ਮਿਲਦੀਆਂ ਹਨ ਪ੍ਰੰਤੂ ਮਾਪਿਆਂ ਦੇ ਸ਼ਿਫਟਾਂ ਲਾਉਣ, ਨੈੱਟ ਕਰਕੇ ਪਰਿਵਾਰ ਬਿਖਰ ਰਹੇ ਹਨ, ਜਿਹੜੇ ਮਾਪੇ ਅਡਜਸਟ ਕਰ ਜਾਂਦੇ ਹਨ, ਉਹ ਸਫ਼ਲ ਪ੍ਰੰਤੂ ਜਿਹੜੇ ਅਡਜਸਟ ਨਹੀਂ ਕਰਦੇ। ਉਹ ਝਗੜੇ ਝਮੇਲਿਆਂ ਵਿਚ ਪੈ ਜਾਂਦੇ ਹਨ। ਕੁਝ ਬੱਚੇ ਆਪਣੇ ਹਮਸਫਰ ਆਪ ਲੱਭਦੇ ਹਨ ਤੇ ਮਾਪੇ ਸ਼ਗਨ ਮਨਾਉਣ ਜੋਗੇ ਨਹੀਂ ਰਹਿੰਦੇ ਤੇ ਕੁਝ ਮਾਪਿਆਂ ਵੱਲੋਂ ਚੰਗੇ ਸੰਸਕਾਰ ਦੇਣ ਕਰਕੇ ਸੁਹਾਵਣਾ ਜੀਵਨ ਬਸਰ ਕਰਦੇ ਤੇ ਬਰਫ਼ 'ਚ ਉੱਗੇ ਅਮਲਤਾਸ ਬਣ ਜਾਂਦੇ ਹਨ। ਕਾਵਿਆਲੋਜੀ ਅਧਿਆਇ ਪਰਵਾਸ ਵਿਚ ਬੋਲੀ ਦੇ ਆਪਣੇ ਇਤਿਹਾਸ, ਮਾਤ ਭਾਸ਼ਾ ਦੀ ਮਹੱਤਤਾ, ਵਿਕਾਸ, ਅਨੁਵਾਦ ਤੇ ਇਸ ਲਈ ਨਵੀਂ ਤਕਨਾਲੋਜੀ, ਅਨੁਵਾਦ ਦੇ ਸੱਭਿਆਚਾਰ, ਧਾਰਮਿਕ ਗ੍ਰੰਥਾਂ ਦੇ ਅਨੁਵਾਦ ਵਿਚ ਗ਼ੈਰ ਜ਼ਿਮੇਵਾਰੀ, ਬੋਲੀ ਵਿਚ ਮੁਸ਼ਕਲ, ਕਵਿਤਾ ਦਾ ਅਨੁਵਾਦ ਸਮੇਂ ਅਰਥਾਂ ਦਾ ਬਦਲਣਾ/ਅਨਰਥ, ਕਵਿਤਾ ਵਿਚ ਵਿਅਕਰਨ ਨਹੀਂ, ਲਗਾਂ ਮਾਤਰਾਂ ਦੀ ਅਹਿਮੀਅਤ ਆਦਿ ਪ੍ਰਚਲਤ ਹਨ। ਪਰਵਾਸੀ ਸੋਚਦੇ ਪੰਜਾਬੀ ਵਿਚ ਤੇ ਲਿਖਦੇ/ਬੋਲਦੇ ਅੰਗਰੇਜ਼ੀ ਵਿਚ ਹਨ। ਕਵਿਤਾ ਦਾ ਪ੍ਰਵਾਹ ਆਪ ਮੁਹਾਰੇ ਹੁੰਦਾ ਹੈ ਗੁਰਿੰਦਰਜੀਤ ਦੀ ਕਵਿਤਾ ਦਾ ਸਫਰ ਵੀ ਦਰਸਾਇਆ ਹੈ। ਕਵਿਤਾ ਪੜਾਅ ਵਾਰ ਵਿਕਸਤ ਹੁੰਦੀ ਰਹਿੰਦੀ ਹੈ, ਕਵਿਤਾ ਦੇ ਪੜਾਵਾਂ ਬਾਰੇ ਜਾਣਕਾਰੀ ਦਿੱਤੀ ਹੈ। ਕਵੀ ਆਪਣੀ ਕਵਿਤਾ ਨੂੰ ਹਮੇਸ਼ਾ ਬਿਹਤਰੀਨ ਸਮਝਦਾ ਹੈ, ਸ੍ਰੋਤੇ ਭਾਵੇਂ ਕੁਝ ਵੀ ਕਹਿਣ। ਕਵਿਤਾ ਕੁਦਰਤ ਦੇ ਵਹਿਣ ਦੀ ਤਰ੍ਹਾਂ ਹੈ, ਇਹ ਕਿਸੇ ਫਾਰਮੂਲੇ ਦੀ ਮੁਹਤਾਜ ਨਹੀਂ, ਇਸਨੂੰ ਅਲੰਕਾਰਾਂ ਦੀ ਲੋੜ ਨਹੀਂ ਪ੍ਰੰਤੂ ਤੁਕ ਤੁਕਾਂਤ, ਲੈ ਤੇ ਛੰਦ ਬੱਧ ਵਾਲੀ ਹੀ ਪ੍ਰਵਾਨ ਚੜ੍ਹਦੀ ਹੈ। ਗੁਰਿੰਦਰਜੀਤ ਦੇ ਵਿਸ਼ੇ ਅਥਾਹ ਹਨ, ਜਿਵੇਂ ਸੌਣ ਮਹੀਨਾ, ਪਸ਼ੂ, ਪੰਛੀ, ਪ੍ਰਾਹੁਣੇ, ਕਰੋਸ਼ੀਏ, ਧੀਆਂ, ਰਸੋਈ ਤੇ ਖਾਣ ਦਾ ਸਾਮਾਨ ਅਤੇ ਮਠਿਆਈਆਂ ਆਦਿ। ਕਵਿਤਾ ਦਾ ਸਥਾਨ ਨਿਸ਼ਚਿਤ ਨਹੀਂ, ਜਦੋਂ ਪਰਿਵਾਰ ਵਿਚ ਸਾਹਿਤਕ ਮਾਹੌਲ ਹੋਵੇ ਤਾਂ ਬੱਚੇ ਸਾਹਿਤਕ ਹੋ ਜਾਂਦੇ ਹਨ। ਪੋਤੇ ਪੋਤੀਆਂ ਬਜ਼ੁਰਗਾਂ ਲਈ ਚਿੰਤਤ ਹੁੰਦੇ ਹਨ। 'ਰੋਟੀ ਮਨੁੱਖ ਨੂੰ' ਬਹੁਤ ਹੀ ਸੰਵੇਦਨਸ਼ੀਲ ਸਮਾਜਿਕ ਸਰੋਕਾਰਾਂ ਵਾਲੀ ਕਵਿਤਾ ਹੈ। ਗਰੇਟਾ ਥਨਬਰਗ ਦੇ ਖ਼ਾਬ ਅਧਿਆਇ ਵਿਚ ਲੇਖਕ ਨੇ ਸ੍ਰੀ ਗੁਰੂ ਨਾਨਕ ਦੇ ਸਮੇਂ ਵੇਈਂ ਦੀ ਪਵਿੱਤਰਤਾ ਅਤੇ ਹਰੀ ਕ੍ਰਾਂਤੀ ਤੋਂ 45 ਸਾਲ ਬਾਅਦ ਰਸਾਇਣਕ ਖਾਦਾਂ ਦੀ ਵਰਤੋਂ ਤੇ ਸਨਅਤਾਂ ਦੇ ਪ੍ਰਦੂਸ਼ਤ ਪਾਣੀ ਨਾਲ ਗੰਧਲੀ ਹੋ ਗਈ, ਜਿਸ ਦੇ ਕਰਕੇ ਧਰਤੀ ਹੇਠਲਾ ਪਾਣੀ ਅਤੇ ਵੇਈਂ ਤੇ ਬੁੱਢੇ ਨਾਲੇ ਦੇ ਪ੍ਰਦੂਸ਼ਣ ਨਾਲ ਮੱਛੀਆਂ ਮਰ ਰਹੀਆਂ ਹਨ ਅਤੇ ਕੈਂਸਰ ਵਰਗੀਆਂ ਘਾਤਕ ਬਿਮਾਰੀਆਂ ਫੈਲ ਰਹੀਆਂ ਹਨ। ਟੋਭੇ ਸੁੱਕ ਗਏ, ਪਾਣੀ ਤੇ ਹਵਾ ਪ੍ਰਦੂਸ਼ਤ ਹੋ ਗਏ। ਕੈਂਸਰ ਟ੍ਰੇਨ ਚੱਲ ਪਈ। ਖਾਦ ਪਦਾਰਥਾਂ ਵਿਚ ਮਿਲਾਵਟ, ਕਰਜ਼ੇ ਲੈ ਕੇ ਫੈਕਟਰੀਆਂ, ਫੈਕਟਰੀਆਂ ਵਿਚ ਮਾਸ ਨਾਲ ਸੰਬੰਧਤ ਉਤਪਾਦਨ, ਮਸ਼ੀਨੀ ਖੇਤੀ ਇਕ ਕਿਸਮ ਨਾਲ ਮਸ਼ੀਨੀ ਗੁੰਡਾਗਰਦੀ ਬਣ ਗਈ ਹੈ। ਪਾਣੀ ਖੂਹਾਂ, ਦਰਿਆਵਾਂ ਤੋਂ ਬੋਤਲਾਂ ਵਿਚ ਆ ਗਿਆ ਹੈ। ਟਿੱਕਰੀ ਬਾਰਡਰ ਅਧਿਆਇ ਵਿਚ ਦੱਸਿਆ ਗਿਆ ਹੈ ਕਿ ਕਿਸਾਨ ਅੰਦੋਲਨ ਨਾਲ ਹਰ ਭਾਰਤੀ ਭਾਵੇਂ ਸੰਸਾਰ ਵਿਚ ਕਿਸੇ ਵੀ ਦੇਸ਼ ਵਿਚ ਬੈਠਾ, ਉਹ ਭਾਵਨਾਤਮਿਕ ਤੌਰ 'ਤੇ ਜੁੜਿਆ ਹੋਇਆ ਸੀ। ਇਥੋਂ ਤੱਕ ਸਾਰਾ ਸੰਸਾਰ ਜੁੜ ਗਿਆ ਸੀ। ਭਾਰਤੀਆਂ ਵਿਚ ਸਦਭਾਵਨਾ ਪੈਦਾ ਹੋਈ, ਰੰਗ, ਜਾਤ-ਪਾਤ ਅਤੇ ਇਲਾਕਾਈ ਅੰਤਰ ਖ਼ਤਮ ਹੋ ਗਿਆ। ਸਿੱਖ ਵਿਚਾਰਧਾਰਾ ਨੂੰ ਮਾਨਤਾ ਮਿਲੀ। ਸਰਕਾਰੀ ਹੱਥਕੰਡੇ ਤੇ ਬੇਰੁਖੀ ਦਾ ਨੰਗਾ ਨਾਚ ਹੋਇਆ। ਸਰਕਾਰ ਪੰਜਾਬੀਆਂ ਦੀਆਂ ਕੁਰਬਾਨੀਆਂ ਨੂੰ ਅਣਡਿੱਠ ਕਰ ਰਹੀ ਸੀ। ਨਾਗੋ ਆਇਆ ਨਾਗੋ ਜਾਸੀ ਅਧਿਆਇ ਮਨੁੱਖਤਾ ਦੀ ਉਤਪਤੀ, ਵਿਕਾਸ, ਵਰਤਾਰਾ ਅਤੇ ਸਰਬ ਸ਼ਕਤੀਮਾਨ ਅਗੰਮ, ਅਨੰਤ ਅਤੇ ਸਰਬ ਸ੍ਰੇਸ਼ਟਤਾ ਦੀ ਹੋਂਦ ਬਾਰੇ ਜਗਿਆਸਾ ਉਤਪੰਨ ਕਰਦਾ ਹੈ। ਕੋਵਿਡ ਦੇ ਮਨੁੱਖਤਾ 'ਤੇ ਪਏ ਪ੍ਰਭਾਵ ਅਤੇ ਸਿੱਖ ਧਰਮ ਦੀ ਵਿਲੱਖਣਤਾ ਸੇਵਾ ਦਾ ਮੇਵਾ ਬਾਰੇ ਲੇਖਕ ਵਿਆਖਿਆ ਕਰਦਾ ਹੈ।

256 ਪੰਨਿਆਂ, 300 ਰੁਪਏ ਕੀਮਤ ਵਾਲੀ ਇਹ ਪੁਸਤਕ ਪ੍ਰੀਤ ਪਬਲੀਕੇਸ਼ਨਜ਼ ਪਟਿਆਲਾ ਨੇ ਪ੍ਰਕਾਸ਼ਤ ਕੀਤੀ ਹੈ।

## ਹਿਜ਼ਰਤਨਾਮਾ 71: ਸੰਤ ਰਾਮ ਬਜੂਹਾ

# 'ਮੁਸਲਿਮ ਚੌਧਰੀਆਂ ਸਾਨੂੰ ਤੱਤੀ ਵਾਅ ਨਾ ਲੱਗਣ ਦਿੱਤੀ'

ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA





"ਮੈਂ ਸੰਤ ਰਾਮ ਪੁੱਤਰ ਲੱਭੂ ਰਾਮ/ਮਾਤਾ ਬੰਤੀ ਪੁੱਤਰ ਰੁੜਾ ਪਿੰਡ ਬਜੂਹਾ ਖ਼ੁਰਦ ਤਹਿਸੀਲ ਨਕੋਦਰ (ਜਲੰਧਰ) ਤੋਂ ਆਂ। ਸਾਡਾ ਜ਼ੱਦੀ ਪਿੰਡ ਗੜ੍ਹਾ, ਜਲੰਧਰ ਆ। ਸ਼ੁਰੂ ਤੋਂ ਹੀ ਮੇਰੇ ਬਾਪ ਅਤੇ ਮਾਂ ਦੀ ਆਪਸ ਮੇਂ ਘੱਟ ਹੀ ਬਣੀ। ਪੁਰਾਣੀ ਗੱਲ ਐ ਬਈ ਮੇਰੇ ਤਾਇਆ ਜੀ ਇੱਧਰੋਂ ਕੋਈ ਜਨਾਨੀ ਲੈ ਕੇ ਬਾਰ ਦੇ ਇਲਾਕੇ ਵਿਚ ਚਲੇ ਗਏ। ਕੁੱਝ ਅਰਸਾ ਬਾਅਦ ਤਾਏ ਦੀ ਸਿਹਤ ਜਦ ਨਾਸਾਜ਼ ਹੋਈ, ਤਾਂ ਉਨ੍ਹਾਂ ਮੇਰੇ ਪਿਤਾ ਨੂੰ ਚਿੱਠੀ ਲਿਖੀ ਕਿ ਉਹ ਅੰਤਲੇ ਸਮੇਂ 'ਤੇ ਹੈ, ਉਸ ਦੀ ਘਰਵਾਲੀ ਨੂੰ ਪਿਤਾ ਜੀ ਜਾ ਕੇ ਸਾਂਭ ਲੈਣ। ਮੇਰੇ ਮਾਂ-ਬਾਪ ਦੀ ਪਹਿਲਾਂ ਹੀ ਘੱਟ ਬਣਦੀ ਸੀ, ਸੋ ਪਿਤਾ ਜੀ ਆਪਣਾ ਟੱਬਰ ਛੱਡ ਕੇ ਬਾਰ ਵਿਚ ਚਲੇ ਗਏ। ਉਸ ਬਾਰ ਦੇ ਚੱਕ ਜਾਂ ਜ਼ਿਲ੍ਹਾ ਦਾ ਅਤਾ-ਪਤਾ ਮੈਨੂੰ ਯਾਦ ਨਹੀਂ। ਉਪਰੰਤ ਮੇਰੀ ਮਾਂ ਆਪਣੇ ਨਿੱਕੜੇ ਲੈ ਕੇ ਪੇਕੇ ਘਰ ਪਿੰਡ ਕੋਟ-ਕਪੂਰਥਲਾ ਚਲੀ ਗਈ। ਮੇਰੀ ਪੈਦਾਇਸ਼ 1932 ਦੀ ਐ। 1937 ਦੇ ਗੇੜ 'ਚ ਮੈਂ ਪਹਿਲੀ ਜਮਾਤ ਦਾ ਵਿਦਿਆਰਥੀ ਸਾਂ ਕਿ ਮੇਰੇ ਮਾਮਾ ਫੁੰਮ੍ਹਣ ਵਲਦ ਬੂੜਾ ਦਾ ਸਾਲਾ, ਜੋ ਪਿੱਛਿਓਂ ਵੱਡੇ ਸੋਹਲ ਜਗੀਰ ਤੋਂ ਸੀ, ਉਹ ਬਾਰ ਤੋਂ ਇਧਰ ਆਇਆ, ਤਾਂ ਮਾਮੇ ਘਰ ਵੀ ਮਿਲਣ ਆਇਆ। ਉਹ ਉਧਰ ਬਾਰ ਵਿਚ ਕਿਸੇ ਮੁਸਲਿਮ ਚੌਧਰੀ ਦੇ ਸੀਰੀ ਪੁਣਾ ਕਰਦਾ ਸੀ। ਉਨ੍ਹਾਂ ਮਾਮੇ ਨੂੰ ਵੀ ਉਧਰ ਨਾਲ ਚੱਲਣ ਲਈ ਰਾਜ਼ੀ ਕਰ ਲਿਆ। ਮਾਮੇ ਨੇ ਮੈਨੂੰ ਵੀ ਨਾਲ ਖੜਿਆ। ਅਸੀਂ ਜਾ ਪਹੁੰਚੇ ਪਿੰਡ ਗਾਂਧਰਾਂ ਚੱਕ ਨੰਬਰ 86 ਆਰ.ਬੀ. (ਰੱਖ ਬ੍ਰਾਂਚ) ਤਹਿਸੀਲ ਤਦੋਂ ਮਾਨਾਂ ਵਾਲੀ, ਜ਼ਿਲ੍ਹਾ ਸ਼ੇਖ਼ੂਪੁਰਾ (ਹੁਣ ਨਨਕਾਣਾ ਸਾਹਿਬ) ਉਸ ਚੱਕ ਵਿਚ ਇਧਰੋਂ ਨਕੋਦਰ ਨੇੜਲੇ ਪਿੰਡਾਂ ਗਾਂਧਰਾਂ, ਵੱਡਾ ਸੋਹਲ ਜਗੀਰ, ਰੌਲੀ ਵਗੈਰਾ ਦੇ ਮੁਸਲਿਮ ਬੈਠੇ ਸਨ, ਜਿਨ੍ਹਾਂ ਵਿਚ ਗਾਂਧਰਾਂ ਦੀ ਗਿਣਤੀ ਚੋਖੀ ਸੀ। ਉਮੀਦ ਹੈ ਕਿ ਉਨ੍ਹਾਂ ਦੇ ਪਿਛਲੇ ਪਿੰਡ ਗਾਂਧਰਾਂ ਕਰਕੇ ਹੀ ਉਸ ਚੱਕ ਦਾ ਨਾਂ ਗਾਂਧਰਾਂ ਹੋਇਆ। ਮਾਮਾ, ਲੰਬੜਦਾਰ ਖ਼ੁਸ਼ੀ ਮੁਹੰਮਦ ਅਤੇ ਉਸ ਦੇ ਭਰਾ ਮਾਮਦੀਨ ਨਾਲ ਖੇਤਾਂ ਵਿਚ ਨੌਕਰ ਹੋ ਗਿਆ। ਉਹ ਬਦਲੇ ਵਿਚ ਹਾੜੀ-ਸਾਉਣੀ ਨੂੰ ਇਕ-ਇਕ ਮਣ ਕਣਕ-ਮੱਕੀ, ਕੋਈ 10-12 ਰੁਪਏ ਪ੍ਰਤੀ ਮਹੀਨਾ ਤਨਖਾਹ ਵੀ ਦਿੰਦੇ। ਇਕ ਮੁਰੱਬੇ ਦੀ ਖੇਤੀ ਸੀ, ਉਨ੍ਹਾਂ ਦੀ। ਨਹਿਰੀ ਸਿੰਚਾਈ ਸੀ। ਰੱਖ ਬ੍ਰਾਂਚ ਖੇਤਾਂ ਨੂੰ ਸਿੰਜਦੀ।

ਮੈਂ ਉਥੇ ਸਕੂਲ ਵਿਚ ਪੜ੍ਹਨ ਨਾ ਲੱਗਾ, ਸਗੋਂ ਵੱਡਿਆਂ ਨਾਲ ਉਨ੍ਹਾਂ ਦਾ ਵੱਗ ਚਾਰਨ ਲੱਗਾ।

ਪਿੰਡ ਦੇ ਬਾਹਰ ਵਾਲਮੀਕ ਭਾਈਚਾਰੇ ਦੀ ਇੱਕ ਵੱਖਰੀ ਬਸਤੀ ਸੀ। ਉਥੇ ਪਿਛਿਓਂ ਇਧਰਲੇ ਸੋਹਲ ਜਗੀਰ ਤੋਂ ਹੀ ਇਕ ਸੰਤੀ ਨਾਮੇ ਮਾਈ 'ਕੱਲੀ ਰਹਿੰਦੀ। ਉਹਦੇ ਘਰੋਂ ਫੌਤ ਹੋ ਚੁੱਕਾ ਸੀ। ਉਸ ਪਾਸ ਸੀ ਖੁੱਲ੍ਹਾ ਘਰ। ਮਾਈ ਨੇ ਸਾਨੂੰ ਵੀ ਆਪਣੇ ਘਰ ਦੇ ਇਕ ਪਾਸੇ ਵਿਹੜੇ ਵਿਚ ਹੀ ਰਿਹਾਇਸ਼ੀ ਕਮਰਾ ਪਾਉਣ ਨੂੰ ਜਗ੍ਹਾ ਦੇ ਦਿੱਤੀ। ਪਹਿਲਾਂ ਤਾਂ ਸਰਕੜੇ, ਕਾਨਿਆਂ ਦਾ ਛੱਪਰ ਪਾਇਆ, ਫਿਰ ਹੌਲੀ-ਹੌਲੀ ਕੱਚਾ ਕੋਠਾ ਪਾ ਲਿਆ।

**ਗੁਆਂਢੀ ਪਿੰਡ:** ਸ਼ਾਹਕੋਟ, ਮੀਰ ਪੁਰ, ਧਰਾਂਗਾ ਮੁਸਲਮਾਨਾਂ ਦੇ ਅਤੇ ਜੱਟ ਸਿੱਖਾਂ ਦਾ ਪਿੰਡ ਡੱਲਾ ਚੰਦਾ ਸਿੰਘ ਹੁੰਦਾ। ਟੇਸ਼ਣ ਸਾਨੂੰ ਮੰਡੀ ਢਾਬਾਂ ਦਾ ਲੱਗਦਾ।

**ਹੱਟੀ:** ਪਿੰਡ ਵਿਚ ਬਰਕਤ ਮੁਸਲਮਾਨ ਦੀ ਹੁੰਦੀ।

**ਖੂਹੀ :** ਪਿੰਡ ਦੇ ਐਨ ਵਿਚਕਾਰ ਸੀ। ਮੁਸਲਿਮ ਝੀਰ ਉਥੋਂ ਲੋਕਾਂ ਦੇ ਘਰਾਂ ਵਿਚ ਘੜਿਆਂ ਨਾਲ ਪਾਣੀ ਢੋਂਹਦਾ। ਬਦਲੇ 'ਚ ਉਹ ਹਾੜੀ-ਸਾਉਣੀ ਲੈਂਦਾ। ਵੈਸੇ ਸਰਦਿਆਂ ਘਰਾਂ ਵਿਚ ਨਲਕੇ ਵੀ ਹੁੰਦੇ।

**ਦਾਣੇ ਭੁੰਨਣ ਵਾਲੀ ਭੱਠੀ:** ਪਿੰਡ ਵਿਚ ਇੱਕ ਸੀ। ਉਥੇ ਪਾਣੀ ਢੋਹਣ ਵਾਲੇ ਝੀਰ ਦੇ ਘਰੋਂ ਹੀ ਦਾਣੇ ਭੁੰਨਦੀ।

**ਢਾਬਾਂ:** ਪਿੰਡ ਬਾਹਰ ਤਿੰਨ ਸਨ, ਜਿਥੋਂ ਵੀ ਨਹਾਉਣ ਧੋਣ ਜਾਂ ਪਸ਼ੂਆਂ ਲਈ ਪਾਣੀ ਦੀ ਲੋੜ ਪੂਰੀ ਹੋ ਜਾਂਦੀ।

**ਮਸੀਤ:** ਵੀ ਇਕ ਸੀ। ਮੌਲਵੀ ਸਾਬ ਉਥੇ ਮੁਸਲਿਮ ਬੱਚਿਆਂ ਨੂੰ ਪੜ੍ਹਣ-ਲਿਖਣ ਅਤੇ ਧਰਮ ਦੀ ਮੁੱਢਲੀ ਤਾਲੀਮ ਦਿੰਦੇ।

**ਗੁਰਦੁਆਰਾ:** ਪਿੰਡ ਵਿਚ ਕੋਈ ਨਹੀਂ ਸੀ। ਸਾਰੇ ਪਿੰਡ ਵਿਚ ਇਕ ਛੀਂਬਾ ਸਿੱਖ ਹੁੰਦਾ, ਸੋ ਦਰਜ਼ੀ ਦੀ ਦੁਕਾਨ ਕਰਦਾ। ਲੋਕਾਂ ਦਾ ਨੰਗ ਢੱਕਦਾ। ਉਸ ਤੋਂ ਇਲਾਵਾ ਵਾਲਮੀਕ ਭਾਈਚਾਰੇ 'ਚੋਂ ਸੋਹਣ ਸਿੰਘ, ਬੂਟਾ ਸਿੰਘ, ਮਾਮੇ ਦਾ ਸਾਲਾ, ਪੂਰਨ ਸਿੰਘ, ਮਾਮਾ ਫੁੰਮ੍ਹਣ, ਉਹਦਾ ਬੇਟਾ ਬੰਤਾ ਵੀ ਕੇਸਾਧਾਰੀ ਸਿੱਖ ਸਨ।

**ਚੌਧਰੀ:** ਉਹੀ ਲੰਬੜਦਾਰ ਖ਼ੁਸ਼ੀ ਮੁਹੰਮਦ ਹੁਰੀਂ ਹੀ ਹੁੰਦੇ। ਇਕ ਲੰਬੜਦਾਰ ਅਜ਼ੀਜ਼ ਨਾਮੇ ਵੀ ਸੀ। 3-4 ਸਰਕਰਦਾ ਹੋਰ ਮੁਸਲਿਮ ਚੌਧਰੀ ਵੀ ਸਨ ਪਰ, ਉਨ੍ਹਾਂ ਦੇ ਨਾਮ ਯਾਦ ਨਹੀਂ। ਪਿੰਡ ਦਾ ਕੋਈ ਮਸਲਾ ਹੁੰਦਾ, ਤਾਂ ਖੂਹੀ ਨਾਲਦੇ ਪਿੱਪਲ ਵਾਲੇ ਥੜ੍ਹੇ 'ਤੇ ਚੌਧਰੀਆਂ ਦਾ 'ਕੱਠ ਹੁੰਦਾ। ਪਿੰਡ ਦੇ ਝਗੜੇ ਝੇੜੇ ਥੜ੍ਹਿਆਂ ਉਤੇ ਬਹਿ ਕੇ ਹੀ ਨਿਬੇੜ ਦਿੰਦੇ। ਪੁਲਿਸ ਅਸੀਂ ਉਥੇ ਕਦੇ ਨਹੀਂ ਡਿੱਠੀ।

**ਪਿੰਡ ਦੀ ਵਸੋਂ :** ਚੱਕ 86 ਆਰ.ਬੀ. ਅਰਾਈਂ ਮੁਸਲਮਾਨਾਂ ਦਾ ਪਿੰਡ ਸੀ। ਕੋਈ 80-90 ਘਰ ਮੁਸਲਮਾਨਾਂ ਦੇ ਅਤੇ ਵਾਲਮੀਕ ਭਾਈਚਾਰੇ ਦੇ 14-15 ਬਾਕੀ ਧੰਦਿਆਂ 'ਤੇ ਆਧਾਰਿਤ 1-1, 2-2 ਨਾਈ, ਝੀਰ, ਤੇਲੀ, ਮੋਚੀ, ਲੁਹਾਰ,

ਤਰਖਾਣਾਂ ਦੇ ਘਰ ਸਨ। ਦੁਕਾਨਦਾਰ ਸਭ ਮੁਸਲਮਾਨ ਹੀ ਸਨ। ਕੇਵਲ ਇੱਕੋ ਇੱਕ ਦਰਜ਼ੀ ਹੀ ਸਾਰੇ ਪਿੰਡ ਵਿਚ ਇਕ ਸਰਦਾਰ ਸੀ। ਕੋਈ 14-15 ਘਰ ਵਾਲਮੀਕ ਬਸਤੀ ਦੇ ਸਨ। ਇਨ੍ਹਾਂ ਵਿਚੋਂ ਹੀ 6-7 ਬੰਦੇ ਮੱਜ਼੍ਹਬੀ ਸਿੱਖ ਹੁੰਦੇ।

**ਫ਼ਸਲਾਂ:** ਵਿਚ ਜ਼ਿਆਦਾ ਨਰਮਾ, ਕਣਕ, ਗੰਨਾ ਹੀ ਬੀਜਿਆ ਜਾਂਦਾ। ਜਿਣਸ, ਆਮ ਕਰਕੇ ਨਨਕਾਣਾ ਸਹਿਬ ਜਾਂ ਸ਼ਾਹਕੋਟ ਤੋਂ ਆਉਂਦੇ ਖੱਤਰੀ ਵਪਾਰੀ, ਪਿੰਡ ਵਿਚੋਂ ਹੀ ਖ਼ਰੀਦ ਕੇ ਖੋਤਿਆਂ/ਊਠਾਂ ਉਤੇ ਲੱਦਕੇ ਲੈ ਜਾਂਦੇ।

**ਹਿਜਰਤ:** ਸਭ ਕੁੱਝ ਠੀਕ ਚੱਲੀ ਜਾਂਦਾ ਸੀ। ਮੁਸਲਿਮ ਭਾਈਚਾਰੇ ਕਦੇ ਵੀ ਗ਼ੈਰ ਮੁਸਲਮਾਨਾਂ ਨਾਲ ਜ਼ਿਆਦਤੀ ਨਾ ਕੀਤੀ। ਮੁਸਲਿਮ ਚੌਧਰੀ ਹਮੇਸ਼ ਹੀ ਲੋੜ ਮੁਤਾਬਕ ਲੋੜਵੰਦਾਂ ਦੀ ਮਦਦ ਕਰਦੇ। ਜਦ ਪਾਕਿਸਤਾਨ ਦੀ ਹਵਾ ਗਰਮ ਹੋਣ ਲੱਗੀ। ਆਲੇ-ਦੁਆਲੇ ਤੋਂ ਅਗਜ਼ਨੀ ਅਤੇ ਮਾਰ-ਮਰਾਈਏ ਦੀਆਂ ਗੱਲਾਂ ਸੁਣਦੇ। ਇਕ ਦਿਨ ਮੁਸਲਿਮ ਚੌਧਰੀਆਂ ਆਪੇ ਹੀ ਆਖ ਛੱਡਿਆ ਕਿ ਸਾਰੇ ਗ਼ੈਰ ਮੁਸਲਮਾਨਾਂ ਨੂੰ ਇਥੋਂ ਉਠ ਕੇ ਹਿੰਦੁਸਤਾਨ ਜਾਣਾ ਪਏਗਾ, ਪਰ ਤਦੋਂ ਤੱਕ ਕੋਈ ਵੀ ਗ਼ੈਰ ਮੁਸਲਮਾਨ 'ਕੱਲਾ-ਦੁਕੱਲਾ ਪਿੰਡੋਂ ਬਾਹਰ ਨਾ ਜਾਏ। ਆਖਿਓਸ, "ਤਦੋਂ ਤੱਕ ਤੁਹਾਡੀ ਹਿਫ਼ਾਜ਼ਤ ਦਾ ਜ਼ਿੰਮਾ ਸਾਡਾ ਹੋਵੇਗਾ।" ਉਨ੍ਹਾਂ ਆਪਣੀ ਜ਼ੁਬਾਨ ਪੁਗਾਈ। ਵਡੇਰਿਆਂ ਦੇ ਕਹੇ ਅਨੁਸਾਰ, ਮੇਰੇ ਮਾਮੇ ਦਾ ਬੇਟਾ ਬੰਤਾ ਇਕ ਹੋਰ ਬੰਦੇ ਨੂੰ ਨਾਲ ਲੈ ਕੇ ਨਨਕਾਣਾ ਸਾਹਿਬ ਮਿਲਟਰੀ ਨੂੰ ਦਰਖ਼ਾਸਤ ਕਰਨ ਗਏ। ਤੀਜੇ ਦਿਨ ਉਨ੍ਹਾਂ ਦੋ ਫੌਜੀ ਟਰੱਕ ਭੇਜੇ। ਅਸੀਂ ਕੁੱਝ ਪਰਿਵਾਰ ਉਨ੍ਹਾਂ ਵਿਚ ਸਵਾਰ ਹੋ ਕੇ ਬਰਾਸਤਾ ਸੈਖ਼ੂਪੁਰਾ-ਲਾਹੌਰ-ਅੰਬਰਸਰ ਦੂਜੇ ਦਿਨ ਆਣ ਉਤਰੇ। ਉਥੇ ਖ਼ਾਲਸਾ ਕਾਲਜ ਦੇ ਰਫਿਊਜੀ ਕੈਂਪ ਵਿਚ ਕੁੱਝ ਦਿਨ ਰੁਕੇ। ਉਪਰੰਤ ਗੱਡੀ ਚੜ੍ਹ ਕੇ ਬਰਾਸਤਾ ਜਲੰਧਰ-ਨਕੋਦਰ ਪਹੁੰਚੇ, ਜਿੱਥੋਂ ਤਾਂਗਿਆਂ ਰਾਹੀਂ ਮਹਿਤਪੁਰ ਨੇੜਲੇ ਪਿੰਡ ਸ਼ਾਹਪੁਰ, ਮਾਮੇ ਦੇ ਸਾਂਢੂ ਮਹਿੰਗੇ ਪਾਸ ਜਾ ਕਯਾਮ ਕੀਤਾ। 1949 ਵਿਚ ਵਰਿਆਣਾ, ਜਲੰਧਰ ਤੋਂ ਮੈਂ, ਮਲਾਵੀ ਦੇਵੀ ਵਿਆਹ ਲਿਆਂਦੀ। ਖੇਤੀ ਵੀ ਕੀਤੀ। ਫਿਰ ਕੁੱਝ ਉਪਰਾਮ ਹੋ ਕੇ ਕੰਮ ਆਪਣੇ ਭਰਾ ਮਲਕੀਤ ਦੇ ਹਵਾਲੇ ਕਰਕੇ ਮੈਂ ਖੁਰਲਾ ਕੀਂਗਰਾ ਦੇ ਜ਼ਿੰਮੀਦਾਰ ਸਰਦਾਰ ਲਸ਼ਕਰ ਸਿੰਘ ਦੇ ਨੌਕਰ ਹੋ ਗਿਆ। 1951-52 ਵਿਚ ਮੇਰਾ ਭਰਾ ਮੈਨੂੰ ਖੁਰਲਾ ਕੀਂਗਰਾ ਇਤਲਾਹ ਦੇਣ ਆਇਆ ਕਿ ਬਜੂਹਾ ਖ਼ੁਰਦ ਵਿਚ ਵਾਧੂ ਪਈ ਜ਼ਮੀਨ ਦੀ ਬੋਲੀ ਹੋਣੀ ਆਂ। ਇਹ ਗੱਲ ਸਰਦਾਰ ਦੇ ਮੁੰਡਿਆਂ ਵੀ ਤਸਦੀਕ ਕੀਤੀ, ਜੋ ਤਦੋਂ ਮਾਡਲ ਟਾਊਨ ਦੇ ਕਿਸੇ ਵੱਡੇ ਸਕੂਲ ਵਿਚ ਪੜ੍ਹਦੇ ਸਨ। ਅੱਗੋਂ ਉਨ੍ਹਾਂ ਦੇ ਇਕ ਹਮਜਮਾਤੀ ਮੁੰਡੇ ਦਾ ਭਰਾ ਉਸ ਮਹਿਕਮੇ ਦਾ ਇੰਸਪੈਕਟਰ ਸੀ। ਕੁੱਝ ਸਰਦਾਰ ਨੇ ਅਤੇ 200ਰੁ: ਦੀ ਮਦਦ ਸਰਦਾਰ ਦੇ ਮੁੰਡਿਆਂ ਦੇ ਹਮਜਮਾਤੀ ਹਸਨ ਪੁਰ ਤੋਂ ਇੱਕ ਮੁੰਡੇ ਨੇ ਕੀਤੀ। ਬੋਲੀ ਦੇ ਕੇ ਮੈਂ 37 ਕਨਾਲ, 13 ਮਰਲੇ ਜ਼ਮੀਨ ਕੁੱਲ 5000ਰੁ: ਵਿਚ ਖ਼ਰੀਦ ਲਈ। ਪੈਸੇ ਕਿਸ਼ਤਾਂ ਵਿਚ ਦੇਣੇ ਕੀਤੇ। ਹਾੜੀ-ਸਾਉਣੀ ਕਰੀਬ ਸਵਾ ਤਿੰਨ ਸੌ ਰੁਪਏ ਕਿਸ਼ਤ ਨਕੋਦਰ ਤਸੀਲ ਦਫ਼ਤਰ ਜਮਾਂ ਕਰਵਾ ਦਿੰਦਾ। ਤਸੀਲ ਦਫ਼ਤਰ ਤਦੋਂ ਨਕੋਦਰ ਕੁੜੀਆਂ ਦੇ ਵੱਡੇ ਸਕੂਲ ਵਿਚ ਹੁੰਦਾ। ਸਰਕਾਰੀ ਮਾਮਲਾ ਮੈਂ ਤਦੋਂ ਦੇ ਲੰਬੜਦਾਰ ਸ਼ਕਰਤਾਰ ਸਿੰਘ ਨੂੰ ਕਰਵਾਉਂਦਾ। ਇਸ ਤਰ੍ਹਾਂ ਹਿੰਮਤ ਕਰਕੇ ਅਸੀਂ ਵੀ ਜੱਟਾਂ ਵਾਂਗੂੰ ਜ਼ਮੀਨਾਂ ਆਲੇ ਬਣ ਰਹੇ। ਅੱਜ ਤੱਕ ਉਹੀ ਵਾਹੁੰਦੇ-ਖਾਂਦੇ ਆਂ। ਬਾਰ ਵਿਚ ਜਿਵੇਂ ਖਾਲੀ ਹੱਥ ਗਏ ਸਾਂ, ਉਵੇਂ ਖਾਲੀ ਹੱਥ ਵਾਪਸ ਆ ਗਏ। ਇੰਨਾ ਹੀ ਸ਼ੁਕਰ ਹੈ ਕਿ ਉਸ ਭਿਆਨਕ ਹਨੇਰੀ ਵਿਚ ਸਾਡਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਮੁਸਲਿਮ ਚੌਧਰੀਆਂ ਸਾਨੂੰ ਤੱਤੀ ਵਾਅ ਨਾ ਲੱਗਣ ਦਿੱਤੀ। ਕੁੱਝ ਪਰਿਵਾਰ ਡੱਲਾ ਚੰਦਾ ਸਿੰਘ ਵਾਲਿਆਂ ਦੇ, ਗੱਡਿਆਂ ਦੇ ਕਾਫ਼ਲੇ ਨਾਲ ਸੁੱਖ ਸਬੀਲੀ ਆਣ ਪਹੁੰਚੇ।

---0---

ਮੇਰੇ ਘਰ ਚਾਰ ਪੁੱਤਰ ਅਤੇ ਇਕ ਧੀ ਪੈਦਾ ਹੋਏ। ਅਫ਼ਸੋਸ ਕਿ-

'ਬਾਬੇ ਦਾਦੇ ਚਾਚੇ ਤਾਏ, ਮਾਪੇ ਰਿਸ਼ਤੇਦਾਰ।

ਵਾਰੋ ਵਾਰੀ ਹੱਥ ਛੁਡਾ ਕੇ ਹੋ ਗਏ ਪਰਲੇ ਪਾਰ।'

ਦੇ ਕਥਨ ਮੁਤਾਬਿਕ, ਉਨ੍ਹਾਂ ਵਿਚੋਂ ਕੇਵਲ ਇਕ ਪੁੱਤਰ ਬਲਵਿੰਦਰ ਪਾਲ ਹੀ ਜੀਵਤ ਹੈ, ਜੋ ਭਾਰਤੀ ਰੇਲਵੇ ਵਿਚ ਨੌਕਰ ਹੈ। ਹੁਣ 93ਵਿਆਂ ਵੇਲੇ, ਨੂੰਹ ਰਾਣੀ ਬਿਮਲਾ, ਪੁੱਤ-ਪੋਤਰਿਆਂ ਦੀ ਵੱਢ ਆਕਾਰੀ ਬਾਲ ਫੁਲਵਾੜੀ ਵਿਚ ਜ਼ਿੰਦਗੀ ਦੀ ਪੁਰ ਸਕੂਨ ਸ਼ਾਮ ਹੰਢਾਅ ਰਿਹੈਂ। ਉਨ੍ਹਾਂ ਦੀ ਸੇਵਾ-ਇਤਫਾਕ ਹੀ ਮੇਰੀ ਲੰਬੀ ਉਮਰ ਦਾ ਰਾਜ਼ ਹੈ। ਔਰ ਕੱਲ ਕੀ ਮੇਰੀ ਬਲਾ ਜਾਨੇਂ।"

ਮੇਰੀ ਪੈਦਾਇਸ਼ 1932 ਦੀ ਐ। 1937 ਦੇ ਗੇੜ 'ਚ ਮੈਂ ਪਹਿਲੀ ਜਮਾਤ ਦਾ ਵਿਦਿਆਰਥੀ ਸਾਂ ਕਿ ਮੇਰੇ ਮਾਮਾ ਫੁੰਮ੍ਹਣ ਵਲਦ ਬੂੜਾ ਦਾ ਸਾਲਾ, ਜੋ ਪਿੱਛਿਓਂ ਵੱਡੇ ਸੋਹਲ ਜਗੀਰ ਤੋਂ ਸੀ, ਉਹ ਬਾਰ ਤੋਂ ਇਧਰ ਆਇਆ, ਤਾਂ ਮਾਮੇ ਘਰ ਵੀ ਮਿਲਣ ਆਇਆ। ਉਹ ਉਧਰ ਬਾਰ ਵਿਚ ਕਿਸੇ ਮੁਸਲਿਮ ਚੌਧਰੀ ਦੇ ਸੀਰੀ ਪੁਣਾ ਕਰਦਾ ਸੀ। ਉਨ੍ਹਾਂ ਮਾਮੇ ਨੂੰ ਵੀ ਉਧਰ ਨਾਲ ਚੱਲਣ ਲਈ ਰਾਜ਼ੀ ਕਰ ਲਿਆ। ਮਾਮੇ ਨੇ ਮੈਨੂੰ ਵੀ ਨਾਲ ਖੜਿਆ। ਅਸੀਂ ਜਾ ਪਹੁੰਚੇ ਪਿੰਡ ਗਾਂਧਰਾਂ ਚੱਕ ਨੰਬਰ 86 ਆਰ.ਬੀ. (ਰੱਖ ਬ੍ਰਾਂਚ) ਤਹਿਸੀਲ ਤਦੋਂ ਮਾਨਾਂ ਵਾਲੀ, ਜ਼ਿਲ੍ਹਾ ਸ਼ੇਖ਼ੂਪੁਰਾ (ਹੁਣ ਨਨਕਾਣਾ ਸਾਹਿਬ) ਉਸ ਚੱਕ ਵਿਚ ਇਧਰੋਂ ਨਕੋਦਰ ਨੇੜਲੇ ਪਿੰਡਾਂ ਗਾਂਧਰਾਂ, ਵੱਡਾ ਸੋਹਲ ਜਗੀਰ, ਰੌਲੀ ਵਗੈਰਾ ਦੇ ਮੁਸਲਿਮ ਬੈਠੇ ਸਨ, ਜਿਨ੍ਹਾਂ ਵਿਚ ਗਾਂਧਰਾਂ ਦੀ ਗਿਣਤੀ ਚੋਖੀ ਸੀ।

## 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



- ਲੰਘੇ ਸੌ ਸਵਾ ਸੌ ਸਾਲ ਵਿਚ ਸੰਸਾਰ ਨੇ ਜਿੰਨੀ ਤਰੱਕੀ ਕੀਤੀ ਹੈ, ਪਿਛਲੇ ਹਜ਼ਾਰਾਂ ਸਾਲ ਨਹੀਂ ਸੀ ਕੀਤੀ ਪਰ ਕਦੇ ਗਊ ਦਾ ਗੋਹਾ ਖਾਣ ਵਾਲੀ ਰੀਤ ਕਿਸੇ ਇਤਿਹਾਸ ਵਿਚ ਪੜ੍ਹਨ ਨੂੰ ਨਹੀਂ ਮਿਲਦੀ।
- ਆਪਣਾ ਸਟੈਂਡਰਡ ਆਪਣੀ ਕਮਾਈ ਅਤੇ ਕਮਾਏ ਹੋਏ ਪੈਸਿਆਂ ਵਿਚੋਂ ਕੀਤੀ ਬਚਤ ਅਨੁਸਾਰ ਰੱਖੋ, ਤਾਂ ਸੁਖੀ ਰਹੋਗੇ।
- ਸਾਈਕਲ ਦੇ ਪੈਡਲ ਮਾਰਨ ਦੀ ਹਿੰਮਤ ਨਾ ਹੋਵੇ, ਤਾਂ ਬੁਲੇਟ ਦੀ ਰਾਈਡ ਲੈਣ ਦਾ ਸੋਚਣਾ ਗਲਤ ਹੁੰਦਾ ਹੈ।
- ਜੋਜ਼ਫ਼ ਗੋਏਬਲ ਨੇ ਕਿਹਾ ਸੀ, ਕਿਸੇ ਵੀ ਦੇਸ਼ ਦਾ ਮੀਡੀਆ ਮੇਰੇ ਕੰਟਰੋਲ ਹੇਠ ਕਰ ਦਿਉ, ਸਾਰੀ ਪਬਲਿਕ ਨੂੰ ਮੂਰਖਾਂ ਦੇ ਝੁੰਡ ਵਿਚ ਤਬਦੀਲ ਕਰ ਦਿਆਂਗਾ।
- ਹਰ ਉਹ ਰਿਸ਼ਤਾ ਅਤੇ ਉਹ ਜੁੱਤੀ ਜੋ ਮੇਚ ਦੇ ਨਾ ਹੋਣ, ਉਮਰ ਭਰ ਤੰਗ ਕਰਨਗੇ, ਲਿਹਾਜ਼ਾ ਜਿੰਨੀ ਛੇਤੀ ਵਰਤਣਾ ਛੱਡ ਦਿਉਗੇ, ਸੁਖੀ ਰਹੋਗੇ।
- ਫੁੱਲ ਟਾਹਣੀ ਨਾਲ, ਪੱਥਰ ਪਹਾੜ ਨਾਲ ਅਤੇ ਇਨਸਾਨ ਇਨਸਾਨੀਅਤ ਨਾਲ ਜੁੜੇ ਹੋਏ ਹੀ ਸੋਭਦੇ ਹਨ।

# ਜਨਮ ਸਾਖੀ ਭਾਈ ਬਾਲਾ ਦੀ ਅਸਲੀਅਤ

## ਕੱਤਕ ਨਹੀਂ ਵੈਸਾਖ




-ਸਰਵਜੀਤ ਸਿੰਘ
ਸੈਕਰਾਮੈਂਟੋ
sarbjits@gmail.com
ਪੰਜਾਬ ਮੇਲ USA




ਜਨਮ ਅਤੇ ਸਾਖੀ ਦੇ ਮੇਲ ਤੋਂ ਬਣੇ ਜਨਮ ਸਾਖੀ ਦਾ ਭਾਵ ਹੈ ਜਨਮ ਦੀ ਗਵਾਹੀ। ਸਿੱਖ ਇਤਿਹਾਸ ਨਾਲ ਸਬੰਧਿਤ ਜਨਮ ਸਾਖੀ, ਕੇਵਲ ਜਨਮ ਦੀ ਗਵਾਹੀ ਹੀ ਨਹੀਂ, ਸਗੋਂ ਜੀਵਨ ਦੀ ਕਹਾਣੀ ਹੈ। ਵਿਦਵਾਨਾਂ ਦਾ ਮੱਤ ਹੈ ਕਿ ਜਨਮ ਸਾਖੀ ਗੁਰੂ ਜੀ ਦੇ ਜਨਮ ਨਾਲ ਸਬੰਧਿਤ ਸਾਖੀ ਦਾ ਸਿਰਲੇਖ ਸੀ, ਜੋ ਹੌਲੀ-ਹੌਲੀ ਸਾਖੀਆਂ ਦੇ ਸਮੂਹ ਦਾ ਹੀ ਸਿਰਲੇਖ ਬਣ ਗਿਆ। ਸਿੱਖ ਇਤਿਹਾਸ ਦੇ ਪੁਰਾਤਨ ਵਸੀਲਿਆਂ 'ਚ ਜਨਮ ਸਾਖੀਆਂ ਦਾ ਮਹੱਤਵਪੂਰਨ ਅਸਥਾਨ ਹੈ। ਸਿੱਖ ਸਾਹਿਤ ਵਿਚ ਮਿਲਦੀਆਂ ਜਨਮ ਸਾਖੀਆਂ, "ਪੁਰਾਤਨ ਜਨਮ ਸਾਖੀ" ਜੋ ਹਾਫਜ਼ਾ ਵਾਦੀ, ਵਲਾਇਤ ਵਾਲੀ ਅਤੇ ਕੌਲਬਰੁਕ ਵਾਲੀ ਜਨਮ ਸਾਖੀ ਆਦਿ ਨਾਵਾਂ ਨਾਲ ਵੀ ਜਾਣੀ ਜਾਂਦੀ ਹੈ, "ਪੋਥੀ ਸਚ ਖੰਡ" ਮਿਹਰਬਾਨ ਵਾਲੀ ਜਨਮ ਸਾਖੀ, "ਆਦਿ ਸਾਖੀਆਂ" ਸ਼ੰਭੂ ਨਾਥ ਵਾਲੀ ਜਨਮ ਪਤ੍ਰੀ, ਭਾਈ ਬਾਲੇ ਵਾਲੀ ਜਨਮ ਸਾਖੀ, "ਗਿਆਨ ਰਤਨਾਵਲੀ" ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, "ਜਨਮ ਸਾਖੀ ਨਾਨਕ ਸ਼ਾਹ ਕੀ" ਕ੍ਰਿਤ ਸੰਤ ਦਾਸ ਛਿੱਬਰ, ਜੋ ਭਾਈ ਬਾਲੇ ਵਾਲੀ ਦਾ ਹੀ ਕਾਵਿਕ ਰੂਪ ਹੈ, "ਆਦਿ ਸਾਖੀਆਂ" ਭਾਈ ਬੂਲਾ ਦੀ ਕ੍ਰਿਤ ਅਤੇ ਸ਼ੀਹਾ ਉੱਪਲ ਦੀ ਕ੍ਰਿਤ "ਸਾਖੀ ਮਹਿਲ ਪਹਿਲੇ ਕੀ" ਪ੍ਰਸਿੱਧ ਹਨ। ਜਨਮ ਸਾਖੀਆਂ ਵਿਚ ਸਭ ਤੋਂ ਵੱਧ ਪ੍ਰਚੱਲਤ ਹੈ, ਭਾਈ ਬਾਲੇ ਵਾਲੀ ਜਨਮ ਸਾਖੀ। ਇਸ ਦੇ ਪ੍ਰਚੱਲਤ ਹੋਣ ਦਾ ਕਾਰਨ ਹੈ ਪਿਛਲੀ ਡੇਢ ਸਦੀ ਤੋਂ ਗੁਰਦੁਆਰਿਆਂ ਵਿਚ ਭਾਈ ਸੰਤੋਖ ਸਿੰਘ ਦੇ ਲਿਖੇ ਸੂਰਜ ਪ੍ਰਕਾਸ਼ ਦੀ ਹੋ ਰਹੀ ਕਥਾ। ਇਸ ਜਨਮ ਸਾਖੀ ਦੇ ਹੱਥ ਲਿਖਤ ਉਤਾਰੇ ਬਹੁਤ ਮਿਲਦੇ ਹਨ ਅਤੇ ਛਾਪੇ ਖ਼ਾਨੇ ਵਾਲਿਆਂ ਨੇ ਵੀ ਵਾਰ-ਵਾਰ ਇਸੇ ਨੂੰ ਹੀ ਛਾਪਿਆ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮ ਸਾਖੀ ਦਾ ਹੀ ਪ੍ਰਚਾਰ ਸਭ ਤੋਂ ਵੱਧ ਹੋਇਆ ਹੈ। ਦੂਜੇ ਪਾਸੇ ਇਹ ਵੀ ਸੱਚ ਹੈ ਕਿ ਜਨਮ ਸਾਖੀਆਂ ਦੀ ਪ੍ਰਮਾਣਿਕਤਾ ਬਾਰੇ ਵੀ ਸਭ ਤੋਂ ਵੱਧ ਪਰਖ-ਪੜਚੋਲ, ਭਾਈ ਬਾਲੇ ਵਾਲੀ ਜਨਮ ਸਾਖੀ ਦੀ ਹੀ ਹੋਈ ਹੈ।

ਭਾਈ ਬਾਲੇ ਵਾਲੀ ਜਨਮ ਸਾਖੀ ਦੀ ਪਰਖ ਦੇ ਆਰੰਭਕ ਉਪਰਾਲੇ ਵਜੋਂ, ਸਿੰਘ ਸਭਾ ਦੇ ਸਮੇਂ 1884 ਈ: ਵਿਚ ਪ੍ਰੋ: ਗੁਰਮੁਖ ਸਿੰਘ ਜੀ ਨੇ 'ਜਨਮ ਕੁੰਡਲੀਆਂ' ਲੇਖ ਆਪਣੇ ਮਾਸਿਕ ਪਤ੍ਰਿਕਾ ਸੁਧਾਰਕ ਵਿਚ ਛਾਪਿਆ ਸੀ। ਪਰ ਠੋਸ ਆਲੋਚਨਾਤਮਿਕ ਅਧਿਐਨ ਦਾ ਮੁੱਢ ਸ. ਕਰਮ ਸਿੰਘ ਹਿਸਟੋਰੀਅਨ ਨੇ 1912 ਈ: ਵਿਚ, 'ਕੱਤਕ ਕਿ ਵੈਸਾਖ' ਲਿਖ ਕੇ ਬੰਨ੍ਹਿਆਂ ਸੀ। ਇਸੇ ਤਰ੍ਹਾਂ ਹੀ ਪੁਰਾਤਨ ਜਨਮ ਸਾਖੀਆਂ ਦੀ ਸਾਂਭ-ਸੰਭਾਲ ਅਤੇ ਮੁੜ ਸੰਪਾਦਨਾ ਦਾ ਕਾਰਜ ਭਾਈ ਵੀਰ ਸਿੰਘ ਨੇ 1926 ਈ: ਵਿਚ, ਵਲੈਤ ਵਾਲੀ ਜਨਮਸਾਖੀ ਅਤੇ ਹਾਫਜਾਵਾਦੀ ਜਨਮਸਾਖੀ, ਜੋ ਲਗਭਗ ਸਮਰੂਪ ਹੀ ਹਨ, ਦੇ ਆਧਾਰ 'ਤੇ ਪੁਰਾਤਨ ਜਨਮਸਾਖੀ ਦੀ ਸੰਪਾਦਨਾ ਕਰਕੇ ਆਰੰਭ ਦਿੱਤਾ ਸੀ। ਪਰ ਵਿਦਿਅਕ ਅਦਾਰਿਆਂ ਵਿਚ ਵੱਡੀ ਪੱਧਰ 'ਤੇ ਇਸ ਵਿਸ਼ੇ 'ਤੇ ਖੋਜ ਕਾਰਜ ਦਾ ਆਰੰਭ, ਗੁਰੂ ਨਾਨਕ ਜੀ ਦੇ ਪ੍ਰਕਾਸ਼ ਦੀ ਪੰਜਵੀਂ ਸ਼ਤਾਬਦੀ ਭਾਵ 1969 ਈ: ਦੇ ਆਸ-ਪਾਸ ਹੀ ਹੋਇਆ ਸੀ।

ਸ. ਕਰਮ ਸਿੰਘ ਹਿਸਟੋਰੀਅਨ ਜੀ ਲਿਖਦੇ ਹਨ, "ਭਾਈ ਬਾਲੇ ਵਾਲੀ ਜਨਮ ਸਾਖੀ ਦੀ ਪੁਰਾਣੀ ਤੋਂ ਪੁਰਾਣੀ ਕਾਪੀ ਜੋ ਮਿਲ ਸਕੀ ਹੈ, ਉਹ ਜਗਰਾਵੀਂ ਇਕ ਡੇਰੇ ਵਿਚੋਂ ਮਿਲੀ ਹੈ, ਇਸ ਦੇ ਲਿਖੇ ਜਾਣ ਦਾ ਸੰਮਤ 1781 ਮਿਤੀ ਮੱਘਰ ਵਦੀ ਦਸਮੀ ਹੈ। ਇਸ ਤੋਂ ਪਹਿਲਾਂ ਦੀ ਲਿਖੀ ਹੋਈ ਕਾਪੀ ਨਹੀਂ ਮਿਲਦੀ"। (ਪੰਨਾ 115) ਹੁਣ ਖੋਜੀ ਵਿਦਵਾਨਾਂ ਨੂੰ ਬਿਕ੍ਰਮੀ 1715 ਸੰਮਤ ਦੀ ਲਿਖੀ ਹੋਈ ਹੱਥ ਲਿਖਤ ਮਿਲੀ ਹੈ, ਜੋ ਸ੍ਰੀ ਪਿਆਰੇ ਲਾਲ ਕਪੂਰ, ਦੀ ਸੰਤਾਨ ਪਾਸ ਸੁਰਖਿਅਤ ਹੈ। ਹੁਣ ਤਾਈਂ ਮਿਲੀਆਂ ਹੱਥ ਲਿਖਤਾਂ 'ਚ ਇਹ ਸਭ ਤੋਂ ਪੁਰਾਣੀ ਹੱਥ ਲਿਖਤ ਮੰਨੀ ਗਈ ਹੈ। ਇਹ ਇਕੋ ਹੱਥ ਦੀ ਲਿਖਤ ਹੈ। ਇਸ ਦਾ ਲੇਖਕ ਲਾਹੌਰ ਨਿਵਾਸੀ ਗੋਰਖ ਨਾਥ ਹੈ। "ਸੰਮਤ 1715 ਮਾਘ ਸੁਦੀ 6 ਪੋਥੀ ਲਿਖੀ ਗੁਰ ਪ੍ਰਸਾਦ ਗੋਰਖ ਦਾਸ ਸੰਗਤ ਗੁਰੂ ਜਾਚਕ"। ਇਹ ਤਾਰੀਖ 18 ਜਨਵਰੀ 1659 ਈ: (ਜੂਲੀਅਨ) ਬਣਦੀ ਹੈ। ਪਰ ਇਸ ਜਨਮ ਸਾਖੀ ਦੇ ਆਰੰਭ ਵਿਚ ਹੀ ਇਸ ਦਾ ਲੇਖਕ ਲਿਖਦਾ ਹੈ, "ਜਨਮ ਸਾਖੀ ਸ੍ਰੀ ਗੁਰੂ ਬਾਬੇ ਨਾਨਕ ਜੀ ਕੀ ਸੰਮਤ 1582, ਪੰਦ੍ਰਾ ਸੈ ਬੈਆਸੀਆਂ ਮਿਤੀ ਵੈਸਾਖ ਸੁਦੀ ਪੰਚਮੀ ਪੋਥੀ ਲਿਖੀ"। ਇਹ ਤਾਰੀਖ 27 ਅਪ੍ਰੈਲ 1525 ਈ: ਬਣਦੀ ਹੈ। ਜਦੋਂ ਕਿ ਗੁਰੂ ਜੀ ਅੱਸੂ ਵਦੀ 10 ਸੰਮਤ 1596 ਬਿਕ੍ਰਮੀ (7 ਸਤੰਬਰ 1539 ਈ:) ਜੋਤੀ ਜੋਤ ਸਮਾਏ ਸਨ।

ਕੋਈ ਸਮਾਂ ਸੀ ਜਦੋਂ ਸਾਧਨਾਂ ਦੀ ਕਮੀ ਕਾਰਨ ਸਿੱਖਾਂ ਵਿਚ ਪੜ੍ਹਨ ਦੀ ਬਹੁਤੀ ਰੁਚੀ ਨਹੀਂ ਸੀ। ਆਪ ਪੜ੍ਹਨ ਅਤੇ ਪਰਖ ਪੜਚੋਲ ਦੀ ਬਜਾਏ, ਪ੍ਰਚਾਰਕਾਂ ਵੱਲੋਂ ਸੁਣਾਈਆਂ ਸਾਖੀਆਂ ਨੂੰ ਹੀ ਸੱਚ ਮੰਨ ਲਿਆ ਜਾਂਦਾ ਸੀ। ਅੱਜ ਸਾਡੇ ਪਾਸ ਬਹੁਤ ਸਾਰੇ ਸਾਧਨ ਹਨ ਅਤੇ ਪ੍ਰਚਾਰਕਾਂ ਦੀ ਨਵੀਂ ਪੀੜ੍ਹੀ, ਕੁਝ ਇਕ ਨੂੰ ਛੱਡ ਕੇ, ਪੜ੍ਹੀ-ਲਿਖੀ ਹੈ, ਜੋ ਇਤਿਹਾਸ 'ਚ ਦਰਜ ਸਾਖੀਆਂ ਨੂੰ ਗੁਰਬਾਣੀ ਦੀ ਕਸਵੱਟੀ ਅਤੇ ਵਿਗਿਆਨਕ ਨਿਯਮਾਂ ਨਾਲ ਪਰਖ ਪੜਚੋਲ ਕੇ ਪੇਸ਼ ਕਰਦੇ ਹਨ। ਪੜ੍ਹਨ-ਲਿਖਣ ਦੀ ਰੁਚੀ ਰੱਖਣ ਵਾਲੇ ਸੱਜਣ ਇਹ ਜਾਣਦੇ ਹਨ ਕਿ ਬਾਲੇ ਵਾਲੀ ਜਨਮ ਸਾਖੀ ਜੋ ਅੱਜ ਪ੍ਰਚਲਿਤ ਹੈ, ਇਹ ਗੁਰੂ ਅੰਗਦ ਦੇਵ ਜੀ ਵੱਲੋਂ ਲਿਖਾਈ, ਜਨਮ ਸਾਖੀ ਨਹੀਂ ਹੈ। ਬਹੁਗਿਣਤੀ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮ ਸਾਖੀ ਹੰਦਾਲੀਆਂ ਵੱਲੋਂ ਲਿਖਵਾਈ ਹੋਈ ਹੈ। ਇਸ ਵਿਚ ਹੰਦਾਲ ਨੂੰ ਗੁਰੂ ਜੀ ਤੋਂ ਵੱਡਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੋਈ ਹੈ। ਇਸ ਜਨਮ ਸਾਖੀ ਵਿਚ ਬੇਅੰਤ ਭੁੱਲਾਂ ਦੇ ਨਾਲ-ਨਾਲ ਗੁਰੂ ਜੀ ਦਾ ਨਿਰਾਦਰ ਕਰਨ ਵਾਲੀਆਂ ਸਾਖੀਆਂ ਵੀ ਦਰਜ ਹਨ। ਜਿਵੇਂ ਕਿ ਮਝੌਤ ਵਾਲੀ (57) ਅਤੇ ਸਹਿਜ ਕੁਸਹਿਜ ਵਾਲੀ ਸਾਖੀ (75)।

ਹੰਦਾਲ ਦਾ ਜਨਮ, ਸੰਮਤ 1630 ਬਿਕ੍ਰਮੀ ਵਿਚ ਹੋਇਆ ਸੀ। "ਸੰਮਤ 1630 ਵਿਸਾਖ ਸੁਦੀ ਪੂਰਨਮਾਸ਼ੀ ਸਵਾਂਤੀ ਨਿਛੱਤ੍ਰ ਡੇਢ ਪਹਿਰ ਰਾਤ ਰਹਿੰਦੀ ਐਤਵਾਰ ਗੁਰੂ ਜੀ ਦਾ ਜਨਮ ਹੋਇਆ" (ਸ੍ਰੀ ਗੁਰੂ ਹੰਦਾਲ ਪ੍ਰਕਾਸ਼, ਪੰਨਾ 31) (ਯਾਦ ਰਹੇ ਵੈਸਾਖ ਸੁਦੀ ਪੂਰਨਮਾਸ਼ੀ ਨੂੰ 17 ਅਪ੍ਰੈਲ ਦਿਨ ਸ਼ੁੱਕਰਵਾਰ ਸੀ, ਨਾਕਿ ਐਤਵਾਰ) ਹੰਦਾਲ ਦੀ ਮੌਤ ਸੰਮਤ 1705 ਬਿਕ੍ਰਮੀ ਨੂੰ ਹੋਈ ਸੀ। ਇਸ ਦੇ ਪੁੱਤਰ ਬਿਧੀ ਚੰਦ ਦਾ ਜਨਮ ਸੰਮਤ 1660 ਬਿਕ੍ਰਮੀ ਅਤੇ ਮੌਤ ਸੰਮਤ 1715 ਬਿਕ੍ਰਮੀ ਨੂੰ ਹੋਈ ਸੀ। ਬਾਲ ਚੰਦ, ਬਿਧੀ ਚੰਦ ਤੋਂ 3 ਸਾਲ ਦਾ ਸੀ। ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਬਾਲ ਚੰਦ ਹੀ ਬਾਲਾ ਹੈ।

ਡਾ. ਗੁਰਬਚਨ ਕੌਰ ਜੀ ਲਿਖਦੇ ਹਨ, "ਬਾਲਾ, ਇਸ ਜਨਮ ਸਾਖੀ ਦਾ ਵਿਸ਼ੇਸ਼ ਪਾਤਰ ਹੈ, ਜੋ ਗੁਰੂ ਨਾਨਕ ਜੀ ਦਾ ਸਾਥੀ ਹੋਣ ਦਾ ਦਾਅਵਾ ਕਰਦਾ ਹੈ ਤੇ ਆਪਣੇ ਆਪ ਨੂੰ ਗੁਰੂ ਅੰਗਦ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਨਾਨਕ ਦੀ ਜੀਵਨੀ ਲਿਖਾਉਣ ਵਾਲਾ ਸਿੱਧ ਕਰਦਾ ਹੈ। ਪਰ ਜਨਮ ਸਾਖੀ ਦੀਆਂ ਅੰਦਰਲੀਆਂ ਗਵਾਈਆਂ ਦੇ ਆਧਾਰ ਉੱਤੇ ਸਿੱਧ ਕੀਤਾ ਗਿਆ ਹੈ ਕਿ ਇਹੋ ਜਿਹਾ ਕੋਈ ਇਤਿਹਾਸਕ ਵਿਅਕਤੀ ਨਹੀਂ ਹੋਇਆ, ਸਗੋਂ ਇਸ ਸਾਰੇ ਖੜ ਜੰਤਰ ਨੂੰ ਰਚਣ ਦਾ ਕੰਮ, ਬੜੀ ਚਤਰਾਈ ਨਾਲ, ਹੰਦਾਲ ਦੇ ਜੇਠੇ ਲੜਕੇ 'ਬਾਲ ਚੰਦ ਨੇ ਕੀਤਾ ਹੈ। ਇਹ ਇਕ ਨਵੀਂ ਲੱਭਤ ਹੈ"। (ਜਨਮ ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਣ ਤੇ ਆਲੋਚਨਾਤਮਿਕ ਸੰਪਾਦਨ, ਪੰਨਾ 146)

(1987 ਈ: ਛੱਪੀ ਸੀ 27 ਮਈ 2015 ਈ: ਵਿਚ ਫੂਕੀ ਗਈ ਸੀ)

ਡਾ. ਗੁਰਬਚਨ ਕੌਰ ਜੀ ਲਿਖਦੇ ਹਨ, "ਬਾਲਾ, ਇਸ ਜਨਮ ਸਾਖੀ ਦਾ ਵਿਸ਼ੇਸ਼ ਪਾਤਰ ਹੈ, ਜੋ ਗੁਰੂ ਨਾਨਕ ਜੀ ਦਾ ਸਾਥੀ ਹੋਣ ਦਾ ਦਾਅਵਾ ਕਰਦਾ ਹੈ ਤੇ ਆਪਣੇ ਆਪ ਨੂੰ ਗੁਰੂ ਅੰਗਦ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਨਾਨਕ ਦੀ ਜੀਵਨੀ ਲਿਖਾਉਣ ਵਾਲਾ ਸਿੱਧ ਕਰਦਾ ਹੈ। ਪਰ ਜਨਮ ਸਾਖੀ ਦੀਆਂ ਅੰਦਰਲੀਆਂ ਗਵਾਈਆਂ ਦੇ ਆਧਾਰ ਉੱਤੇ ਸਿੱਧ ਕੀਤਾ ਗਿਆ ਹੈ ਕਿ ਇਹੋ ਜਿਹਾ ਕੋਈ ਇਤਿਹਾਸਕ ਵਿਅਕਤੀ ਨਹੀਂ ਹੋਇਆ, ਸਗੋਂ ਇਸ ਸਾਰੇ ਖੜ ਜੰਤਰ ਨੂੰ ਰਚਣ ਦਾ ਕੰਮ, ਬੜੀ ਚਤਰਾਈ ਨਾਲ, ਹੰਦਾਲ ਦੇ ਜੇਠੇ ਲੜਕੇ 'ਬਾਲ ਚੰਦ ਨੇ ਕੀਤਾ ਹੈ। ਇਹ ਇਕ ਨਵੀਂ ਲੱਭਤ ਹੈ"। (ਜਨਮ ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਣ ਤੇ ਆਲੋਚਨਾਤਮਿਕ ਸੰਪਾਦਨ, ਪੰਨਾ 146)

ਕਵੀ ਸੰਤੋਖ ਸਿੰਘ ਨੇ ਆਪਣੇ ਗ੍ਰੰਥ 'ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਦ' ਦੇ 37ਵੇਂ ਅਧਿਆਇ "ਨਾਨਕ ਪ੍ਰਕਾਸ਼ ਕਿਨ੍ਹਾਂ ਪੁਸਤਕਾਂ ਤੋਂ ਬਣਿਆ" ਵਿਚ ਆਪਣੇ ਸਰੋਤਾਂ ਦਾ ਜ਼ਿਕਰ ਕਰਦੇ ਲਿਖਦੇ ਹਨ:

ਪੂਰਬ ਪੋਥੀ ਜੋ ਲਿਖੀ ਸ੍ਰੀ ਨਾਨਕ ਇਤਿਹਾਸ। ਲਿਖਵਾਈ ਅੰਗਦ ਗੁਰੂ ਬਾਲੇ ਬਦਨ ਪ੍ਰਕਾਸ਼॥ 13॥

ਉਪਰੋਕਤ ਪੰਗਤੀ ਤੋਂ ਸਪੱਸ਼ਟ ਹੈ ਕਿ ਕਵੀ ਭਾਈ ਸੰਤੋਖ ਸਿੰਘ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਜ਼ਿਕਰ ਕਰ ਰਹੇ ਹਨ, ਜੋ ਇਨ੍ਹਾਂ ਦਾ ਇਤਿਹਾਸਕ ਸਰੋਤ ਹੈ। ਇਸ ਤੋਂ ਅੱਗੇ ਕਵੀ ਜੀ, ਹੰਦਾਲ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਹੰਦਾਲ ਦੇ ਘਰ ਇਕ ਨੀਚ ਪੈਦਾ ਹੋ ਗਿਆ। ਜਿਸ ਦੇ ਹੱਥ ਗੁਰੂ ਅੰਗਦ ਜੀ ਵੱਲੋਂ ਲਿਖਵਾਈ ਪੋਥੀ ਆ ਗਈ। ਉਸ ਨੇ ਇਕ ਕਬੀਰ ਪੰਥੀ ਨਾਲ ਮਿਲ ਕੇ ਮਿਲਾਵਟੀ ਪੋਥੀ ਤਿਆਰ ਕਰ ਦਿੱਤੀ, ਜਿਸ ਵਿਚ ਉਸ ਨੇ ਹੰਦਾਲ ਦੀ ਵਡਿਆਈ ਕੀਤੀ ਅਤੇ ਗੁਰੂ ਨਾਨਕ ਜੀ ਸਬੰਧੀ ਅਯੋਗ ਸਾਖੀਆਂ ਇਸ ਆਸ ਨਾਲ ਲਿਖ ਦਿੱਤੀਆਂ ਕਿ ਗੁਰੂ ਦੇ ਸਿੱਖ ਸਾਨੂੰ ਮੰਨਣ ਲੱਗ ਪੈਣਗੇ। ਅਸਲ ਪੋਥੀ ਨੂੰ ਪਾੜ ਕੇ ਬਿਆਸ ਦਰਿਆ ਦੇ ਸਪੁਰਦ ਕਰ ਦਿੱਤਾ।

ਹਮਕੋ ਮਨਹਿੰਗੇ ਬਹੁ ਮਾਨਵ। ਲਿਖੀ ਅਧਿਕਤਾ ਉਰ ਆਨਵ।

ਪੂਰਬ ਪੋਥੀ ਹੁਤੀ ਜੋ ਸੋਈ ਦਈ ਬਿਆਸ ਬੀਚ ਡਬੋਇ॥ 27॥

ਪੰਨੇ ਛੇਦੇ ਦਈ ਬਹਾਈ। ਜੋ ਸ੍ਰੀ ਗੁਰੂ ਅੰਗਦ ਲਿਖਵਾਈ।

ਤਿਹ ਕੋ ਤਾਤਪਰਜ ਸਭਿ ਚੀਨੇ। ਅਧਿਕ ਬਚਨ ਅਪਨੇ ਲਿਖਿ ਦੀਨੇ॥ 28॥

ਕਵੀ ਸੰਤੋਖ ਸਿੰਘ ਦੀ ਉਪਰੋਕਤ ਲਿਖਤ ਤੋਂ ਇਹ ਸਪੱਸ਼ਟ ਹੈ, ਕਵੀ ਦੀ ਜਾਣਕਾਰੀ ਦਾ ਵਸੀਲਾ ਭਾਈ ਬਾਲੇ ਵਾਲੀ ਮਿਲਾਵਟੀ ਜਨਮ ਸਾਖੀ ਹੈ। "ਕਰਿ ਕੁਕਰਮ ਅਨਸ਼ੋਧ ਬਨਾਈ ਅਪਨ ਵਡਿਨ ਕੀ ਕੀਰਤਿ ਪਾਈ"। ਕਵੀ ਜੀ ਲਿਖਦੇ ਹਨ ਕਿ ਹੰਦਾਲੀਆਂ ਨੇ ਅਸਲ ਜਨਮ ਸਾਖੀ ਨੂੰ ਪਾੜ ਕੇ ਬਿਆਸ ਦਰਿਆ 'ਚ ਰੋੜ ਦਿੱਤਾ ਸੀ। ਜੇ ਇਹ ਸੱਚ ਹੈ ਤਾਂ ਇਹ ਘਟਨਾ ਸੰਮਤ 1715 ਬਿਕ੍ਰਮੀ (1658 ਈ:) ਤੋਂ ਪਹਿਲਾ ਦੀ ਹੀ ਹੋ ਸਕਦੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਕਵੀ ਜੀ ਖ਼ੁਦ ਮੰਨਦੇ ਹਨ ਕਿ ਉਨ੍ਹਾਂ ਦਾ ਸਰੋਤ ਹੰਦਾਲੀਆਂ ਵਾਲੀ ਮਿਲਾਵਟੀ ਜਨਮ ਸਾਖੀ ਹੈ, ਤਾਂ ਉਨ੍ਹਾਂ ਦੀ ਲਿਖਤ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿਸ਼ਵਾਸ ਯੋਗ ਕਿਵੇਂ ਮੰਨੀ ਜਾ ਸਕਦੀ ਹੈ?

ਇਸ ਜਨਮ ਸਾਖੀ ਬਾਰੇ ਕਰਮ ਸਿੰਘ ਹਿਸਟੋਰੀਅਨ ਦੀ ਖੋਜ ਦਾ ਤੱਤ ਸਾਰ, "ਪਾਠਕ ਜੀ! ਮੈਂ ਭਾਈ ਗੁਰਮੁਖ ਸਿੰਘ ਜੀ ਸਵਰਗਵਾਸੀ ਨਾਲ ਇਕ ਸੁਰ ਹੋ ਦੁਹਾਈ ਦੇ ਕੇ ਆਖਦਾ ਹਾਂ ਕਿ ਇਹ ਸਾਖੀ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਜਾਲੀ ਹੈ, ਝੂਠੀ ਹੈ, ਬਨਾਉਟੀ ਹੈ, ਨਿੰਦਿਆ ਨਾਲ ਭਰੀ ਪਈ ਹੈ, ਸੁਨਣ ਦੇ ਯੋਗ ਨਹੀ, ਦੇਖਣ ਦੇ ਕੰਮ ਨਹੀਂ, ਮੰਨਣ ਦੇ ਲੈਕ ਨਹੀਂ, ਏਸ ਨੂੰ ਬੰਨ੍ਹ ਕੇ ਅਜਿਹੇ ਥਾਂ ਪੁਚਾਉਣਾ ਚਾਹੀਏ ਜਿਥੋਂ ਇਸ ਦਾ ਖੁਰਾ ਖੋਜ ਨਾ ਮਿਲੇ"। (ਕੱਤਕ ਕਿ ਵਿਸਾਖ- ਪੰਨਾ 131)

ਪੁਰਾਤਨ ਜਨਮ ਸਾਖੀਆਂ, ਪੋਥੀ ਸੱਚ ਖੰਡ (1619 ਈ:), ਜਨਮ ਪਤ੍ਰੀ ਬਾਬੇ ਜੀ ਕੀ (1597 ਈ:) ਅਤੇ ਸਾਖੀ ਮਹਿਲ ਪਹਿਲੇ ਕੀ (1574 ਈ:) ਵਿਚ ਕਿਤੇ ਵੀ ਭਾਈ ਬਾਲੇ ਦਾ, ਗੁਰੂ ਨਾਨਕ ਜੀ ਦੇ ਨਿਕਟਵਰਤੀ ਵਜੋਂ ਜ਼ਿਕਰ ਨਹੀਂ ਹੈ। ਸਪੱਸ਼ਟ ਹੈ ਕਿ ਭਾਈ ਬਾਲੇ ਨਾਮ ਦਾ ਕੋਈ ਵਿਅਕਤੀ ਗੁਰੂ ਨਾਨਕ ਦੇਵ ਜੀ ਦਾ ਨਿਕਟਵਰਤੀ ਨਹੀਂ ਸੀ। ਭਾਈ ਬਾਲੇ ਵਾਲੀ ਮੌਜੂਦਾ ਜਨਮ ਸਾਖੀ, ਗੁਰੂ ਅੰਗਦ ਦੇਵ ਜੀ ਵੱਲੋਂ ਲਿਖਵਾਈ ਹੋਈ ਨਹੀਂ ਹੈ। ਇਸ ਜਨਮਸਾਖੀ ਦੇ ਆਰੰਭ ਵਿਚ ਲਿਖੀ ਤਾਰੀਖ ਇਸ ਨੂੰ, ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਲਗਭਗ 14 ਸਾਲ ਪਹਿਲਾ ਦੀ ਲਿਖੀ ਦੱਸ ਰਹੀ ਹੈ। ਇਸ ਦੇ ਆਰੰਭ ਵਿਚ ਲਿਖਿਆ ਸਾਲ (1582) ਅਤੇ ਅੰਤ ਵਿਚ ਦਰਜ ਇਸ ਦੇ ਲਿਖੇ ਜਾਣ ਦੇ ਸਾਲ (1715) ਵਿਚ 133 ਸਾਲ ਦਾ ਫਰਕ ਹੈ। "੧ਓ ਸਤਿਗੁਰ ਪ੍ਰਸਾਦਿ ਜਨਮ ਸਾਖੀ ਸ੍ਰੀ ਗੁਰੂ ਬਾਬੇ ਨਾਨਕ ਜੀ ਕੀ - ਸੰਮਤ 1582 ਪੰਦ੍ਰਹ ਸੈ ਬਿਆਸੀਆਂ ਮਿਤੀ ਵੈਸਾਖ ਸੁਦੀ ਪੰਚਮੀਂ" ਪੋਥੀ ਲਿਖੀ ਪੈੜੇ ਮੋਖੇ ਸੁਲਤਾਨਪੁਰ ਕੇ ਖਤਰੀ" ਗੁਰੂ ਅੰਗਦ ਲਖਵਾਈ ਪੈੜਾ ਮੋਖਾ ਬਾਲੇ ਸੰਧੂ ਜਟੇਟੇ ਨਾਲਿ ਰਾਇ ਭੋਏ ਦੀ ਤਲਵੰਡੀ ਆਇਆ ਆਹਾ। ਗੁਰੂ ਅੰਗਦ ਜੀ ਨੌ ਡੂਢਿ ਕੈ ਲਧਾ ਆਹਾ ਦੂਇ ਮਹੀਨੇ ਸਤਾਰਹ ਦਿਨ ਲਿਖਦਿਆ ਲਗੇ ਅਹੇ। ਜੋ ਹਕੀਕਤ ਜਿਥੇ ਜਿਥੇ ਫਿਰੇ ਆਹੈ ਤਿਥੋ ਤਿਥੋ ਦੀ ਹਕੀਕਤ ਸਹਜਿ ਨਾਲ ਭਾਈ ਬਾਲੇ ਲਖਾਈ। ਬਾਲੇ ਉਪਰਿ ਗੁਰੂ ਅੰਗਦ ਬਹੁਤੁ ਖੁਸੀ ਹੋਇਆ। ਭਾਈ ਬਾਲੇ ਅਤੇ ਮੁਰਦਾਨਾ ਰਬਾਬੀ ਨਾਲਿ ਫਿਰੇ ਆਹਾ ਮੋਦੀਖਾਨੇ ਕੇ ਝਖਤ, ਬਾਲਾ ਨਾਲੇ ਆਹਾ। ਸਭ ਤੋਂ ਮਹੱਤਵਪੂਰਨ ਸਵਾਲ ਹੈ, ਗੁਰੂ ਅੰਗਦ ਦੇਵ ਜੀ ਵੱਲੋਂ ਭਾਈ ਬਾਲੇ ਨੂੰ ਪੁੱਛਣਾ, "ਸਿਖਾ ਕਿਥੋਂ ਆਇਓ ਸੁ ਕਿਵ ਕਰਿ ਆਵਣ ਹੋਇਆ ਹੈ ਜੀ। ਕਉਣ ਹੁੰਦੇ ਹੋ"? ਕੀ ਇਸ ਜਨਮ ਸਾਖੀ ਦੇ ਅੰਦਰਲੀਆਂ ਗਵਾਈਆਂ ਹੀ ਇਸ ਨੂੰ ਰੱਦ ਕਰਨ ਲਈ ਕਾਫੀ ਨਹੀਂ ਹਨ? ਬਾਲਾ, ਇਕ ਕਾਲਪਨਿਕ ਪਾਤਰ ਹੈ ਅਤੇ ਉਸ ਦੇ ਨਾਮ ਨਾਲ ਜਾਣੀ ਜਾਂਦੀ ਮੌਜੂਦਾ ਜਨਮ ਸਾਖੀ ਝੂਠੀ ਅਤੇ ਜਾਹਲੀ ਹੈ। ਸਾਡਾ ਇਹ ਦਾਵਾ ਓਨਾਂ ਚਿਰ ਕਾਇਮ ਰਹੇਗਾ, ਜਿੰਨਾ ਚਿਰ ਸਬੰਧਿਤ ਧਿਰਾਂ ਸੰਮਤ 1596 ਬਿਕ੍ਰਮੀ (1539-40 ਈ:) ਦੀ ਲਿਖੀ ਹੋਈ ਭਾਈ ਬਾਲੇ ਦੀ ਅਸਲ ਲਿਖਤ ਪੇਸ਼ ਨਹੀਂ ਕੀਤੀ ਜਾਂਦੀ।

## ਅੰਮ੍ਰਿਤ ਦੀ ਦਾਤ

ਸੂਰਜ ਵਾਂਗੂੰ ਚਮਕੇ, ਚਿਹਰਾ ਹੱਥ ਫੜੀ ਤਲਵਾਰ।
ਇੱਕ ਸੀਸ ਦੀ ਲੋੜ ਹੈ ਮੈਨੂੰ, ਮੁੱਖ 'ਚੋਂ ਦਿੱਤਾ ਉਚਾਰ।
ਸੁਣ ਬੋਲ ਦਸਮ ਪਿਤਾ ਦੇ, ਸੰਗਤ ਹੋਈ ਠੰਡੀ ਠਾਰ।
ਰੋਟੀਆਂ ਕਾਰਣ ਪੂਰੇ ਤਾਲ ਜੋ, ਭੱਜੇ ਦੀਵਾਨੋਂ ਬਾਹਰ।
ਸੰਗਤ ਵਿਚੋਂ ਦਇਆ ਰਾਮ ਨੇ, ਉੱਠ ਕੇ ਅਰਜ ਗੁਜਾਰੀ।
ਸੀਸ ਮੇਰਾ ਹੈ ਹਾਜ਼ਰ ਗੁਰੂ ਜੀ, ਮੁੱਖ 'ਚੋਂ ਆਵਾਜ਼ ਉਚਾਰੀ।
ਉਸ ਤੋਂ ਧਰਮ ਚੰਦ ਤੇ ਫਿਰ, ਹਿੰਮਤ ਚੰਦ ਦੀ ਆਈ ਵਾਰੀ।
ਮੋਹਕਮ ਚੰਦ ਤੇ ਸਾਹਿਬ ਦਾਸ, ਉਠੇ ਕਰ ਹੁਸ਼ਿਆਰੀ।
ਬਾਜਾਂ ਵਾਲੇ ਅੰਮ੍ਰਿਤ ਦੇ ਜਦ, ਪੰਜ-ਪੰਜ ਘੁੱਟ ਛਕਾਏ।
ਤਨ ਦੇ ਉੱਪਰ ਪਹਿਨਣ ਦੇ ਲਈ, ਪੰਜ ਕਕਾਰ ਸਜਾਏ।
ਤੁਸੀਂ ਗੁਰੂ ਦੇ ਸਿੰਘ ਸੂਰਮੇ, ਇਹ ਮੁੱਖ 'ਚੋਂ ਬਾਕ ਸੁਣਾਏ।
ਅੱਜ ਤੋਂ ਨਾ ਖਾਲਸਾ ਤੇਰਾ, ਮਾਂ ਸਾਹਿਬ ਕੌਰ ਦੇ ਜਾਏ।
ਪੰਜਾਂ ਵਿਚ ਪਰਮੇਸ਼ਰ ਦੱਸ ਕੇ, ਹੈ ਆਖਰ ਗੁਜਾਰੀ।
ਦਾਤ ਅੰਮ੍ਰਿਤ ਦੀ ਬਖਸ਼ੋ ਮੈਨੂੰ, ਕਰਕੇ ਹੁਣ ਤਿਆਰੀ।
ਗੋਬਿੰਦ ਸਿੰਘ ਬਣਨ ਦੀ, ਆਈ ਹੈ ਹੁਣ ਮੇਰੀ ਵਾਰੀ।
ਕਿਰਪਾ ਕਰੋ ਮਿਹਰ ਦੀ ਐਸੀ, ਮੈਂ ਹੋਵਾ ਅੰਮ੍ਰਿਤ ਧਾਰੀ।
ਪੰਜਾਂ ਕੋਲੋਂ ਅੰਮ੍ਰਿਤ ਛੱਕ ਕੇ, ਆਪ ਬਣੇ ਅੰਮ੍ਰਿਤਧਾਰੀ।
ਆਪੇ ਗੁਰੂ, ਚੇਲਾ ਹੈ ਆਪੇ, ਇਹ ਐਸੀ ਖੇਡ ਚਿਤਾਰੀ।
ਨਿਸ਼ਾਨ ਧਰਮ ਦਾ ਉਚਾ ਕੀਤਾ, ਸਿੱਖੀ ਜਾਨੋਂ ਪਿਆਰੀ।
ਪੁੱਤਰਾਂ ਨਾਲੋਂ ਵੱਧ ਕੇ ਆਖੇ, ਸਿੱਖ ਕੌਮ ਹੈ ਪਿਆਰੀ।
ਧੰਨ ਧੰਨ ਦਸ਼ਮੇਸ਼ ਪਿਤਾ, ਤੂੰ ਐਸੀ ਕੌਮ ਬਣਾਈ।
ਸਵਾ ਲਖ ਨਾਲ ਕਲਾ ਕਲਾ, ਲੜਦੇ ਸਿੰਘ ਲੜਾਈ।
ਮੌਤ ਨਾ ਅੱਗੇ ਝੁਕੇ ਖਾਲਸਾ, ਮੌਤ ਹੈ ਸਗੋਂ ਚੁਕਾਈ।
"ਫਰਵਾਹੀ" ਤੂੰ ਨਾਲ ਕਲਮ ਦੇ, ਕੀ ਲਿਖੇ ਵਡਿਆਈ।

-ਗਿਆਨੀ ਸਤਪਾਲ ਸਿੰਘ ਫਰਵਾਹੀ
98147-32793



## ਮੱਕੇ ਦਾ ਪੀਰ ਨਾਨਕ ਸ਼ਾਹ ਫ਼ਕੀਰ

ਬਣਾ ਕੇ ਭੇਸ ਦਰਵੇਸ਼ ਦਾ, ਸੰਗ ਭਾਈ ਮਰਦਾਨਾ,
ਤੁਰ ਪਏ ਨੇ ਸੁਲਤਾਨਪੁਰੋਂ, ਮੱਕੇ ਦਾ ਸੇਧ ਨਿਸ਼ਾਨਾ।
ਪਾਕਪਟਨ ਤੋਂ ਸਾਂਭ ਲਈ, ਬਾਬੇ ਫਰੀਦ ਦੀ ਬਾਣੀ,
ਕਰਾਚੀਓਂ ਅੱਗੇ ਠਿਲ੍ਹ ਪਏ, ਫਿਰ ਸਮੁੰਦਰ ਥਾਣੀ।

ਜਾ ਪਹੁੰਚੇ ਜੇਦਾਹ ਸ਼ਹਿਰ, ਸਾਊਦੀ ਅਰਬ ਦੇ ਦੇਸ਼,
ਦੇਣ 'ਰੱਬ ਭਾਈ ਇੱਕ ਹੈ, ਨਾਮੁ ਜਪੋ ਦਾ ਉਪਦੇਸ਼।'
ਉੱਥੋਂ ਪੈਰੀਂ ਚਾਲੇ ਪਾ ਲਏ, ਵੱਲ ਪਾਕ ਪਵਿੱਤਰ ਮੱਕੇ,
ਹਾਜੀ ਜ਼ਿਆਰਤ ਕਰਦੇ, ਜਿੱਥੇ ਮੁਸਲਮਾਨ ਹੋ ਪੱਕੇ।

ਮੁਕਾਇਆ ਲੰਬਾ ਪੈਂਡਾ, ਬਾਬੇ ਮੱਕੇ ਜਾ ਲਾਏ ਡੇਰੇ,
ਸੁੱਟ ਮੁਸੱਲਾ ਲੇਟ ਗਏ, ਝੱਟ ਆ ਮੌਲਵੀਆਂ ਘੇਰੇ।
ਅਖੇ 'ਉੱਠ ਓਏ ਕਾਫ਼ਰਾ, ਕਿਉਂ ਪੈਰ ਕਾਬੇ ਨੂੰ ਕੀਤੇ?
ਉਧਰ ਖੁਦਾ ਵੱਸਦਾ, ਤੂੰ ਪਾਪਾਂ ਦੇ ਛਾਬੇ ਭਰ ਲੀਤੇ।'

ਅੱਗ ਭਬੂਲੇ ਮੌਲਵੀ ਨੂੰ, ਕਹੇ ਬਾਬਾ ਸ਼ਾਂਤ ਹੋ ਜਾਵੋ,
'ਜਿਧਰ ਰੱਬ ਨਾ ਵਸੇ, ਉੱਧਰ ਚੁੱਕ ਪੈਰ ਖਿਸਕਾਵੋ।'
ਗੁੱਸੇ 'ਚ ਆਏ ਖਾਦਿਮਾਂ, ਫਿਰ ਚੁੱਕ ਲੱਤਾਂ ਘੁੰਮਾਏ,
ਨਾਲੇ ਕਾਬਾ ਘੁੰਮਦਾ, ਮੌਲਵੀ ਤੱਕਦਿਆਂ ਚਕਰਾਏ।

ਢਹਿ ਪਏ ਚਰਨਾਂ 'ਤੇ, ਕਹਿਣ ਗੁਨਾਹ ਸਾਡੇ ਬਖਸ਼ੋ,
ਭੁੱਲ ਚੁੱਕ ਕਰੋ ਮਾਫ਼, ਨਜ਼ਰ ਏ ਰਹਿਮਤਾਂ ਬਖਸ਼ੋ।
ਤਰਕ ਦੇ ਕੇ ਸਮਝਾਏ, ਇੱਕ ਥਾਂਹ ਨਹੀਂ ਬੱਝਿਆ,
ਖੁਦਾ ਵਸੇ ਹਿਆਲੀਐਂ, ਜਿਨ੍ਹਾਂ ਟੋਲ੍ਹਿਆ ਲੱਭਿਆ।

ਵੰਡਕੇ ਸੰਦੇਸ਼ ਮੱਕੇ ਤੋਂ, ਪਾਏ ਮਦੀਨੇ ਵਲ ਨੂੰ ਚਾਲੇ,
ਭੁੱਲੇ ਨੂੰ ਰਾਹ ਪਾਣ ਦੀ, ਤੀਬਰ ਚਾਹਤ ਸੀ ਹਾਲੇ।
ਕੁਵੈਤ ਬਸਰਾ ਕਰਬਲਾ, ਬਗਦਾਦ ਨੂੰ ਤੁਰਦੇ ਜਾਂਦੇ,
ਜਪਦੇ ਜਾਂਦੇ ਨਾਮੁ ਖੁਦ, ਨਾਲੇ ਹੋਰਾਂ ਨੂੰ ਜਪਾਉਂਦੇ।

ਇਰਾਨ ਤੁਰਕਸਤਾਨ ਤੋਂ, ਕਾਬੁਲ ਵੱਲ ਨੂੰ ਮੋੜੇ ਪਾਏ,
ਕਰ ਕੇ ਪਰਿਪੱਕ ਸਿੱਖੀ, ਅਬਦਾਲ ਹਸਨ ਸਿਧਾਏ।
ਸਿਤਾਉਂਦਾ ਵਲੀ ਕੰਧਾਰੀ, ਸੁਣਾਏ ਲੋਕਾਂ ਦੁੱਖ ਡਾਢੇ,
ਲਾ ਪੰਜਾ ਪਹਾੜੀ 'ਤੇ, ਗੁਰੂਆਂ ਝੀਲ ਨੂੰ ਲਾਏ ਵਾਢੇ।

-ਸੇਵਾ ਸਿੰਘ ਨੂਰਪੁਰੀ



## ਮਾਂ ਬੋਲੀ ਪੰਜਾਬੀ

ਸਾਨੂੰ ਮਾਣ ਹੈ ਪੰਜਾਬੀ ਹੋਣ ਦਾ
ਅਸੀਂ ਬੰਦ ਬੰਦ ਕੌਮ ਲਈ ਵਾਰ ਦਿੱਤੇ
ਗੁਰੂਆਂ ਪੀਰਾਂ ਨੇ ਬਖਸ਼ੀ ਖੂਬ ਦੌਲਤ
ਪੂਰੀ ਦੁਨੀਆਂ ਨੂੰ ਉੱਚੇ ਵਿਚਾਰ ਦਿੱਤੇ।
ਪੈਂਤੀ ਅੱਖਰਾਂ ਵਿਚ ਇਹਦਾ ਰਸ ਘੁਲਿਆ
ਇਲਾਹੀ ਸ਼ਬਦਾਂ ਵਿਚੋਂ ਆਨੰਦ ਮਿਲਦਾ
ਇਨਸਾਨੀਅਤ ਦਾ ਕੀਤਾ ਪ੍ਰਚਾਰ ਭਗਤਾਂ
ਸੰਮਤਾ ਏਕਤਾ ਵਾਲਾ ਪ੍ਰਬੰਧ ਮਿਲਦਾ।
ਰਿਗਵੇਦ ਤਕ ਇਹਦਾ ਜੁੜੇ ਨਾਤਾ
ਨਾਥਾਂ ਜੋਗੀਆਂ ਵੀ ਕੀਤੇ ਵਿਚਾਰ ਕਈ
ਬਾਬਾ ਫਰੀਦ, ਵਾਰਿਸ ਤੇ ਸਾਂਈ ਬੁੱਲ੍ਹੇ
ਪੰਜਾਬੀ ਵਿਰਸੇ ਨੂੰ ਦੇ ਗਏ ਸਤਿਕਾਰ ਕਈ।
ਕੁਲ ਦੁਨੀਆਂ ਵਿਚ ਅਜ ਵਸੇ ਪੰਜਾਬੀ
ਪਹਿਲੇ ਦਸਾਂ ਵਿਚ ਆਏ ਨਾਮ ਇਹਦਾ
ਦੁਨਿਆਵੀ ਤਾਕਤਾਂ ਜਿਹੜੇ ਨੇ ਲਈ ਬੈਠੇ
ਮਾਣ ਕਰਦੇ ਨੇ ਬਣ ਮਹਿਮਾਨ ਇਹਦਾ।
ਗੁਰੂ ਅਰਜਨ ਨੇ ਆਦਿ ਗਰੰਥ ਰਚਕੇ
ਮਾਰਗ ਉੱਚੇ 'ਤੇ ਜਗਤ ਨੂੰ ਤੋਰ ਦਿੱਤਾ
ਗੁਰਮੁਖੀ ਲਿੱਪੀ ਦੀ ਕਰ ਪ੍ਰਯੋਗ ਉਹਨਾਂ
ਬਣਾ ਜਹਾਨ ਨੂੰ ਹੋਰ ਤੋਂ ਹੋਰ ਦਿੱਤਾ।
ਰਚਨਾਕਾਰਾਂ ਨੂੰ ਮਿਲੇ ਵਡਿਆਈ ਰੱਜ ਕੇ
ਵੰਡਦੇ ਲਿਖਤਾਂ ਨਾਲ ਰੌਸ਼ਨ ਚਿਰਾਗ ਜਿਹੜੇ
ਬਾਲ ਲਿਖਾਰੀਆਂ ਨੂੰ ਕਰਾਂ ਨਮਨ ਰੱਜਕੇ
ਉੱਚੇ ਗੁਣਾਂ ਦਾ ਲਾਉਂਦੇ ਜਾਗ ਜਿਹੜੇ।
ਰੌਚਕ ਸਾਹਿਤ ਨਾਲ ਪਏ ਪ੍ਰੀਤ ਮਨ ਵਿਚ
ਆਓ ਪੜ੍ਹੀਏ ਪੰਜਾਬੀ ਦੀਆਂ ਪੋਥੀਆਂ ਨੂੰ
ਉਮਰ ਗੁੱਟ ਅਨੁਸਾਰ ਮਿਲਣ ਪੁਸਤਕ ਜੇ
ਮਿਲ ਜਾਏ ਤੇਲ ਚਿਰਾਗਾਂ ਦੀਆਂ ਜੋਤੀਆਂ ਨੂੰ
ਕਰਾਂ ਯਾਦ ਮੈਂ ਲਛਮਣ ਸਿੰਘ ਗਿੱਲ ਤਾਈਂ
ਮਾਤ ਭਾਸ਼ਾ ਪਟਰਾਣੀ ਬਣਾਈ ਜਿਹਨੇ
ਐੱਮ.ਐੱਸ. ਰੰਧਾਵਾ ਜਿਹਾ ਸਪੂਤ ਸੱਚਾ
ਪੇਂਡੂ ਸ਼ਹਿਰਾਂ ਵਿਚ ਬਣਤ ਬਣਾਈ ਜਿਹਨੇ।
ਧਰਤ ਮਾਤਾ 'ਤੇ ਮਾਂ ਜਨਣੀ ਨਾਲ ਪਛਾਣ ਤੇਰੀ
ਮਾਤ ਭਾਸ਼ਾ ਦਾ ਕਰ ਸਤਿਕਾਰ ਰੱਜ ਕੇ
ਇਹਨਾਂ ਤਿੰਨਾਂ ਦੀ ਕਰਨ ਨਾ ਕਦਰ ਜਿਹੜੇ
ਮਿਲੇ ਇਜ਼ਤ ਨਾ ਜਾਨ ਬਚਾਉਣ ਭੱਜ ਕੇ।
ਮਾਤ ਭਾਸ਼ਾ ਦਾ ਜੇ ਗਿਆਨ ਹੋਵੇ
ਹਰ ਭਾਸ਼ਾ ਹੈ ਸਿੱਖੀ ਜਾ ਸਕਦੀ
ਹਰ ਤਖਤੀ 'ਤੇ ਦਿਸੇ ਸ਼ਾਨ ਇਸਦੀ
ਹਰ ਜੰਗ ਫਿਰ ਜਿੱਤੀ ਜਾ ਸਕਦੀ।
ਨਿਆਂ ਰੁਜ਼ਗਾਰ ਤੇ ਵਪਾਰ ਦੀ ਬਣੇ ਰਾਣੀ
ਇਹੋ ਮੰਗ ਮੈਂ ਹਰ ਥਾਂ ਮੰਗਦਾ ਹਾਂ
ਦੇਸ਼ ਵਿਦੇਸ਼ ਵਿਚ ਬੜਾ ਨਾਮ ਕੀਤਾ
ਪੰਜਾਬੀ ਬੋਲਦਾ ਕਦੀ ਨਾ ਸੰਗਦਾ ਹਾਂ।
ਮਾਂ ਬੋਲੀ ਪੰਜਾਬੀ ਦੇ ਵਾਰਸੋ ਵੇ
ਮੁੱਲ ਹੀਰੇ ਦਾ ਨਾ ਗੁਆਈ ਜਾਵੋ
ਹਾਕਮ ਭੁੱਲੇ ਨੇ ਜਿਹੜੇ ਫਰਜ਼ਾਂ ਨੂੰ
'ਮਾਨ' ਦਰਾਂ 'ਤੇ ਅਲਖ ਜਗਾਈ ਜਾਵੋ।

-ਬਲਜਿੰਦਰ ਮਾਨ
98150-18947



## ਠੰਡਾ ਬੁਰਜ ਤੇ ਠੰਡੀਆਂ ਰਾਤਾਂ

ਠੰਡਾ ਬੁਰਜ ਤੇ ਠੰਡੀਆਂ ਰਾਤਾਂ ਠੰਡੀ ਵਗੇ ਹਵਾ।
ਦਾਦੀ ਮਾਂ ਪੋਤਿਆਂ ਨੂੰ ਬੈਠੀ ਘੁੱਟ ਕਲੇਜੇ ਲਾ।

ਸਰਸਾ ਨਦੀ 'ਤੇ ਪਏ ਵਿਛੋੜੇ
ਪ੍ਰੀਵਾਰ ਵਿਛੜ ਗਿਆ ਸਾਰਾ
ਗੰਗੂ ਰਸੋਈਏ ਨੇ ਘਰ ਰੱਖਕੇ
ਦਗਾ ਕਮਾਇਆ ਭਾਰਾ
ਸਹਿਰ ਮੋਰਿੰਡੇ ਥਾਣੇ ਜਾਕੇ
ਲਿਆਇਆ ਪੁਲਿਸ ਚੜ੍ਹਾਅ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ...।

ਜੋਰਾਵਰ ਤੇ ਫਤਹਿ ਸਿੰਘ ਦੋ
ਤੀਜੀ ਮਾਤ ਸੀ ਗੁਜਰੀ
ਪੋਹ ਦੀਆਂ ਰਾਤਾਂ ਬਿਨਾਂ ਰਜਾਈਆਂ
ਕਿਵੇਂ ਰਾਤ ਸੀ ਗੁਜਰੀ
ਪਿਉ ਦਾਦੇ ਦੀਆਂ ਬੀਰਤਾ
ਭਰੀਆਂ ਬਾਤਾਂ ਰਹੀ ਸੁਣਾ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ ...।

ਮੋਤੀ ਮਹਿਰੇ ਪੁੰਨ ਕਮਾਇਆ
ਦੁੱਧ ਪਿਲਾਉਂਦਾ ਜਾਕੇ
ਤਿੰਨਾਂ ਦੇ ਨਾਲ ਦੁੱਖ-ਸੁੱਖ ਕਰਦਾ
ਠੰਡੇ ਬੁਰਜ 'ਚ ਆਕੇ
ਸਰਹੰਦ ਸਹਿਰ ਵਿਚ ਖਾਨ ਵਜੀਦਾ
ਰਿਹਾ ਜ਼ੁਲਮ ਸੀ ਢਾਹ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ ...।

ਹੱਥਕੜੀਆਂ ਲਾ ਬੱਚਿਆਂ ਤਾਈਂ
ਲੈਗੇ ਵਿੱਚ ਕਚਿਹਰੀ
ਇਸਲਾਮ ਕਬੂਲ ਕਰਨ ਲਈ ਕਹਿੰਦੇ
ਸਿੱਖ ਧਰਮ ਦੇ ਵੈਰੀ
ਸਾਹਿਬਜ਼ਾਦਿਆਂ ਜਾਕੇ
ਦਿੱਤੀ ਗੱਜਕੇ ਫਤਹਿ ਬੁਲਾ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ ...।

ਨਵਾਬ ਮਲੇਰਕੋਟਲੇ ਵਾਲੇ ਨੇ ਜਾ
ਮਾਰਿਆ ਹਾਅ ਦਾ ਨਾਅਰਾ
ਕਿਉਂ ਸੂਬਿਆ ਤੂੰ ਜ਼ੁਲਮ ਕਮਾਉਨੈਂ
ਬੱਚਿਆਂ ਉੱਤੇ ਭਾਰਾ
ਸੁੱਚਾ ਨੰਦ ਨੇ ਸੂਬੇ ਨੂੰ ਫਿਰ
ਦਿੱਤਾ ਸੀ ਭੜਕਾ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ...।

ਜਿਉਂਦੇ ਕੰਧ 'ਚ ਚਿਣੇ ਜਾਣ ਦਾ
ਕਾਜ਼ੀ ਫ਼ਤਵਾ ਲਾਇਆ
ਦਸਮੇਸ਼ ਪਿਤਾ ਦੇ ਲਾਲਾਂ ਨੇ ਅੱਜ
ਧਰਮ ਹੈ ਰੱਖ ਵਿਖਾਇਆ
ਨਿੱਕੀਆਂ ਜਿੰਦਾਂ ਵੱਡੇ ਸਾਕੇ
ਗਏ ਮਲਕੀਤ ਵਿਖਾ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ
ਠੰਡੀ ਵਗੇ ਹਵਾ।

ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225



## ਸ੍ਰੀ ਗੁਰੂ ਨਾਨਕ ਦੇਵ ਜੀ

ਸੱਚ ਦਾ ਸੂਰਜ ਬਣ ਆਏ ਧਰਤੀ 'ਤੇ, ਕੀਤਾ ਦੂਰ ਆਣ
ਕੇ ਹਨੇਰਾ ਅਗਿਆਨ ਜੀ।
ਚਲਦੇ ਸੀ ਪਾਪ ਝੂਠ ਲੱਖਾਂ ਇਸ ਧਰਤੀ 'ਤੇ, ਚੋਰੀ ਯਾਰੀ
ਠੱਗੀਆਂ ਨਾਲ ਭਰਿਆ ਜਹਾਨ ਜੀ।
ਰਾਜੇ ਸੀ ਕਮਾਉਂਦੇ ਪਾਪ ਕਰਦੇ ਸੀ ਦੁਖੀ ਬੜਾ, ਪਰਜਾ
ਵੀ ਅੰਧੀ ਹੋਈ ਫਿਰੇ ਅਨਜਾਨ ਜੀ।
ਕਾਮ ਤੇ ਕ੍ਰੋਧ ਲੋਭ ਮੋਹ ਵਾਲਾ ਬੋਲ ਵਾਲਾ, ਹਉਮੈ
ਹੰਕਾਰ ਵਾਲਾ ਚੱਲਦਾ ਸੀ ਮਾਨ ਜੀ।
ਧਰਮ ਦੇ ਨਾਂ 'ਤੇ ਸਨ ਲੁੱਟਦੇ ਜੋ ਧਰਮੀ ਸੀ, ਧਾਰਮਿਕ
ਸਥਾਨਾਂ 'ਤੇ ਚੱਲਦੀ ਸੀ ਕਿਰਪਾਨ ਜੀ।
ਜਾਤਾਂ ਵਾਲਾ ਬੋਲ ਵਾਲਾ ਹੱਦੋਂ ਵੱਧ ਵਧਿਆ ਸੀ, ਊਚ
ਨੀਚ ਲੋਕਾਂ ਵਿਚ ਬੜੀ ਹੀ ਮਹਾਨ ਜੀ।
ਇਸਤਰੀ ਤੇ ਪੁਰਖ ਨਾ ਸੁਣਨ ਦਾ ਸੀ ਕਿਸੇ ਦੀ ਕੋਈ,
ਆਪੋ ਧਾਪੀ ਹੋਇ ਸਭ ਭੁੱਲ ਸਨਮਾਨ ਜੀ।
ਮਾੜੇ ਦਾ ਤਾਂ ਹੱਕ ਇਥੇ ਸਾਰੇ ਹੀ ਸੀ ਖਾਈ ਜਾਂਦੇ,
ਤਕੜੇ ਦੇ ਅੱਗੇ ਸਾਰਾ ਝੁਕਦਾ ਜਹਾਨ ਜੀ।
ਹੱਦੋਂ ਬਾਅਦ ਪਾਪ ਹੋਏ ਜਦੋਂ ਇਸ ਧਰਤੀ 'ਤੇ, ਕਰੇ
ਅਰਦਾਸ ਫਿਰ ਦੋਵੇਂ ਜੋੜ ਪਾਨ ਜੀ।
ਸੁਣੋ ਅਰਦਾਸ ਮੇਰੀ ਕਰਦੀਆਂ ਦੁਖੀ ਹੋਈ, ਭੇਜੋ ਕੋਈ
ਧਰਤੀ 'ਤੇ ਰੱਬੀ ਇਨਸਾਨ ਜੀ।
ਆਪ ਨਰਾਇਣ ਕਲਾਧਾਰ ਆਏ ਫਿਰ ਧਰਤੀ 'ਤੇ,
ਨਾਨਕ ਸਰੂਪ ਖ਼ੁਦ ਆਪ ਭਗਵਾਨ ਜੀ।
ਕੱਟ ਦਿੱਤੇ ਪਾਪ, ਦੁੱਖ ਤੇ ਕਲੇਸ਼ ਸਭੇ, ਸ਼ਬਦ ਗੁਰੂ ਦੇ
ਵਾਲਾ ਵੰਡ ਕੇ ਗਿਆਨ ਜੀ।
ਧੰਨ ਗੁਰੂ ਨਾਨਕ ਰੂਪ ਤੂੰ ਅਕਾਲ ਵਾਲਾ, ਤੇਰੇ ਵਿਚ
ਜੁੜੇ ਸਦਾ "ਫਰਵਾਹੀ" ਦਾ ਧਿਆਨ ਜੀ।

-ਗਿਆਨੀ ਸਤਪਾਲ ਸਿੰਘ ਫਰਵਾਹੀ
98147-32793

## ਕਵਿਤਾ

ਭੁੱਖ ਵਿਚ ਜੰਮੇਂ, ਭੁੱਖ ਵਿਚ ਮਾਰ ਕੇ
ਜੇਠ 'ਚ ਤਪਾ ਕੇ, ਪੋਹ ਵਿਚ ਠਾਰ ਕੇ

ਮਿਲਦਾ ਕੀ ਰੱਬਾ, ਦੱਸਣਾ ਹਜ਼ੂਰ ਜੀ
ਸਾਡੀ ਵੀ ਗਰੀਬੀ, ਕਦੇ ਕਰੋ ਦੂਰ ਜੀ।

ਦਿਨ ਚਿੱਟਾ ਜਾਪੇ, ਮੱਸਿਆ ਦੀ ਰਾਤ ਹੈ
ਲੱਗਦੀ ਵਿਰੋਧੀ, ਸਾਰੀ ਕਾਇਨਾਤ ਹੈ
ਡੁੱਬਿਆ ਸਿਤਾਰਾ, ਲੱਗਦੈ ਜ਼ਰੂਰ ਜੀ
ਸਾਡੀ ਵੀ ਗਰੀਬੀ, ਕਦੇ ਕਰੋ ਦੂਰ ਜੀ।

ਨਿੱਕੇ ਨਿੱਕੇ ਬਾਲ, ਸੜਕਾਂ 'ਤੇ ਰੋਲ ਨਾ
ਫੁੱਲਾਂ ਜੇਹੀ ਜਿੰਦ, ਕੰਡਿਆਂ 'ਚ ਤੋਲ ਨਾ
ਹੋ ਗਿਆ ਗੁਨਾਹ, ਐਡਾ ਕੀ ਕਸੂਰ ਜੀ
ਸਾਡੀ ਵੀ ਗਰੀਬੀ, ਕਦੇ ਕਰੋ ਦੂਰ ਜੀ।

ਕੰਧ ਵਾਲੀ ਘੜੀ, ਸਮਾਂ ਬੁਰਾ ਦੱਸਦੀ
ਨਿੱਕੀ ਵੱਡੀ ਸੂਈ, ਸਾਡੇ ਉੱਤੇ ਹੱਸਦੀ
ਵੇਖਦੀ ਹਮੇਸ਼ਾਂ, ਸਾਨੂੰ ਘੂਰ ਘੂਰ ਜੀ
ਸਾਡੀ ਵੀ ਗਰੀਬੀ, ਕਦੇ ਕਰੋ ਦੂਰ ਜੀ।

ਜ਼ਿੰਦਗੀ ਦੀ ਵਾਟ, ਦੁੱਖਾਂ ਵਿਚ ਕੱਟ ਕੇ
ਲੜ ਕੇ ਮੁਸੀਬਤਾਂ, ਦੇ ਨਾਲ ਡੱਟ ਕੇ
ਝੰਬਿਆ ਸਰੀਰ, ਹੋਇਆ ਚੂਰ ਚੂਰ ਜੀ
ਸਾਡੀ ਵੀ ਗਰੀਬੀ, ਕਦੇ ਕਰੋ ਦੂਰ ਜੀ।

ਵੇਲਾ ਹੋਵੇ ਸ਼ਾਮ, ਹੋਵੇ ਜਾਂ ਸਵੇਰ ਜੀ
ਦੁੱਖਾਂ ਵਾਲਾ ਤਾਂ ਨਾ, ਮਿਟਦਾ ਹਨੇਰ ਜੀ
ਝੜੀ ਪਰੇਸ਼ਾਨੀ ਦੀ, ਉਡਾਵੇ ਨੂਰ ਜੀ
ਸਾਡੀ ਵੀ ਗਰੀਬੀ, ਕਦੇ ਕਰੋ ਦੂਰ ਜੀ।

ਹੋਲੀ ਤੇ ਦੀਵਾਲੀ, ਫਿੱਕੀ ਫਿੱਕੀ ਲੱਗਦੀ
ਖਾਲੀ ਹੱਥ ਲੋਹੜੀ, ਲੱਗੇ ਲਾਟ ਅੱਗ ਦੀ
ਲੰਘਦੇ ਤਿਓਹਾਰ, ਸਭ ਝੂਰ ਝੂਰ ਜੀ
ਸਾਡੀ ਵੀ ਗਰੀਬੀ, ਕਦੇ ਕਰੋ ਦੂਰ ਜੀ।

ਭਾਵੇਂ ਹਾਂ ਗਰੀਬ, ਅਣਖਾਂ ਨਾ ਛੱਡਦੇ
ਰੋਟੀ ਮਿਲੇ ਅੱਧੀ, ਹੱਥ ਨਹੀਂਓਂ ਅੱਡਦੇ
ਮੰਗ ਖਾਣ ਲਈ, ਕਰੀਂ ਨਾ ਮਜਬੂਰ ਜੀ
ਸਾਡੀ ਵੀ ਗਰੀਬੀ, ਕਦੇ ਕਰੋ ਦੂਰ ਜੀ।

ਨਿਰਮਲ ਸਿੰਘ ਰੱਤਾ
84270-07623

## ਸ਼ਿਕਰਾ ਯਾਰ

ਯਾਰ ਸ਼ਿਕਰੇ ਵਾਂਗ ਨਾ ਪਿਆਰ ਕਰਨਾ
ਮੇਰਾ ਦਿਲ ਤੇ ਜਿਸਮ ਕੁਰਬਾਨ ਜਾਨੇ

ਇਕ ਮੋਹ ਭਰੀ ਨਜ਼ਰ ਨਾਲ ਤੱਕ ਲੈਣਾ
ਮੇਰੇ ਲਈ ਖੁਸ਼ੀਆਂ ਦੇ ਅੰਬਾਰ ਜਾਨੇ

ਤੇਰੀ ਰਜ਼ਾ ਸਦਕੇ ਮੈਂ ਜਿਉਂਦਾ ਹਾਂ
ਬਿਨਾ ਇਸਦੇ ਨਾ ਮੇਰੇ 'ਚ ਸਾਹ ਜਾਨੇ

ਮਿਲ ਕੇ ਜੋ ਰਾਹਾਂ ਮਹਿਕਾਈਆਂ ਹਨ
ਕਦੇ ਬਦਲ ਨਾ ਉਹ ਰਾਹ ਜਾਨੇ

ਫੁੱਲ ਬਣ ਕੇ ਰਹਾਂਗਾ ਉਮਰ ਸਾਰੀ
ਖੁਸ਼ਬੂ ਦੇ ਧਾਲੀਵਾਲ ਨੂੰ ਅਥਾਹ ਜਾਂਦੇ

-ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ
ਚੰਡੀਗੜ੍ਹ
ਮੋ : 78374-90309





RE/MAX
RE/MAX
Outstanding Agents
Outstanding Results®
DRE Lic. # 01215931 (Broker)

Gurjatinder S. Randhawa
REALTOR CA DRE licence # 01490567



FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa
916-320-9444

Gurjatinder S. Randhawa
REALTOR CA DRE licence # 01490567

web: www.RealtorRandhawa.com

garysingh123@yahoo.com